Punjabi Parwaz

# ਪੰਜਾਬੀ ਪਰਵਾਜ਼

ਅੰਕ 54ਵਾਂ (ਸ਼ਿਕਾਗੋ): 7 ਜੂਨ ਤੋਂ 20 ਜੂਨ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਕੈਨੇਡਾ ਵਿੱਚ ਹੋ ਰਹੇ ਜੀ-7 ਸੰਮੇਲਨ ਵਿੱਚ ਭਾਰਤ ਨੂੰ ਸੱਦਾ ਨਹੀਂ

ਇਸੇ ਮਹੀਨੇ ਦੇ ਪਿਛਲੇ ਅੱਧ ਵਿੱਚ ਕੈਨੇਡਾ ਵਿੱਚ ਹੋ ਰਹੇ ਜੀ-7 ਸੰਮੇਲਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਨਹੀਂ ਦਿੱਤਾ ਗਿਆ ਹੈ। ਇਹ ਸੰਮੇਲਨ ਕੈਨੇਡਾ ਕਨਾਂਸਕਸ ਵਿੱਚ 15 ਤੋਂ 17 ਜੂਨ ਤੱਕ ਆਯੋਜਤ ਕੀਤਾ ਜਾ ਰਿਹਾ ਹੈ। ਯਾਦ ਰਹੇ, 2019 ਤੋਂ ਲੈ ਕੇ ਪਿਛਲੇ ਸੰਮੇਲਨ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੀ-7 ਸੰਮੇਲਨਾਂ ਵਿੱਚ ਮਹਿਮਾਨ ਮੁਲਕ ਵਜੋਂ ਲਗਾਤਾਰ ਬੁਲਾਇਆ ਜਾਂਦਾ ਰਿਹਾ ਹੈ। ਇਸ ਵਾਰ ਕੈਨੇਡੀਅਨ ਵਿਦੇਸ਼ ਵਿਭਾਗ ਇਸ ਮਸਲੇ ਨੂੰ ਲੈ ਕੇ ਚੁੱਪ ਹੈ ਅਤੇ ਭਾਰਤ ਨੇ ਵੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੂੰ ਜੀ-7 ਸੰਮੇਲਨ ਵਿੱਚ ਸ਼ਾਮਲ ਹੋਣ ਲਈ ਹਾਲੇ ਸੱਦਾ ਨਹੀਂ ਮਿਲਿਆ ਹੈ। ਇਸ ਦੌਰਾਨ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਭਾਰਤ ਨੂੰ ਜੀ-7 ਸੰਮੇਲਨ ਵਿੱਚ ਨਾ ਸੱਦਿਆ ਜਾਣਾ ਮੌਜੂਦਾ ਸਰਕਾਰ ਦੀ ਵਿਦੇਸ਼ ਨੀਤੀ ਦੀ ਇੱਕ ਹੋਰ ਅਸਫਲਤਾ ਹੈ।

ਯਾਦ ਰਹੇ, ਕੈਨੇਡਾ ਸਿੱਖ ਫੈਡਰੇਸ਼ਨ ਅਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਇਹ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਕੁਝ ਸਿੱਖ ਆਗੂਆਂ ਦੇ ਕਤਲ ਕੇਸਾਂ ਵਿੱਚ ਜਿੰਨਾ ਚਿਰ ਜਾਂਚ ਜਾਂ ਮੁਕੱਦਮੇ ਚੱਲ ਰਹੇ ਹਨ, ਭਾਰਤੀ ਆਗੂਆਂ ਨੂੰ ਕਿਸੇ ਸੰਮੇਲਨ ਜਾਂ ਸਮਾਗਮ ਵਿੱਚ ਨਾ ਬੁਲਾਇਆ ਜਾਵੇ। ਉਧਰ ਭਾਰਤੀ ਸੂਤਰਾਂ ਨੇ ਵੀ ਸਪਸ਼ਟ ਕੀਤਾ ਹੈ ਕਿ ਲੇਟ ਭੇਜੇ ਜਾਣ ਵਾਲੇ ਸੱਦੇ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਭਾਰਤੀ ਵਿਦੇਸ਼ ਵਿਭਾਗ ਦਾ ਆਖਣਾ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਆਪਸੀ ਰਿਸ਼ਤੇ ਸੁਧਾਰਨ ਦੀ ਦਿਸ਼ਾ ਵਿੱਚ ਹਾਲੇ ਹੋਰ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ। ਭਾਰਤੀ ਵਿਦੇਸ਼ ਵਿਭਾਗ ਦੇ

⇒ ਬਾਕੀ ਸਫਾ 5 ਉਤੇ ਪੜ੍ਹੋ

### ਸਿੱਖ ਮਸਲੇ ਅਤੇ ਵਿਵਾਦ-ਦਰ-ਵਿਵਾਦ

# ਸਿੱਖ ਰਾਜਨੀਤਿਕ ਹੋਣੀ ਨੂੰ ਸੰਬੋਧਨ ਹੋਣ ਤੋਂ ਭਟਕਾਉਣ ਦੀਆਂ ਚਾਲਾਂ

ਪੰਜਾਬੀ ਪਰਵਾਜ਼ ਬਿਊਰੋ

ਇੱਕ ਪਾਸੇ ਤਾਂ ਜੂਨ 1984 ਵਿੱਚ ਵਾਪਰੇ ਘੱਲੂਘਾਰਾ ਦਿਵਸ ਦੀ ਯਾਦ ਵਿੱਚ ਜੂਨ ਮਹੀਨੇ ਦੇ ਮੁਢਲੇ ਦਿਨ ਪੂਰੇ ਸਿੱਖ ਭਾਈਚਾਰੇ ਲਈ ਸੋਗਮਈ ਯਾਦਾਂ ਵਿੱਚ ਡੁੱਬੇ ਹੋਏ ਹਨ, ਸਿੱਖ ਅਵਾਮ ਇਸ ਪੀੜ ਨੂੰ ਸਮੂਹਿਕ ਰੂਪ ਵਿੱਚ ਮਹਿਸੂਸ ਕਰਦਾ ਹੈ; ਪਰ ਜਿਸ ਅਦਬ ਨਾਲ ਇਨ੍ਹਾਂ ਦਿਨਾਂ ਵਿੱਚ ਸਿੱਖ ਲੀਡਰਸ਼ਿਪ ਨੂੰ ਵਿਚਰਨਾ ਚਾਹੀਦਾ ਹੈ ਅਤੇ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ, ਉਹ ਇਸ 'ਤੇ ਖਰੀ ਨਹੀਂ ਉਤਰ ਰਹੀ। ਸਿੱਖ ਲੀਡਰਸ਼ਿਪ ਸਗੋਂ ਵਿਵਾਦ-ਦਰ-ਵਿਵਾਦ ਵਿੱਚ ਉਲਝਦੀ ਜਾ ਰਹੀ ਹੈ।

ਬੀਤੇ ਦਿਨੀਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ, ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਅਤੇ ਹੋਰ ਸਿੰਘਾਂ ਵੱਲੋਂ ਤਖਤ ਸ੍ਰੀ ਪਟਨਾ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤੇ ਗਏ ਇੱਕ ਸ਼ਖਸ ਨੂੰ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਤਨਖਾਹ ਲਗਾਏ ਬਿਨਾ ਮੁਆਫ ਕਰ ਦਿੱਤਾ ਗਿਆ। ਰਣਜੀਤ ਸਿੰਘ ਗੋਹਰੇ ਮਸਕੀਨ ਨਾਂ ਦੇ ਇਸ ਵਿਅਕਤੀ ਨੂੰ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕਿਸੇ ਵਿੱਤੀ ਮਾਮਲੇ ਵਿੱਚ ਤਨਖਾਹੀਆ ਕਰਾਰਾ ਦਿੱਤਾ ਗਿਆ ਸੀ। ਇਹ ਅਸਲ ਵਿੱਚ ਉਥੋਂ ਦਾ ਸਥਾਨਕ ਮਾਮਲਾ ਸੀ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ 'ਤੇ ਹੀ ਪੇਸ਼ ਹੋ ਕੇ ਵੀ ਖ਼ਤਮ ਹੋ ਸਕਦਾ ਸੀ। ਅਕਾਲ ਤਖਤ ਸਾਹਿਬ ਦੇ ਨਵੇਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਉਨ੍ਹਾਂ ਨੂੰ ਬਿਨਾ ਕਿਸੇ ਤਨਖਾਹ



ਜਥੇਦਾਰ ਕੁਲਦੀਪ ਸਿੰਘ ਗੜਗੱਜ

ਲਵਾਏ ਹੀ ਮੁਆਫ ਕਰ ਦਿੱਤਾ ਗਿਆ। ਇਸ ਕਾਰਵਾਈ ਨੂੰ ਤਖਤ ਸ੍ਰੀ ਪਟਨਾ ਸਾਹਿਬ ਵੱਲੋਂ ਮਰਿਆਦਾ ਦੀ ਉਲੰਘਣਾ ਦੱਸ ਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਟੇਕ ਸਿੰਘ ਧਨੌਲਾ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ। ਇਸ ਸੰਬੰਧ ਵਿੱਚ ਇੱਕ ਨਵਾਂ ਵਿਵਾਦ ਇਹ ਖੜ੍ਹਾ ਹੋ ਗਿਆ ਹੈ ਕਿ ਕੀ ਇੱਕ ਤਨਖਾਹੀਆ ਕਰਾਰ ਦਿੱਤਾ ਗਿਆ ਜਥੇਦਾਰ, ਭਾਵੇਂ ਉਹ ਅਕਾਲ ਤਖਤ ਸਾਹਿਬ ਦਾ ਜਥੇਦਾਰ ਹੀ ਕਿਉਂ ਨਾ ਹੋਵੇ, 6 ਜੂਨ ਨੂੰ ਘਲੂਘਾਰਾ ਦਿਵਸ ਵਾਲੇ ਸਮਾਗਮ ਵਿੱਚ ਸਿੱਖ ਪੰਥ ਨੂੰ ਸੰਦੇਸ਼ ਦੇ ਸਕਦਾ ਹੈ ਜਾਂ ਨਹੀਂ? ਉਂਝ ਅਕਾਲ ਤਖਤ ਸਾਹਿਬ ਦੀ ਮਰਿਆਦਾ ਇਹ ਹੈ ਕਿ ਪਤਿਤ ਅਤੇ ਤਨਖਾਹੀਏ ਵਿਅਕਤੀ ਦੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਨਹੀਂ ਹੋ ਸਕਦੀ।

ਕੁਦਰਤੀ ਹੀ ਬਾਦਲ ਪੱਖੀ ਧਿਰ ਤਾਂ ਇਹੋ ਜ਼ੋਰ ਲਗਾਏਗੀ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਕਾਲ ਤਖਤ ਸਾਹਿਬ ਤੋਂ ਸੰਦੇਸ਼ ਦੇਣ; ਜਦਕਿ ਦੂਜੇ ਪਾਸੇ ਬਹੁਗਿਣਤੀ ਸਿੱਖ ਬੁਧੀਜੀਵੀਆਂ ਸਮੇਤ ਦਮਦਮੀ ਟਕਸਾਲ ਦੇ ਆਗੂ ਹਰਨਾਮ ਸਿੰਘ ਧੁੰਮਾ, ਨਿਹੰਗ ਸਿੰਘ ਜਥੇਬੰਦੀਆਂ ਅਤੇ ਬਹੁਤ ਸਾਰੇ ਸਾਧੂ ਸੰਤ ਤੇ ਉਨ੍ਹਾਂ ਨਾਲ ਜੁੜੇ ਹੋਰ ਆਗੂ ਇਸ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਕੁਲਦੀਪ ਸਿੰਘ ਗੜਗੱਜ ਕਿਉਂਕਿ ਸਰਬ ਪ੍ਰਵਾਨਤ ਜਥੇਦਾਰ ਨਹੀਂ ਹਨ, ਇਸ ਲਈ 6 ਜੂਨ ਦੇ ਸਮਾਗਮ ਵੇਲੇ ਉਹ ਸਿੱਖ ਪੰਥ ਨੂੰ ਸੰਦੇਸ਼ ਨਹੀਂ ਦੇ ਸਕਦੇ।

ਯਾਦ ਰਹੇ, ਸੌਦਾ ਸਾਧ ਨੂੰ ਬੇਅਦਬੀਆਂ ਦੇ ਮਾਮਲੇ ਵਿੱਚ ਅਕਾਲ ਤਖਤ ਤੋਂ ਮੁਆਫੀ ਦੁਆਉਣ ਦੇ ਮਾਮਲੇ ਵਿੱਚ ਪਿਛਲੇ ਸਾਲ 2 ਦਸੰਬਰ ਨੂੰ ਅਕਾਲ ਤਖਤ ਤੋਂ ਸੁਖਬੀਰ ਸਿੰਘ ਬਦਲ ਸਮੇਤ ਸਮੁੱਚੀ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਤਨਖਾਹ ਲਗਾਈ ਗਈ ਸੀ। ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲ ਤਖਤ ਸਾਹਿਬ ਤੋਂ ਲਗਾਈ ਗਈ ਸਜ਼ਾ ਦੇ ਰਾਜਨੀਤਿਕ ਪੱਖ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਹ ਮਾਮਲਾ ਹਾਲੇ ਵੀ ਵਿਵਾਦਾਂ ਹੇਠ ਹੈ। ਬਾਦਲ ਧੜੇ ਨੇ ਅਕਾਲ ਤਖਤ ਸਾਹਿਬ ਵੱਲੋਂ ਨਿਯੁਕਤ ਕੀਤੀ ਗਈ ਨਵੀਂ ਭਰਤੀ ਕਮੇਟੀ ਨੂੰ ਨਾ ਤੇ ਮਾਨਤਾ ਦਿੱਤੀ ਅਤੇ ਨਾ ਹੀ ਸਵੀਕਾਰ ਕੀਤਾ। ਇਹ ਕਮੇਟੀ ਹੁਣ ਅਕਾਲੀ ਦਲ ਦੀ

⇒ ਬਾਕੀ ਸਫਾ 5 ਉਤੇ ਪੜ੍ਹੋ










# ਗਹਿਗੱਚ ਹੋਵੇਗਾ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦਾ ਮੁਕਾਬਲਾ

**ਜਸਵੀਰ ਸਿੰਘ ਮਾਂਗਟ**

***ਅਕਾਲੀਆਂ ਦੀ ਹਾਲਤ ਪਤਲੀ     *ਕਾਂਗਰਸ ਵਿਚਲੀ ਪਾਟੋਧਾੜ ਹੋਵੇਗੀ ਨੁਕਸਾਨ ਦੇਹ***

ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ 19 ਜੂਨ ਨੂੰ ਹੋਣੀ ਤੈਅ ਹੋਈ ਹੈ। ਵੋਟਾਂ ਦੀ ਗਿਣਤੀ 23 ਜੂਨ ਨੂੰ ਹੋਵੇਗੀ। ਇਸ ਚੋਣ ਲਈ ਹੁਣ ਤਕਰੀਬਨ ਸਾਰੀਆਂ ਪ੍ਰਮੁੱਖ ਪਾਰਟੀਆਂ ਨੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਤਾਂ ਪਹਿਲਾਂ ਹੀ ਆਪੋ-ਆਪਣੇ ਉਮੀਦਵਾਰ ਐਲਾਨ ਦਿੱਤੇ ਸਨ, ਹੁਣ ਭਾਜਪਾ ਵੱਲੋਂ ਵੀ ਆਪਣਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਭਾਜਪਾ ਵੱਲੋਂ ਆਰ.ਐਸ.ਐਸ. ਅਤੇ ਭਗਵਾ ਸਫਾਂ ਨਾਲ ਦੇਰ ਤੋਂ ਜੁੜੇ ਰਹੇ ਜੀਵਨ ਗੁਪਤਾ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ। ਯਾਦ ਰਹੇ, ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਆਗੂ ਗੁਰਪ੍ਰੀਤ ਸਿੰਘ ਗੋਗੀ ਇਸ ਸੀਟ ਤੋਂ ਜਿੱਤੇ ਸਨ, ਪਰ ਉਨ੍ਹਾਂ ਦੀ ਮੌਤ ਹੋ ਜਾਣ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ। ਲੁਧਿਆਣਾ ਪੱਛਮੀ ਦੇ ਇਸ ਹਲਕੇ ਵਿੱਚ ਤਕਰੀਬਨ 80 ਫੀਸਦੀ ਵੱਸੋਂ ਹਿੰਦੂ ਭਾਈਚਾਰੇ ਦੀ ਹੈ।

ਜ਼ਿਕਰਯੋਗ ਹੈ ਕਿ ਜੀਵਨ ਗੁਪਤਾ ਭਾਜਪਾ ਦੀਆਂ ਸਰਗਰਮ ਸਿਆਸੀ ਸਫਾਂ ਵਿੱਚ ਜਾਣਿਆ-ਪਛਾਣਿਆ ਚਿਹਰਾ ਹਨ, ਪਰ ਚੋਣ ਉਹ ਪਹਿਲੀ ਵਾਰ ਲੜ ਰਹੇ ਹਨ। ਜੀਵਨ ਗੁਪਤਾ ਪੰਜਾਬ ਭਾਜਪਾ ਦੇ ਉੱਪ ਪ੍ਰਧਾਨ, ਜਨਰਲ ਸਕੱਤਰ ਅਤੇ ਸਕੱਤਰ ਰਹਿ ਚੁੱਕੇ ਹਨ। ਉਨ੍ਹਾਂ ਆਪਣੀ ਉਮੀਦਵਾਰੀ ਐਲਾਨੇ ਜਾਣ ਤੋਂ ਪਿੱਛੋਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਇਸ ਚੋਣ ਨੂੰ ਚੁਣੌਤੀ ਵਜੋਂ ਲੈ ਰਹੀ ਹੈ। ਇਸ ਚੋਣ ਦੇ ਨਤੀਜੇ ਦਾ 18 ਮਹੀਨੇ ਬਾਅਦ ਹੋਣ ਵਾਲੀਆਂ ਪੰਜਾਬ ਦੀਆਂ ਅਸੈਂਬਲੀ ਚੋਣਾਂ 'ਤੇ ਵੱਡਾ ਪ੍ਰਭਾਵ ਪੈਣ ਵਾਲਾ ਹੈ। ਇਸ ਲਈ ਪਾਰਟੀ ਵੱਲੋਂ ਉਮੀਦਵਾਰ ਦੀ ਸਿਲੈਕਸ਼ਨ ਇੱਕ ਬਾਕਾਇਦਾ ਯੋਜਨਾਬੱਧ ਅਮਲ ਤਹਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੈਂਡੀਡੇਟ ਦੀ ਸਿਲੈਕਸ਼ਨ ਲਈ ਲੀਡਰਸ਼ਿੱਪ ਕੋਲ 29 ਅਰਜ਼ੀਆਂ ਆਈਆਂ ਸਨ, ਜਿਨ੍ਹਾਂ 'ਤੇ ਵਿਚਾਰ ਵਟਾਂਦਰੇ ਪਿੱਛੋਂ ਉਨ੍ਹਾਂ ਦੀ ਚੋਣ ਕੀਤੀ ਗਈ ਹੈ।

ਭਾਜਪਾ ਵੱਲੋਂ ਜੀਵਨ ਗੁਪਤਾ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਤਕਰੀਬਨ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਦੀ ਸ਼ਾਖ ਦਾਅ 'ਤੇ ਲੱਗ ਗਈ ਹੈ। ਇਹ ਗੱਲ ਭਾਵੇਂ ਪੱਕ ਨਾਲ ਨਹੀਂ ਕਹੀ ਜਾ ਸਕਦੀ ਕਿ ਅਗਲੀਆਂ ਵਿਧਾਨ ਸਭਾ ਚੋਣਾਂ 'ਤੇ ਇਸ ਸੀਟ ਦੇ ਨਤੀਜੇ ਦਾ ਅਸਰ ਪਵੇਗਾ ਜਾਂ ਨਹੀਂ। ਅੱਜ ਦੀ ਘੜੀ ਪੰਜਾਬ ਵਿੱਚ ਕਿਹੜੀ ਸਿਆਸੀ ਪਾਰਟੀ ਕਿੰਨੇ ਪਾਣੀ ਵਿੱਚ ਹੈ, ਇਸ ਦਾ ਅੰਦਾਜ਼ਾ ਵੀ ਲੱਗ ਜਾਵੇਗਾ। ਯਾਦ ਰਹੇ, ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਲਈ ਕਾਂਗਰਸ ਪਾਰਟੀ ਨੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਅਤੇ ਆਮ ਆਦਮੀ ਪਾਰਟੀ ਨੇ ਆਪਣੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਇੱਥੋਂ ਉਮੀਦਵਾਰ ਐਲਾਨਿਆ ਹੈ। 'ਆਪ' ਵੱਲੋਂ ਕਾਫੀ ਸਮਾਂ ਪਹਿਲਾਂ ਇਸ ਚੋਣ ਲਈ ਆਪਣਾ ਉਮੀਦਵਾਰ ਐਲਾਨ ਦਿੱਤਾ ਗਿਆ ਸੀ। ਅਕਾਲੀ ਦਲ (ਬਾਦਲ) ਵੱਲੋਂ ਵੀ ਇੱਕ ਨਵੇਂ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦਾ ਨਾਂ ਐਲਾਨਿਆ ਗਿਆ ਹੈ। ਉਹ ਵੀ ਆਪਣੀ ਪਹਿਲੀ ਚੋਣ ਲੜ ਰਹੇ ਹਨ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਲਗਾਈ ਗਈ ਸਜ਼ਾ ਤੋਂ ਬਾਅਦ ਇਸ ਪਾਰਟੀ ਦੀ ਸਿਹਤ ਵਿੱਚ ਕੋਈ ਸੁਧਾਰ ਹੋਇਆ ਹੈ ਜਾਂ ਨਹੀਂ, ਇਹ ਚੋਣ ਨਤੀਜਾ ਇਸ ਗੱਲ ਦੀ ਸੂਹ ਵੀ ਦੇਵੇਗਾ।

ਜੇ ਪਿਛਲੇ ਕੁਝ ਸਾਲਾਂ ਵਿੱਚ ਇਸ ਸੀਟ ਤੋਂ ਹੋਈਆਂ ਚੋਣਾਂ 'ਤੇ ਇੱਕ ਤਰਵੀਂ ਜਿਹੀ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ 2024 ਦੀ ਲੋਕ ਸਭਾ ਚੋਣ ਵਿੱਚ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ ਇਸ ਹਲਕੇ ਤੋਂ ਸਭ ਤੋਂ ਵੱਧ (45,424) ਵੋਟਾਂ ਪਈਆਂ ਸਨ; ਜਦਕਿ ਕਿ ਕਾਂਗਰਸ ਪਾਰਟੀ ਦੇ ਲੋਕ ਸਭਾ ਵਿੱਚ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 30,889 ਵੋਟਾਂ ਪਈਆਂ ਸਨ। ਲੋਕ ਸਭਾ ਚੋਣ ਵਿੱਚ 'ਆਪ' ਅਤੇ ਅਕਾਲੀ ਉਮੀਦਵਾਰ ਕਾਫੀ ਪਛੜ ਗਏ ਸਨ। 2022 ਦੀਆਂ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿੱਚ 'ਆਪ' ਦੇ ਉਮੀਦਵਾਰ ਗੁਰਪ੍ਰੀਤ ਸਿੰਘ ਗੋਗੀ 40,000 ਤੋਂ ਵੱਧ ਵੋਟਾਂ ਲੈ ਕੇ ਜਿੱਤੇ ਸਨ। ਕਾਂਗਰਸ ਪਾਰਟੀ ਦੇ ਆਸ਼ੂ ਨੂੰ 32,931 ਵੋਟਾਂ ਮਿਲੀਆਂ ਸਨ। ਭਾਜਪਾ ਦਾ ਉਮੀਦਵਾਰ ਇਨ੍ਹਾਂ ਚੋਣਾਂ ਵਿੱਚ ਤੀਜੇ ਨੰਬਰ 'ਤੇ ਰਿਹਾ ਸੀ। ਉਸ ਨੂੰ 28,107 ਵੋਟਾਂ ਪ੍ਰਾਪਤ ਹੋਈਆਂ ਸਨ।

ਅਕਾਲੀ ਦਲ ਵੱਲੋਂ ਲੁਧਿਆਣਾ ਪੱਛਮੀ ਦੀ ਸੀਟ 1997 ਅਤੇ 2007 ਵਿੱਚ, ਦੋ ਵਾਰ ਜਿੱਤੀ ਗਈ ਹੈ; ਪਰ ਦੋਨੋਂ ਵਾਰ ਅਕਾਲੀ-ਭਾਜਪਾ ਗਠਜੋੜ ਮੌਜੂਦ ਸੀ। ਹੁਣ ਸਥਿਤੀ ਇਸ ਪੱਖੋਂ ਬਦਲ ਗਈ ਹੈ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਖੋ-ਵੱਖ ਇਸ ਸੀਟ 'ਤੇ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਸ ਸੀਟ ਨੂੰ ਜਿੱਤਣ ਲਈ 'ਆਪ' ਅਤੇ ਭਾਜਪਾ ਅੱਡੀ ਚੋਟੀ ਦਾ ਜ਼ੋਰ ਲਾਉਣਗੇ, ਉਥੇ ਕਾਂਗਰਸ ਪਾਰਟੀ ਲਾਹੇਵੰਦ ਸਥਿਤੀ ਵਿੱਚ ਹੋਣ ਦੇ ਬਾਵਜੂਦ ਆਪਣੀ ਅੰਦਰੂਨੀ ਦੁਫੇੜ ਨਾਲ ਜੂਝ ਰਹੀ ਹੈ। ਖਾਸ ਕਰਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਦੀ ਭਾਰਤ ਭੂਸ਼ਨ ਆਸ਼ੂ ਨਾਲ ਅਣਬਣ ਚਰਚਾ ਦਾ ਵਿਸ਼ਾ ਹੈ। ਉਂਜ ਪਾਰਟੀ ਹਾਈਕਮਾਂਡ ਪੰਜਾਬ ਦੇ ਕਾਂਗਰਸੀਆਂ ਅੰਦਰ ਆਪਸੀ ਸਹਿਚਾਰ ਬਣਾਉਣ ਦੇ ਯਤਨ ਕਰ ਰਹੀ ਹੈ। ਭ੍ਰਿਸ਼ਟਾਚਾਰ ਦੇ ਦੋਸ਼ਾਂ ਅਧੀਨ ਜੇਲ੍ਹ ਵਿੱਚ ਰਹਿਣ ਦੇ ਬਾਵਜੂਦ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਲੁਧਿਆਣਾ ਪੱਛਮੀ ਵਿੱਚ ਵੱਡੇ ਜਨਤਕ ਆਧਾਰ ਵਾਲੇ ਉਮੀਦਵਾਰ ਹਨ। ਆਮ ਆਦਮੀ ਪਾਰਟੀ ਆਪਣੀ ਸਰਕਾਰ ਦੇ ਕਥਿਤ ਇਮਾਨਦਾਰ ਤੇ ਚੰਗੇ ਪ੍ਰਸ਼ਾਸਨਿਕ ਰਿਕਾਰਡ ਨੂੰ ਚੋਣ ਮੁਹਿੰਮ ਲਈ ਮੁੱਖ ਮੁੱਦਾ ਬਣਾਵੇਗੀ ਅਤੇ ਪਾਰਟੀ ਵੱਲੋਂ ਪੰਜਾਬ ਵਿੱਚ ਸੱਤਾ ਦੇ ਸੋਮਿਆਂ ਦੀ ਵਰਤੋਂ ਕਰਨ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਕਿਹਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਸੰਜੀਵ ਅਰੋੜਾ ਨੂੰ ਵਿਧਾਨ ਸਭਾ ਵਿੱਚ ਭੇਜ ਕੇ ਖੁਦ ਆਪ ਜਾਂ ਆਪਣੇ ਕਿਸੇ ਨਜ਼ਦੀਕੀ ਨੂੰ ਰਾਜ ਸਭਾ ਵਿੱਚ ਭੇਜਣ ਦਾ ਯਤਨ ਕਰਨਗੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਮੁਖੀ ਅਰਵਿੰਦ ਕੇਜਰੀਵਾਲ ਬੀਤੇ ਦਿਨੀਂ ਲੁਧਿਆਣਾ ਪੱਛਮੀ ਹਲਕੇ ਦੀ ਇਕ ਗੇੜੀ ਮਾਰ ਵੀ ਗਏ ਹਨ।

ਵੇਖਣ ਨੂੰ ਇਸ ਜ਼ਿਮਨੀ ਚੋਣ ਵਿੱਚ ਮੁਕਾਬਲਾ ਚੌਤਰਫਾ ਲਗਦਾ ਹੈ, ਪਰ ਅਸਲ ਵਿੱਚ ਇੱਥੇ ਕਾਂਗਰਸ, 'ਆਪ' ਅਤੇ ਭਾਜਪਾ ਵਿਚਕਾਰ ਤਿੰਨ ਕੋਣਾ ਮੁਕਾਬਲਾ ਹੀ ਹੋਵੇਗਾ। ਇਨ੍ਹਾਂ ਪਾਰਟੀਆਂ ਵਿਚਕਾਰ ਇਹ ਟੱਕਰ ਗਹਿਗੱਚ ਅਤੇ ਵੱਕਾਰੀ ਹੋਵੇਗੀ। ਜ਼ਿਮਨੀ ਚੋਣਾਂ ਵਿੱਚ ਆਮ ਤੌਰ 'ਤੇ ਸੱਤਾਧਾਰੀ ਪਾਰਟੀ ਲਾਹੇਵੰਦ ਸਥਿਤੀ ਵਿੱਚ ਹੁੰਦੀ ਹੈ। ਉਸ ਕੋਲ ਸਰਕਾਰੀ ਸਾਧਨਾਂ ਨੂੰ ਚੋਣ ਮਹਿੰਮ ਲਈ ਵਰਤਣ ਦੀ ਸਹੂਲਤ ਮੌਜੂਦ ਰਹਿੰਦੀ ਹੈ। ਉਂਝ ਇਸ ਪੱਖੋਂ ਭਾਜਪਾ ਵੀ ਕੇਂਦਰੀ ਸੱਤਾ 'ਤੇ ਕਾਬਜ਼ ਹੋਣ ਕਾਰਨ ਕਮਜ਼ੋਰੀ ਵਾਲੀ ਹਾਲਤ ਵਿੱਚ ਨਹੀਂ ਹੈ, ਪਰ ਰਾਜ ਵਿੱਚ ਸੱਤਾ ਹੋਣ ਕਾਰਨ ਪਹੁੰਚ ਸਥਾਨਕ ਪ੍ਰਸ਼ਾਸਨ ਤੱਕ ਹੋ ਜਾਂਦੀ ਹੈ, ਜਿਹੜਾ ਪੋਲਿੰਗ ਬੂਥ ਦੀ ਪੱਧਰ 'ਤੇ ਰਾਜ ਕਰ ਰਹੀ ਪਾਰਟੀ ਦੇ ਹੱਕ ਵਿੱਚ ਵੋਟਿੰਗ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਂਝ ਆਪਣੀ ਰਾਜਨੀਤਿਕ ਲੋੜ ਵਿੱਚੋਂ ਵੀ ਆਮ ਆਦਮੀ ਪਾਰਟੀ ਇਸ ਸੀਟ ਨੂੰ ਜਿੱਤਣ ਲਈ ਸਾਰਾ ਜ਼ੋਰ ਲਾਵੇਗੀ। ਬੀਤੇ ਕੁਝ ਸਮੇਂ ਤੋਂ ਪੰਜਾਬ ਸਰਕਾਰ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਗਿਏਰ ਵਿੱਚ ਹੈ। ਦਿੱਲੀ ਦੀ ਸੱਤਾ ਇਸ ਪਾਰਟੀ ਤੋਂ ਖੁੱਸ ਗਈ ਹੈ, ਇਸ ਲਈ ਪੰਜਾਬ ਵਿੱਚ ਆਪਣਾ ਕਿਲਾ ਬਚਾਉਣ ਲਈ 'ਆਪ' ਹਰ ਹੀਲਾ ਵਸੀਲਾ ਵਰਤੇਗੀ। ਇਹ ਇਸ ਪਾਰਟੀ ਲਈ ਇਕ ਤਰ੍ਹਾਂ ਨਾਲ ਹੋਂਦ ਦਾ ਸਵਾਲ ਬਣ ਗਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੇ ਦਾਅਵਿਆਂ ਦੇ ਬਾਵਜੂਦ ਲੋਕ ਆਮ ਆਦਮੀ ਪਾਰਟੀ ਦੀ ਸੱਤਾ ਤੋਂ ਬਹੁਤੇ ਖੁਸ਼ ਨਹੀਂ, ਖਾਸ ਕਰਕੇ ਪੇਂਡੂ ਵਰਗ। ਆਪਣੀ ਡਿੱਗ ਰਹੀ ਸ਼ਾਖ ਨੂੰ ਬਚਾਉਣ ਲਈ ਪਾਰਟੀ ਅਤੇ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਵਰਗੀਆਂ ਮੁਹਿੰਮਾਂ ਵਿੱਢ ਰੱਖੀਆਂ ਹਨ। ਇਸ ਮੁਹਿੰਮ ਤਹਿਤ ਕੁਝ ਨਿੱਕੇ ਮੋਟੇ ਨਸ਼ਾ ਤਸਕਰਾਂ ਦੇ ਘਰ ਢਾਹੇ ਹਨ; ਪਰ ਇਸ ਮਸਲੇ ਵਿੱਚ ਫਸਣ ਵਾਲੀਆਂ ਵੱਡੀਆਂ ਮੱਛੀਆਂ ਅਤੇ ਪੁਲਿਸ ਅਫਸਰਾਂ ਵੱਲ ਮੂੰਹ ਨਹੀਂ ਕੀਤਾ। ਅੰਮ੍ਰਿਤਸਰ ਜ਼ਿਲ੍ਹੇ ਦੇ ਕੁਝ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਨੇ ਇਹ ਸੂਹ ਦੇ ਹੀ ਦਿੱਤੀ ਹੈ ਕਿ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਸਿਆਸਤਦਾਨਾਂ, ਪੁਲਿਸ ਅਤੇ ਤਸਕਰਾਂ ਵਿਚਾਲੇ ਇੱਕ ਨਾਪਾਕ ਗੱਠਜੋੜ ਹੈ। ਇਸ ਤੱਥ ਨੂੰ ਖੁਦ ਮੁੱਖ ਮੰਤਰੀ ਭਗਵੰਤ ਮਾਨ ਵੀ ਸਵੀਕਾਰ ਕਰ ਚੁੱਕੇ ਹਨ। ਇਸ ਗੱਠਜੋੜ ਨੂੰ ਤੋੜਨਾ ਆਸਾਨ ਕੰਮ ਨਹੀਂ। ਇਸ ਚੁਣੌਤੀ ਨੂੰ ਨਜਿੱਠਣਾ 'ਆਪ' ਸਰਕਾਰ ਲਈ ਇੱਕ ਵੱਡਾ ਇਮਤਿਹਾਨ ਹੋਵੇਗਾ ਅਤੇ ਇਸ ਦੀ ਸਫਲਤਾ ਜਾਂ ਅਸਫਲਤਾ ਦੇ ਪ੍ਰਭਾਵ ਪਾਰਟੀ ਦੀ ਭਵਿਖੀ ਸਿਆਸਤ 'ਤੇ ਜ਼ਰੂਰ ਪੈਣਗੇ। ਇਹ ਉਂਝ ਰਾਜਨੀਤਿਕ, ਸਮਾਜਕ ਅਤੇ ਮਨੋਵਿਗਿਆਨਕ ਚਿੰਤਕਾਂ ਦੇ ਵਿਚਾਰਨ ਦਾ ਵੀ ਮਸਲਾ ਹੈ ਕਿ ਪੰਜਾਬ 'ਚ ਨਸ਼ਾ ਚਿਰੋਕਣਾ ਸਿਆਸੀ ਮੁੱਦਾ ਬਣ ਜਾਣ ਦੇ ਬਾਵਜੂਦ ਹੱਲ ਨਹੀਂ ਹੋ ਰਿਹਾ। ਪੰਜਾਬ ਦੇ ਪ੍ਰਮੁੱਖ ਮਸਲਿਆਂ ਨੂੰ ਕੋਈ ਵੀ ਸਿਆਸੀ ਪਾਰਟੀ ਹੱਲ ਨਹੀਂ ਕਰ ਪਾ ਰਹੀ। ਕਿਸਾਨਾਂ ਦਾ ਸੰਘਰਸ਼ ਜਾਰੀ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਕਿਸਾਨ ਸੰਘਰਸ਼ ਨਾਲ ਸਿੱਧੇ ਟਕਰਾਅ ਵਿੱਚ ਆ ਰਹੇ ਹਨ। ਇਹ ਪੰਜਾਬ ਦੀ ਵਪਾਰੀ ਕਲਾਸ ਨੂੰ ਖੁਸ਼ ਕਰਨ ਦੀ ਨੀਤੀ ਹੈ। ਲੁਧਿਆਣਾ ਪੱਛਮੀ ਵਿੱਚ ਨਹੀਂ ਤਾਂ 18 ਮਹੀਨੇ ਬਾਅਦ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਇਸ ਦੀ ਕੀਮਤ ਜ਼ਰੂਰ ਤਾਰਨੀ ਪਵੇਗੀ।



# ਯੂਕਰੇਨ ਵੱਲੋਂ ਰੂਸ ਦੇ ਅੰਦਰ ਹਵਾਈ ਟਿਕਾਣਿਆਂ 'ਤੇ ਡਰੋਨ ਹਮਲੇ

ਪੰਜਾਬੀ ਪਰਵਾਜ਼ ਬਿਊਰੋ

## *40 ਲੜਾਕੇ ਹਵਾਈ ਜਹਾਜ਼ ਤਬਾਹ ਕਰਨ ਦਾ ਦਾਅਵਾ *ਹਾਈਟੈਕ ਜੰਗਾਂ ਵੱਲ ਤੁਰ ਰਹੀ ਹੈ ਦੁਨੀਆਂ

ਹਾਈਟੈਕ ਹਥਿਆਰਾਂ ਦੀ ਪੈਦਾਵਾਰ ਅਤੇ ਵਰਤੋਂ ਦੇ ਖੇਤਰ ਵਿੱਚ ਦੁਨੀਆਂ ਬਹੁਤ ਹੀ ਖਤਰਨਾਕ ਪਾਸੇ ਵੱਲ ਵਧ ਰਹੀ ਹੈ। ਕੁਝ ਸਾਲ ਪਹਿਲਾਂ ਅਮਰੀਕਾ ਨੇ ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਸਰਹੱਦੀ ਸੂਬੇ ਵਿੱਚ ਇਸਲਾਮਿਕ ਕੱਟੜਪੰਥੀਆਂ 'ਤੇ ਜੀ.ਪੀ.ਐਸ. ਗਾਈਡਿਡ ਡਰੋਨਾਂ ਨਾਲ ਹਮਲੇ ਕਰਨੇ ਸ਼ੁਰੂ ਕੀਤੇ ਸਨ, ਪਰ ਪਿਛਲੇ ਕੁਝ ਸਾਲਾਂ ਵਿੱਚ ਡਰੋਨ ਨਾਂ ਦਾ ਮਾਨਵ ਰਹਿਤ ਹਵਾਈ ਵਾਹਨ ਬਹੁਤ ਸਾਰੇ ਸਿਵਲ ਅਤੇ ਫੌਜੀ ਮਕਸਦਾਂ ਲਈ ਵਰਤਿਆ ਜਾਣ ਲੱਗਿਆ ਹੈ। ਹੁਣ ਇਰਾਨ, ਤੁਰਕੀ, ਚੀਨ ਅਤੇ ਯੂਕਰੇਨ ਵਰਗੇ ਮੁਲਕ ਵੀ ਇਸ ਦੀ ਫੌਜੀ ਮਕਸਦਾਂ ਲਈ ਵਿਆਪਕ ਪੱਧਰ 'ਤੇ ਪੈਦਾਵਾਰ/ਵਰਤੋਂ ਕਰਨ ਲੱਗੇ ਹਨ। ਯੂਕਰੇਨ ਨੇ ਰੂਸ ਵਰਗੇ ਵੱਡੇ ਮੁਲਕ ਦੇ ਧੁਰ ਅੰਦਰ ਜਾ ਕੇ ਉਨ੍ਹਾਂ ਹਵਾਈ ਟਿਕਾਣਿਆਂ 'ਤੇ ਹਮਲੇ ਕੀਤੇ ਹਨ, ਜਿੱਥੇ ਰੂਸ ਦੇ ਪ੍ਰਮਾਣੂ ਹਥਿਆਰ ਵਰਤਣ ਜਾਂ ਸੁੱਟਣ ਲਈ ਵਰਤੇ ਜਾਣ ਵਾਲੇ ਜੈਟ ਵੀ ਰੱਖੇ ਗਏ ਹਨ।

ਯੂਕਰੇਨ ਦਾ ਦਾਅਵਾ ਹੈ ਕਿ ਮਨੁੱਖ ਰਹਿਤ ਡਰੋਨਾਂ ਰਾਹੀਂ ਕੀਤੇ ਗਏ ਇਸ ਹਮਲੇ ਵਿੱਚ ਰੂਸ ਦੇ ਵੱਖੋ-ਵੱਖਰੀ ਸ਼੍ਰੇਣੀ ਦੇ 40 ਜਹਾਜ਼ ਤਬਾਹ ਕਰ ਦਿੱਤੇ ਗਏ ਹਨ। ਉਂਝ ਰੂਸ ਨੇ ਆਪ ਇਸ ਹਮਲੇ ਦੀ ਤਫਸੀਲ ਵਿੱਚ ਕਿਹਾ ਕਿ ਉਸ ਦੇ ਹਵਾਈ ਟਿਕਾਣਿਆਂ 'ਤੇ ਡਰੋਨ ਹਮਲੇ ਕੀਤੇ ਗਏ ਹਨ। ਤਕਰੀਬਨ ਤਿੰਨ ਸਾਲ ਤੋਂ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਰੂਸ ਯੂਕਰੇਨ ਅਤੇ ਉਸ ਦੀ ਹਮਾਇਤ ਕਰ ਰਹੇ ਪੱਛਮੀ ਦੇਸ਼ਾਂ ਨੂੰ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਨਾਲ ਹੀ ਡਰਾ ਕੇ ਰੱਖ ਰਿਹਾ ਹੈ। ਯੂਕਰੇਨ ਵੱਲੋਂ ਰੂਸ ਦੇ ਹਵਾਈ ਟਿਕਾਣਿਆਂ 'ਤੇ ਕੀਤੇ ਗਏ ਇਸ ਹਮਲੇ ਦੀ 7 ਦਸੰਬਰ 1941 ਨੂੰ ਪਰਲ ਹਰਬਰ ਵਿਖੇ ਅਮਰੀਕੀ ਸਮੁੰਦਰੀ ਫੌਜੀ ਟਿਕਾਣੇ 'ਤੇ ਜਪਾਨ ਵੱਲੋਂ ਕੀਤੇ ਗਏ ਹਮਲੇ ਨਾਲ ਤੁਲਨਾ ਦਿੱਤੀ ਜਾ ਰਹੀ ਹੈ। ਇਸ ਹਮਲੇ ਤੋਂ ਬਾਅਦ ਅਮਰੀਕਾ ਦੂਜੀ ਸੰਸਾਰ ਜੰਗ ਵਿੱਚ ਸ਼ਾਮਲ ਹੋ ਗਿਆ ਸੀ। ਇਸ ਹਮਲੇ ਵਿੱਚ ਅਮਰੀਕਾ ਦੇ 20 ਸਮੁੰਦਰੀ ਜਹਾਜ਼ ਅਤੇ 340 ਹਵਾਈ ਜਹਾਜ਼ ਤਬਾਹ ਹੋ ਗਏ ਸਨ। 75 ਮਿੰਟ ਤੱਕ ਚੱਲੇ ਇਸ ਹਮਲੇ ਵਿੱਚ 2400 ਅਮਰੀਕੀ ਮਾਰੇ ਗਏ ਸਨ। ਪਰਲ ਹਰਬਰ ਹਮਲੇ ਨੇ ਬਾਅਦ ਵਿੱਚ ਅਮਰੀਕਾ ਵੱਲੋਂ ਜਪਾਨ 'ਤੇ ਪ੍ਰਮਾਣੂ ਹਮਲੇ ਦੀ ਬੁਨਿਆਦ ਵੀ ਬੰਨ੍ਹ ਦਿੱਤੀ ਸੀ। ਫੌਜੀ ਮਾਮਲਿਆਂ ਬਾਰੇ ਬਹੁਤ ਸਾਰੇ ਅੰਤਰਰਾਸ਼ਟਰੀ ਮਾਹਿਰ ਯੂਕਰੇਨ ਵੱਲੋਂ ਰੂਸ ਦੇ ਹਵਾਈ ਟਿਕਾਣਿਆਂ 'ਤੇ ਕੀਤੇ ਗਏ ਹਮਲੇ ਨੂੰ ਪਰਲ ਹਰਬਰ ਨਾਲ ਤੁਲਨਾ ਦੇ ਰਹੇ ਹਨ। ਸਾਰੀ ਦੁਨੀਆਂ ਸਾਹ ਰੋਕ ਕੇ ਰੂਸੀ ਪ੍ਰਤੀਕਰਮ ਦੀ ਉਡੀਕ ਕਰ ਰਹੀ ਹੈ; ਜਦਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਇਸ ਹਮਲੇ ਤੋਂ ਬਾਅਦ ਚੁੱਪ ਹਨ। ਯੂਕਰੇਨ ਦੇ ਪ੍ਰਧਾਨ ਮੰਤਰੀ ਜੇਲੰਸਕੀ ਅਨੁਸਾਰ ਇਸ ਹਮਲੇ ਦੀ ਤਿਆਰੀ ਕਰਨ ਲਈ ਉਨ੍ਹਾਂ ਨੂੰ 18 ਮਹੀਨੇ



ਦਾ ਸਮਾਂ ਲੱਗਿਆ ਅਤੇ ਇਸ ਮਕਸਦ ਲਈ ਰੂਸ ਦੇ ਅੰਦਰ ਬਣਾਇਆ ਗਿਆ ਦਫਤਰ ਰੂਸੀ ਫੈਡਰਲ ਖੁਫੀਆ ਏਜੰਸੀ ਦੇ ਦਫਤਰ ਦੇ ਲਾਗੇ ਹੀ ਸੀ। ਰੂਸ ਨੇ ਇਨ੍ਹਾਂ ਹਮਲਿਆਂ ਦੀ ਪੁਸ਼ਟੀ ਕੀਤੀ ਹੈ ਅਤੇ ਕਿਹਾ ਹੈ ਕਿ ਹਮਲਿਆਂ ਵਿੱਚ ਹਿੱਸਾ ਲੈਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਸਿਕਿਉਰਿਟੀ ਸਰਵਿਸ ਆਫ ਯੂਕਰੇਨ (ਐਸ.ਬੀ.ਯੂ.) ਦੇ ਮੁਖੀ ਵਸਾਈਲ ਮਲਿਊਕ ਨੇ ਦੱਸਿਆ ਕਿ ਹਮਲੇ ਵਿੱਚ ਸਹਾਇਤਾ ਕਰਨ ਵਾਲੇ ਵਿਅਕਤੀਆਂ ਨੂੰ ਰੂਸੀ ਖੇਤਰ ਵਿੱਚੋਂ ਸੁਰੱਖਿਅਤ ਵਾਪਸ ਕੱਢ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਡਰੋਨ ਟਰੱਕ ਰਾਹੀਂ ਰੂਸ ਵਿੱਚ ਸਮਗਲ ਕੀਤੇ ਗਏ ਸਨ, ਜਿਨ੍ਹਾਂ ਨੂੰ ਰਿਮੋਟ ਕੰਟਰੋਲ ਰਾਹੀਂ ਰੂਸ ਦੇ ਕਈ ਹਵਾਈ ਟਿਕਾਣਿਆਂ 'ਤੇ ਦਾਗਿਆ ਗਿਆ। ਕੁੱਲ 117 ਡਰੋਨਾਂ ਦਾਗੀਆਂ ਗਈਆਂ, ਜਿਨ੍ਹਾਂ ਨੂੰ ਇੰਨੇ ਹੀ ਵਿਅਕਤੀ ਰਿਮੋਟ ਰਾਹੀਂ ਕੰਟਰੋਲ ਕਰ ਰਹੇ ਸਨ। ਯੂਕਰੇਨੀ ਸੁਰੱਖਿਆ ਏਜੰਸੀ ਅਨੁਸਾਰ ਛੋਟੀ ਦੂਰੀ ਦੀਆਂ ਡਰੋਨਾਂ ਵਰਤੋਂ ਵਿੱਚ ਲਿਆਂਦੀਆਂ ਗਈਆਂ ਹਨ, ਕਿਉਂਕਿ ਲੰਮੀ ਦੂਰੀ ਦੀਆਂ ਡਰੋਨਾਂ ਅਕਸਰ ਹੀ ਦੁਸ਼ਮਣ ਵੱਲੋਂ ਗਿਰਾ ਲਈਆਂ ਜਾਂਦੀਆਂ ਹਨ। ਯੂਕਰੇਨ ਅਨੁਸਾਰ ਇਸ ਹਮਲੇ ਵਿੱਚ ਕੁੱਲ 40 ਰੂਸੀ ਜਹਾਜ਼ ਤਬਾਹ ਕੀਤੇ ਗਏ ਹਨ, ਜਿਨ੍ਹਾਂ ਵਿੱਚ ਏ-50 ਸਰਵੀਲੈਂਸ ਜਹਾਜ਼, ਟੂ-160, ਟੀ ਯੂ-22 ਬੌਂਬਰ ਅਤੇ ਟੀ ਯੂ-94 ਸ਼ਾਮਲ ਹਨ। ਇਨ੍ਹਾਂ ਵਿੱਚੋਂ ਕੁਝ ਜਹਾਜ਼ ਪ੍ਰਮਾਣੂ ਹਥਿਆਰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਅਤੇ ਵਰਤਣ ਲਈ ਬਣਾਏ ਗਏ ਹਨ। ਯੂਕਰੇਨ ਦਾ ਦਾਅਵਾ ਹੈ ਕਿ ਇਨ੍ਹਾਂ ਹਮਲਿਆਂ ਨਾਲ ਰੂਸ ਨੂੰ 7 ਬਿਲੀਅਨ ਡਾਲਰ ਦਾ ਨੁਕਸਾਨ ਪਹੁੰਚਿਆ ਹੈ। ਰੂਸ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਉਸ ਦੇ ਇਰਕੁਟਸਕ, ਉਲੇਨੀਆ, ਡਿਆਜਿਲਵੋ, ਇਵਾਨੋਵੋ ਸੇਵਰਨੀ ਹਵਾਈ ਟਿਕਾਣਿਆਂ 'ਤੇ ਹਮਲੇ ਕੀਤੇ ਗਏ ਹਨ। ਰੂਸੀ ਮੀਡੀਆ ਵੱਲੋਂ ਵੀ ਇੱਕ ਕੰਟੇਨਰ ਵਿੱਚੋਂ ਡਰੋਨ ਉਡਦੇ ਵਿਖਾਏ ਗਏ ਹਨ।

ਰੂਸ ਨੇ ਇਸ ਹਮਲੇ ਤੋਂ ਬਾਅਦ ਭਾਵੇਂ ਤੁਰੰਤ ਕੋਈ ਮੋੜਵਾਂ ਹਮਲਾ ਨਹੀਂ ਕੀਤਾ ਹੈ, ਪਰ ਕੌਮਾਂਤਰੀ ਫੌਜੀ ਮਾਮਲਿਆਂ ਬਾਰੇ ਮਾਹਿਰਾਂ ਦਾ ਮੰਨਣਾ ਹੈ ਕਿ ਰੂਸ ਵੱਲੋਂ ਪਰਤਵਾਂ ਵਾਰ ਜ਼ਰੂਰ ਕੀਤਾ ਜਾਵੇਗਾ। ਇੱਥੇ ਦੱਸਣਾ ਵੀ ਯੋਗ ਹੋਏਗਾ ਕਿ ਇਹ ਹਮਲੇ ਰੂਸ ਅਤੇ ਯੂਕਰੇਨ ਵਿਚਾਲੇ ਤੁਰਕੀ ਵਿੱਚ ਹੋਈ ਗੱਲਬਾਤ ਤੋਂ ਐਨ ਪਹਿਲਾਂ ਕੀਤੇ ਗਏ। ਇਸ ਗੱਲਬਾਤ ਵਿੱਚ ਦੋਹਾਂ ਮੁਲਕਾਂ ਵਿਚਕਾਰ ਅਮਨ-ਅਮਾਨ ਕਾਇਮ ਕਰਨ ਲਈ ਠੋਸ ਸਹਿਮਤੀ ਨਹੀਂ ਬਣ ਸਕੀ। ਸਗੋਂ 25 ਸਾਲ ਤੋਂ ਘੱਟ ਉਮਰ ਦੇ ਬਿਮਾਰ ਕੈਦੀਆਂ ਨੂੰ ਰਿਹਾਅ ਕਰਨ ਬਾਰੇ ਹੀ ਸਹਿਮਤੀ ਬਣ ਸਕੀ ਹੈ।

ਜਿਵੇਂ ਕਿ ਭਾਰਤ ਦੇ ਚੀਫ ਆਫ ਡਿਫੈਂਸ ਸਟਾਫ ਅਨਿਲ ਚੌਹਾਨ ਨੇ ਸਿੰਗਾਪੁਰ ਵਿੱਚ ਹੋਏ ਇੱਕ ਸਮਾਗਮ 'ਸ਼ੰਗਰੀਲਾ ਡਾਇਲਾਗ' ਦੌਰਾਨ ਕਿਹਾ ਕਿ ਭਵਿੱਖ ਵਿੱਚ ਜੰਗਾਂ ਚਾਰ ਤਕਨੀਕੀ ਰੁਝਾਨਾਂ ਦੇ ਇਰਦ-ਗਿਰਦ ਰਹਿਣਗੀਆਂ, ਇਨ੍ਹਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਸੈਂਸਰਾਂ ਦਾ ਪਸਾਰ, ਲੰਬੀ ਦੂਰੀ ਦੇ ਹਾਈਪਰਸੋਨਿਕ ਤੇ ਸਟੀਕ ਹਥਿਆਰ, ਆਟੋਮੇਸ਼ਨ ਨਾਲ ਮਾਨਵ ਤੇ ਮਾਨਵ ਰਹਿਤ ਟੀਮਾਂ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਕੁਆਂਟਮ ਤਕਨਾਲੋਜੀ ਸ਼ਾਮਲ ਹਨ। ਇਨ੍ਹਾਂ ਤਕਨੀਕਾਂ ਦੀ ਪੈਦਾਵਾਰ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਦੇ ਸਨਅਤੀ ਖੇਤਰ ਨੂੰ ਤੇਜ਼ੀ ਨਾਲ ਅੱਗੇ ਆਉਣਾ ਹੋਏਗਾ। ਇਨ੍ਹਾਂ ਤੋਂ ਇਲਾਵਾ ਕੈਮੀਕਲ, ਬਾਇਲੋਜੀਕਲ ਅਤੇ ਲੇਜ਼ਰ ਹਥਿਆਰਾਂ ਦੀ ਮਾਰ ਵੀ ਸਾਡੇ ਯੁੱਗ ਦੇ ਮਨੁੱਖ ਨੂੰ ਝੱਲਣੀ ਪੈ ਸਕਦੀ ਹੈ। ਤਕਰੀਬਨ ਸਾਰੇ ਹੀ ਵੱਡੇ ਮੁਲਕ ਚੁੱਪ ਗੜੁੱਪ ਰੂਪ ਵਿੱਚ ਇਸ ਕਿਸਮ ਦੇ ਹਥਿਆਰ ਬਣਾ ਰਹੇ ਹਨ। ਇਸ ਤੋਂ ਇਲਾਵਾ, ਮੁਬਾਈਲਾਂ ਅਤੇ ਇੰਟਰਨੈਟ ਨਾਲ ਜੁੜੀਆਂ ਹੋਰ ਡਿਵਾਈਸਾਂ ਨੂੰ ਵੀ ਧਮਾਕਾ ਖੇਜ਼ ਸਮਗਰੀ ਵਿੱਚ ਬਦਲਿਆ ਜਾ ਸਕਦਾ ਹੈ। ਹਾਲੇ ਕੁਝ ਸਮਾਂ ਪਹਿਲਾਂ ਹੀ ਇਜ਼ਰਾਇਲ ਨੇ ਲੈਬਨਾਨ ਵਿੱਚ ਹਿਜ਼ਬੁੱਲਾ ਲੜਾਕਿਆਂ ਵਿਰੁਧ ਜਾਣਕਰੀ ਦਾ ਤਬਾਦਲਾ ਕਰਨ ਵਾਲੇ ਯੰਤਰ, ਪੇਜ਼ਰਾਂ ਨੂੰ ਧਮਕਾ ਖੇਜ਼ ਸਮਗਰੀ ਵਿੱਚ ਬਦਲ ਦਿੱਤਾ ਸੀ। ਇਸ ਨਾਲ ਇਜ਼ਰਾਇਲ ਵਿਰੁਧ ਸਰਗਰਮ ਹਿਜ਼ਬੁੱਲਾ ਦੇ ਲੜਾਕਿਆਂ ਅਤੇ ਲੀਡਰਸ਼ਿਪ ਨੂੰ ਭਾਰੀ ਨੁਕਸਾਨ ਪੁੱਜਾ ਸੀ। ਇੱਥੋਂ ਤੱਕ ਕਿ ਕੇਬਲ ਨਾਲ ਜੁੜੇ ਟੈਲੀਵਿਜ਼ਨ, ਕਾਰਾਂ ਅਤੇ ਹੋਰ ਵਾਹਨਾਂ ਵਿੱਚ ਵਰਤੇ ਜਾਣ ਵਾਲੇ ਸੈਂਸਰ ਵੀ ਜੀ.ਪੀ.ਐਸ. ਦੀ ਮਦਦ ਨਾਲ ਹਥਿਆਰਾਂ ਵਿੱਚ ਬਦਲੇ ਜਾ ਸਕਦੇ ਹਨ। ਭਵਿੱਖ ਦੇ ਹਥਿਆਰ ਚਲਾਉਣ ਲਈ ਹੁਣ ਮੈਨੂਅਲ ਟਰਾਈਗਰ ਦਬਾਣ ਦੀ ਜ਼ਰੂਰਤ ਨਹੀਂ ਪਏਗੀ। ਰਿਮੋਟ ਦੀ ਵਰਤੋਂ ਵੀ ਹੌਲੀ-ਹੌਲੀ ਬੰਦ ਹੋ ਜਾਵੇਗੀ। ਸਗੋਂ ਕਿਸੇ ਦੂਰ-ਦੁਰਾਡੀ ਥਾਂ 'ਤੇ ਧਮਾਕਾ ਖੇਜ ਸਮਗਰੀ ਨੂੰ ਚਲਾਉਣ ਲਈ ਕੋਡਿਡ ਇਨਫਰਮੇਸ਼ਨ ਨੂੰ ਟਰਾਂਸਫਰ ਕਰਨ ਦੀ ਜ਼ਰੂਰਤ ਹੀ ਪਏਗੀ। ਹਜ਼ਾਰਾਂ ਮੀਲ ਦੂਰ ਬੈਠੇ ਵਿਅਕਤੀ ਵੀ ਆਪਣੇ ਵਿਰੋਧੀਆਂ/ਦੁਸ਼ਮਣਾਂ ਖਿਲਾਫ ਅਜਿਹੇ ਹਥਿਆਰਾਂ ਦੀ ਵਰਤੋਂ ਕਰ ਸਕਣਗੇ। ਇਸੇ ਤਰ੍ਹਾਂ ਲੇਜ਼ਰ ਹਥਿਆਰਾਂ ਦੀ ਵਰਤੋਂ ਵੀ ਭਵਿੱਖ ਵਿੱਚ ਆਮ ਹੋ ਜਾਵੇਗੀ।

ਇਸ ਹਾਲਤ ਵਿੱਚ ਜੇ ਸਿਆਸੀ ਸੱਤਾ ਉਤੇ ਪਬਲਿਕ ਕੰਟਰੋਲ ਢਿੱਲਾ ਪੈ ਜਾਂਦਾ ਹੈ ਅਤੇ ਆਪਹੁਦਰੀਆਂ ਤਾਨਾਸ਼ਾਹੀ ਉਸ ਦੀ ਥਾਂ ਲੈ ਲੈਂਦੀਆਂ ਹਨ ਤਾਂ ਇਸ ਕਿਸਮ ਦੇ ਖ਼ਤਰੇ ਹੋਰ ਵੀ ਵਧ ਸਕਦੇ ਹਨ। ਗੁਰਮਤਿ ਅਨੁਸਾਰ ਜਦੋਂ ਰੱਬ ਨੇ ਕਿਸੇ ਨੂੰ ਪੁੱਠੇ ਰਾਹ ਤੋਰਨਾ ਹੋਵੇ ਤਾਂ ਉਸ ਤੋਂ ਚੰਗਿਆਈਆਂ (ਨੇਕੀਆਂ) ਖੋਹ ਲੈਂਦਾ ਹੈ। ਜਿਸ ਪਾਸੇ ਵੱਲ ਦੁਨੀਆਂ ਵਧ ਰਹੀ ਹੈ, ਕੀ ਇਉਂ ਨਹੀਂ ਲਗਦਾ ਕਿ ਵੱਡੀ ਪੱਧਰ 'ਤੇ ਅਤੇ ਤੇਜ਼ੀ ਨਾਲ ਮਨੁੱਖ ਦੇ ਕੋਲੋਂ ਚੰਗਿਆਈਆਂ ਖੁੱਸ ਰਹੀਆਂ ਹਨ, ਤੇ ਸ਼ੈਤਾਨ ਬਿਰਤੀ ਭਾਰੂ ਹੋ ਰਹੀ ਹੈ? ਅਜਿਹੇ ਵਿੱਚ ਭਲੇ ਦਿਨਾਂ ਦੀ ਆਸ ਲਈ ਅਰਦਾਸ ਹੀ ਕੀਤੀ ਜਾ ਸਕਦੀ ਹੈ।




ਰਿਸਦੇ ਜ਼ਖ਼ਮ

ਉਜਾਗਰ ਸਿੰਘ
ਫੋਨ: 91-9417813072



# ਸਿੱਖ ਜਗਤ ਲਈ ਸੋਚਣ ਦਾ ਵਿਸ਼ਾ: ਬਲਿਊ ਸਟਾਰ ਆਪ੍ਰੇਸ਼ਨ ਲਈ ਜ਼ਿੰਮੇਵਾਰ ਕੌਣ?

ਸਰੀਰਕ ਜ਼ਖ਼ਮ ਸਮੇਂ ਦੇ ਬੀਤਣ ਨਾਲ ਰਿਸਣ ਤੋਂ ਹੱਟ ਜਾਂਦੇ ਹਨ, ਪਰ ਮਾਨਸਿਕ ਜ਼ਖ਼ਮ ਹਮੇਸ਼ਾ ਅੱਲ੍ਹੇ ਰਹਿੰਦੇ ਹਨ ਤੇ ਰਿਸਣ ਤੋਂ ਕਦੀਂ ਬੰਦ ਨਹੀਂ ਹੁੰਦੇ। ਜੇ ਸਰੀਰਕ ਤੇ ਮਾਨਸਿਕ- ਦੋਵੇਂ ਤਰ੍ਹਾਂ ਦੇ ਜ਼ਖ਼ਮ ਹੋਣ ਤਾਂ ਫਿਰ ਉਨ੍ਹਾਂ ਦੇ ਰਿਸਣ ਦੇ ਬੰਦ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖਾਂ ਦੇ ਸਰਵੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਕਰੀਬ ਗੁਰੂ ਘਰਾਂ 'ਤੇ ਭਾਰਤੀ ਫੌਜਾਂ ਵੱਲੋਂ ਕੀਤੇ ਗਏ ਬਲਿਊ ਸਟਾਰ ਆਪ੍ਰੇਸ਼ਨ ਦੇ ਨਾਮ ਦੇ ਅਤਿਅੰਤ ਦੁੱਖਦਾਈ ਹਮਲੇ ਕੀਤੇ ਨੂੰ ਭਾਵੇਂ 41 ਸਾਲ ਹੋ ਗਏ ਹਨ, ਪਰ ਉਸਦੇ ਜ਼ਖ਼ਮ ਅਜੇ ਵੀ ਅੱਲ੍ਹੇ ਹੀ ਹਨ ਤੇ ਰਿਸਦੇ ਹਨ। ਸਿੱਖਾਂ ਨੂੰ ਕੁਝ ਲੋਕ ਸਲਾਹ ਦਿੰਦੇ ਹਨ ਕਿ ਉਸ ਮੰਦਭਾਗੀ ਹਮਲੇ ਨੂੰ ਭੁੱਲ ਜਾਓ, ਪਰ ਕਹਿਣਾ ਸੌਖਾ ਹੈ, ਭੁੱਲਣਾ ਅਸੰਭਵ ਹੈ; ਜਿਸਦਾ ਦਿਲ ਵਲੂੰਧਰਿਆ ਗਿਆ ਹੋਵੇ, ਉਸਦਾ ਦੁੱਖ ਉਹ ਹੀ ਮਹਿਸੂਸ ਕਰ ਸਕਦਾ ਹੈ। ਸਰਕਾਰੀ ਕਰੂਰਤਾ ਦੀ ਚੀਸ ਖ਼ਤਮ ਹੋਣ ਵਾਲੀ ਨਹੀਂ ਹੈ। ਕੋਈ ਵੀ ਗੁਰੂ ਦਾ ਸੱਚਾ ਸਿੱਖ ਉਸ ਅਣਮਨੁੱਖੀ ਹਮਲੇ ਦੇ ਸੰਤਾਪ ਨੂੰ ਭੁੱਲਣ ਦੀ ਗੁਸਤਾਖ਼ੀ ਕਰ ਹੀ ਨਹੀਂ ਸਕਦਾ। ਅਣਗਿਣਤ ਬੇਦੋਸ਼ੇ ਸ਼ਰਧਾਲੂਆਂ ਦੇ ਡੁਲ੍ਹੇ ਖ਼ੂਨ ਸਿਆਸਤਦਾਨਾਂ ਦੀਆਂ ਰੂਹਾਂ ਨੂੰ ਤੜਪਾਉਂਦੇ ਰਹਿਣਗੇ। ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਵੀ ਭਾਰਤ ਦੀ ਉਸ ਫੌਜ ਵੱਲੋਂ ਕੀਤਾ ਗਿਆ, ਜਿਸ ਵਿੱਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਕੁਰਬਾਨੀਆਂ ਦੇਣ ਵਾਲਿਆਂ ਵਿੱਚ ਸਿੱਖ ਸ਼ਾਮਲ ਹੀ ਨਹੀਂ ਸਗੋਂ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ।

ਦੁੱਖ ਇਸ ਗੱਲ ਦਾ ਵੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲੇ ਫ਼ੌਜੀਆਂ ਦੀ ਅਗਵਾਈ ਦੋ ਸਿੱਖ ਜਰਨੈਲ ਆਰ.ਐਸ. ਦਿਆਲ ਸਲਾਹਕਾਰ ਰਾਜਪਾਲ ਪੰਜਾਬ ਅਤੇ ਲੈਫ਼ਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਕਰ ਰਹੇ ਸਨ। ਇੱਥੇ ਹੀ ਬਸ ਨਹੀਂ, ਦੇਸ਼ ਦੀਆਂ ਫ਼ੌਜਾਂ ਦੇ ਮੁਖੀ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ- ਦੋਵੇਂ ਵੀ ਅੰਮ੍ਰਿਤਧਾਰੀ ਸਿੱਖ ਸਨ। ਫਿਰ ਸਰਕਾਰੀਤੰਤਰ ਵੱਲੋਂ ਬਿਰਤਾਂਤ ਇਹ ਸਿਰਜਿਆ ਗਿਆ ਕਿ ਇਸ ਕਾਰਵਾਈ ਦੇ ਜ਼ਿੰਮੇਵਾਰ ਇੱਕੋ-ਇੱਕ ਵਿਅਕਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤਾਂ ਸਿੱਖ ਧਰਮ ਦੇ ਪ੍ਰਚਾਰਕ ਸਨ। ਉਹ ਤਾਂ ਦਮਦਮੀ ਟਕਸਾਲ ਦੇ ਮੁਖੀ ਹੁੰਦੇ ਹੋਏ, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ, ਉਹ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਸਿਆਸਤਦਾਨ ਨਹੀਂ ਸਨ। ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਪ੍ਰਕਾਸ਼ਤ ਕੀਤੇ 'ਵਾਈਟ ਪੇਪਰ' ਅਤੇ ਇੰਦਰਾ ਗਾਂਧੀ ਵੱਲੋਂ ਦੋ ਜੂਨ 1984 ਨੂੰ ਰੇਡੀਓ ਦੇ ਦਿੱਤੇ ਗਏ ਭਾਸ਼ਣ ਵਿੱਚ ਕਿਹਾ ਗਿਆ ਹੈ। ਇੰਦਰਾ ਗਾਂਧੀ ਨੇ ਸੰਸਦ ਵਿੱਚ ਹੋਈ ਡੀਬੇਟ ਵਿੱਚ ਕਿਹਾ ਸੀ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹਲ ਨਾ ਲੱਭਣ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖੁਦ ਹੈ, ਕਿਉਂਕਿ ਹਰ ਮੀਟਿੰਗ ਵਿੱਚ ਉਹ ਨਵੀਂ ਮੰਗ ਰੱਖ ਦਿੰਦੇ ਸਨ।

ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮੁੱਚੇ ਸਿੱਖਾਂ ਨੂੰ ਲੋਕਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਖਾਸ ਤੌਰ 'ਤੇ ਸਿੱਖਾਂ ਦੇ ਨੇਤਾ ਜਿਹੜੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਰਹੇ, ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਇਨ੍ਹਾਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਲਈ ਇਕਪਾਸੜ ਕਹਾਣੀ ਮੀਡੀਆ ਵਿੱਚ ਆਉਂਦੀ ਰਹੀ। ਇਹ ਸਾਰਾ ਕੁਝ ਨੈਟ 'ਤੇ ਪਿਆ ਹੈ। ਜਦੋਂ ਵੀ ਕੋਈ ਬਲਿਊ ਸਟਾਰ ਆਪ੍ਰੇਸ਼ਨ ਬਾਰੇ ਜਾਨਣ ਲਈ ਨੈਟ ਤੋਂ ਪਤਾ ਕਰੇਗਾ ਤਾਂ ਇਹੋ ਨੈਗੇਟਿਵ ਜਵਾਬ ਮਿਲੇਗਾ। ਸਿੱਖ ਬਦਨਾਮ ਹੁੰਦੇ ਰਹਿਣਗੇ। ਇਸ ਸਾਰੇ ਕੁਝ ਦੇ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਰਾਣੀ ਲੀਡਰਸ਼ਿਪ ਹੈ। ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀਆਂ ਚਾਰ ਵਾਰ ਸਰਕਾਰਾਂ ਰਹੀਆਂ, ਕਿਸੇ ਨੇ ਵੀ ਇਸ ਗੰਭੀਰ ਇਲਜ਼ਾਮਾਂ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਕੋਈ ਸਾਰਥਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਫ਼ੌਜ ਨੇ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹਥਿਆਰਾਂ ਦੀ ਨੁਮਾਇਸ਼ ਲਾ ਕੇ ਬਦਨਾਮ ਕੀਤਾ। ਇਸ ਦਾ ਵੀ ਅਕਾਲੀਆਂ ਦੀ ਲੀਡਰਸ਼ਿਪ ਨੇ ਖੰਡਨ ਨਹੀਂ ਕੀਤਾ। ਜੇ ਹਥਿਆਰਾਂ ਦਾ ਬਰਾਮਦ ਹੋਣਾ ਸੱਚ ਹੈ ਤਾਂ ਇਹ ਹਥਿਆਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਫੋਰਸਾਂ ਦੇ ਨਾਕਿਆਂ ਰਾਹੀਂ ਲੰਘ ਕੇ ਅਕਾਲ ਤਖ਼ਤ ਸਾਹਿਬ 'ਤੇ ਕਿਵੇਂ ਪਹੁੰਚੇ? ਜਨਰਲ ਸ਼ੁਬੇਗ ਸਿੰਘ 'ਤੇ ਇਲਜ਼ਾਮ ਹੈ ਕਿ ਉਸਨੇ ਨੌਜਵਾਨਾਂ ਨੂੰ ਹਥਿਆਰਾਂ ਨਾਲ ਲਾਮਬੰਦ ਕਰਨ ਵਿੱਚ ਭੂਮਿਕਾ ਨਿਭਾਈ ਸੀ। ਇਸ ਦੀ ਵੀ ਪੜਤਾਲ ਹੋਣੀ ਜ਼ਰੂਰੀ ਸੀ। ਇਹ ਵੀ ਕਿਹਾ ਜਾਂਦਾ ਹੈ, ਜੇ ਸੰਤ ਜਰਨੈਲ ਸਿੰਘ ਅਕਾਲ ਤਖ਼ਤ ਸਾਹਿਬ 'ਤੇ ਨਾ ਜਾਂਦੇ ਤਾਂ ਫ਼ੌਜੀ ਕਾਰਵਾਈ ਨਹੀਂ ਹੋਣੀ ਸੀ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੀ ਖ਼ਾਨਾਜੰਗੀ ਕਰਕੇ ਉਨ੍ਹਾਂ ਨੂੰ ਉਥੇ ਲਿਜਾਇਆ ਗਿਆ ਸੀ, ਕਿਉਂਕਿ ਉਨ੍ਹਾਂ ਦੇ ਕੁਝ ਸੁਪੋਰਟਰਾਂ ਨੂੰ ਮਾਰ ਦਿੱਤਾ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾ ਸੰਸਾਰ ਵਿੱਚ ਅੱਜ ਤੱਕ ਕਿਸੇ ਵੀ ਦੇਸ਼ ਦੀ ਫ਼ੌਜ ਨੇ ਧਾਰਮਿਕ ਸਥਾਨ 'ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਪਹਿਲਾਂ ਹੋਰ ਕੋਈ ਵਿਕਲਪ ਕਿਉਂ ਨਹੀਂ ਵਰਤਿਆ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਅਜੇ ਬਕਾਇਆ ਹਨ।

ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਸਿੱਖ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਗਏ ਸਨ। ਉਨ੍ਹਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਕਰਕੇ ਡਰ ਲੱਗ ਰਿਹਾ ਸੀ, ਕਿਉਂਕਿ ਸੰਤ ਭਿੰਡਰਾਂਵਾਲੇ ਦੀ ਸਿੱਖ ਜਗਤ ਵਿੱਚ ਹਰਮਨਪਿਆਰਤਾ ਵੱਧ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦੀ ਧੜਕਣ ਤੇਜ਼ ਹੋ ਰਹੀ ਸੀ ਕਿ ਕਿਤੇ ਉਹ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਨਾ ਹੋ ਜਾਣ। ਅੰਦਰਖਾਤੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੁੱਧ ਬੋਲ ਰਹੀ ਸੀ। ਉਨ੍ਹਾਂ ਨੇ ਤਾਂ ਇੱਥੋਂ ਤੱਕ ਇਲਜ਼ਾਮ ਲਗਾ ਦਿੱਤਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗਿਆਨੀ ਜ਼ੈਲ ਸਿੰਘ ਅਕਾਲੀਆਂ ਵਿਰੁੱਧ ਵਰਤ ਰਿਹਾ ਹੈ। ਕਈ ਪੁਸਤਕਾਂ ਲਿਖਣ ਵਾਲੇ ਸਿੱਖ, ਜਿਨ੍ਹਾਂ ਵਿੱਚ ਰਾਅ ਦੇ ਸਾਬਕਾ ਮੁਖੀ ਜੀ.ਪੀ.ਐਸ. ਸਿੱਧੂ, ਪੀ.ਸੀ. ਅਲੈਗਜੈਂਡਰ, ਏ.ਪੀ. ਪਾਂਡੇ ਅਤੇ ਕੁਝ ਹੋਰ ਅਧਿਕਾਰੀਆਂ ਨੇ ਵੀ ਇਹੋ ਸੰਦੇਹ ਪ੍ਰਗਟ ਕੀਤਾ ਸੀ, ਜਦੋਂ ਕਿ ਇਸ ਵਿੱਚ ਕੋਈ ਸੱਚਾਈ ਨਹੀਂ ਸੀ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਲੜਾਈ ਕਰਕੇ ਦਰਬਾਰਾ ਸਿੰਘ ਦਾ ਧੜਾ ਵੀ ਇਹੋ ਇਲਜ਼ਾਮ ਲਾਈ ਜਾ ਰਿਹਾ ਸੀ। ਸਿਆਸਤਦਾਨ ਹਮੇਸ਼ਾ ਦੂਜਿਆਂ ਦੇ ਮੋਢਿਆਂ 'ਤੇ ਰੱਖ ਕੇ ਵਾਰ ਕਰਦੇ ਹਨ। ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਕਾਲਤ ਨਹੀਂ ਕਰ ਰਿਹਾ, ਪਰ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਕਿ ਉਹ ਕਿਸੇ ਧਰਮ ਦੇ ਵਿਰੁੱਧ ਉਕਸਾ ਰਹੇ ਹੋਣ। ਸੰਤ ਭਿੰਡਰਾਂਵਾਲਿਆਂ ਵਿਰੁੱਧ ਇਹ ਸਾਰੀਆਂ ਅਫ਼ਵਾਹਾਂ ਬਹੁ ਸੰਮਤੀ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ। ਉਨ੍ਹਾਂ ਨੇ ਕਦੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ, ਪਰ ਇਹ ਜ਼ਰੂਰ ਕਿਹਾ ਸੀ ਕਿ ਜੇ ਦੇਣ ਤਾਂ ਕੋਈ ਇਨਕਾਰ ਨਹੀਂ। ਉਹ ਹਰ ਧਰਮ ਦੇ ਲੋਕਾਂ ਨੂੰ ਆਪੋ ਆਪਣੇ ਧਰਮ ਵਿੱਚ ਪਰਪੱਕ ਰਹਿਣ ਲਈ ਕਹਿੰਦੇ ਸਨ।

ਹਰ ਸਮੱਸਿਆ ਦਾ ਹੱਲ ਗੱਲਬਾਤ ਨਾਲ ਹੀ ਹੁੰਦਾ ਹੈ। ਆਸਾਮ ਵਿੱਚ ਚਾਰ ਸਾਲ ਹਿੰਸਕ ਮਾਹੌਲ ਰਿਹਾ। ਅਖ਼ੀਰ ਕੇਂਦਰ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸਮਝੌਤਾ ਹੋ ਗਿਆ। ਪੰਜਾਬ ਵਿੱਚ ਸਮਝੌਤਾ ਕਿਉਂ ਨਹੀਂ ਹੋਇਆ? ਸਿੱਖ ਜਗਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੇਂਦਰੀ ਮੰਤਰੀਆਂ ਨਾਲ ਬਾਰਾਂ ਮੀਟਿੰਗਾਂ ਕੀਤੀਆਂ, ਪਰ ਇਹ ਗੱਲਬਾਤ ਸਿਰੇ ਕਿਉਂ ਨਹੀਂ ਚੜ੍ਹੀ? ਕਿਉਂਕਿ ਅਕਾਲੀ ਲੀਡਰਸ਼ਿਪ ਸਮਝੌਤਾ ਜਾਂ ਤਾਂ ਕਰਨਾ ਨਹੀਂ ਚਾਹੁੰਦੀ ਸੀ ਜਾਂ ਕਮਜ਼ੋਰ ਹੋਣ ਕਰਕੇ ਫੈਸਲਾ ਨਹੀਂ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇੱਕ ਵਾਰ ਤਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਵੀ ਗੱਲਬਾਤ ਕੀਤੀ ਸੀ। ਹਰ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੀਟਿੰਗ ਵਿੱਚ ਇਹ ਕਹਿੰਦੀ ਰਹੀ ਕਿ ਬਾਅਦ ਵਿੱਚ ਦੱਸਾਂਗੇ। ਇਸ ਦਾ ਤਾਂ ਇਹੋ ਅਰਥ ਨਿਕਲਦਾ ਹੈ ਕਿ ਉਹ ਸਮਝੌਤਾ ਕਰਨਾ ਨਹੀਂ ਚਾਹੁੰਦੇ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨਾਲ ਆਖ਼ਰੀ ਮੀਟਿੰਗ 26 ਮਈ 1984 ਨੂੰ ਹੋਈ ਸੀ, ਕੇਂਦਰ ਸਰਕਾਰ ਵੀ ਸੰਜੀਦਾ ਨਹੀਂ ਸੀ, ਇੱਕ ਪਾਸੇ ਮੀਟਿੰਗਾਂ ਕਰ ਰਹੀ ਸੀ ਤੇ ਦੂਜੇ ਪਾਸੇ ਬਲਿਊ ਸਟਾਰ ਆਪ੍ਰੇਸ਼ਨ ਦੀ ਤਿਆਰੀ ਕਰ ਰਹੀ ਸੀ। ਇਹ ਆਪ੍ਰੇਸ਼ਨ ਇੱਕ ਦਿਨ ਦਾ ਫੈਸਲਾ ਨਹੀਂ ਸੀ, ਲਗਪਗ ਇੱਕ ਸਾਲ ਤੋਂ ਤਿਆਰੀ ਕਰ ਰਹੇ ਸੀ। ਰਾਜੀਵ ਗਾਂਧੀ ਨੇ ਮਾਰਚ 1984 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧਾਰਮਿਕ ਸੰਤ ਪੁਰਸ਼ ਕਿਹਾ ਸੀ। ਫਿਰ ਇਤਨੀ ਜਲਦੀ ਉਸਨੂੰ ਅਤਿਵਾਦੀ ਬਣਾ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਪੜਚੋਲ ਕਰਨੀ ਬਣਦੀ ਹੈ। ਅੱਜ ਤੱਕ ਮੀਟਿੰਗਾਂ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਅਕਾਲੀ ਨੇਤਾ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਿਉਂ ਨਹੀਂ ਸਿਰੇ ਚੜ੍ਹ ਸਕਿਆ? ਉਨ੍ਹਾਂ ਵਿੱਚੋਂ ਕੁਝ ਨੇਤਾ ਤਾਂ ਅੱਜ ਵੀ ਜਿਉਂਦੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਮੀਟਿੰਗਾਂ ਵਿੱਚ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਬੰਤ ਸਿੰਘ, ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਰਹੇ ਸਨ। ਉਹ ਵੀ ਚੁੱਪ ਰਹੇ।

ਇਹ ਵੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਰਿਕਾਰਡ ਵਿੱਚ ਹੈ ਕਿ ਸੰਤ ਭਿੰਡਰਾਂਵਾਲੇ ਦਾ 19 ਫਰਵਰੀ 1983 ਦਾ ਲਿਖਿਆ ਇੱਕ ਖ਼ਤ ਇੱਕ ਅਖ਼ਬਾਰ ਦੇ ਸੰਪਾਦਕ ਭਰਪੂਰ ਸਿੰਘ ਬਲਬੀਰ ਨੇ ਇੰਦਰਾ ਗਾਂਧੀ ਨੂੰ ਨਿੱਜੀ ਤੌਰ 'ਤੇ ਮਿਲ ਕੇ ਦੇ ਦਿੱਤਾ ਸੀ ਤੇ ਫਿਰ ਇੰਦਰਾ ਗਾਂਧੀ ਨੇ ਉਸ ਖਤ ਦਾ ਜਵਾਬ ਭਰਪੂਰ ਸਿੰਘ ਬਲਬੀਰ ਰਾਹੀਂ ਦੋ ਦਿਨ ਬਾਅਦ 21 ਫਰਵਰੀ 1983 ਨੂੰ ਸੰਤਾਂ ਨੂੰ ਭਿਜਵਾਇਆ ਸੀ। ਮਰਹੂਮ ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਰਾਹੀਂ ਪਤਾ ਲੱਗਿਆ ਸੀ ਕਿ ਸੰਤ ਜਰਨੈਲ ਸਿੰਘ ਨਾਲ ਇੰਦਰਾ ਗਾਂਧੀ ਦੀ ਮੀਟਿੰਗ ਵੀ ਨਿਸ਼ਚਿਤ ਹੋ ਗਈ ਸੀ, ਪਰ ਐਨ ਮੌਕੇ 'ਤੇ ਕੁਝ ਵਿਅਕਤੀਆਂ ਨੇ ਅੜਿਕਾ ਪਾ ਕੇ ਮੀਟਿੰਗ ਰੱਦ ਕਰਵਾ ਦਿੱਤੀ ਸੀ। ਇਸਦਾ ਅਰਥ ਤਾਂ ਇਹ ਬਣਦਾ ਹੈ ਕਿ ਸੰਤ ਭਿੰਡਰਾਂਵਾਲਾ ਪੰਜਾਬ ਦੇ ਹਾਲਾਤ ਠੀਕ ਕਰਨਾ ਚਾਹੁੰਦਾ ਸੀ, ਪਰ ਕੁਝ ਸਿਆਸਤਦਾਨ ਨਹੀਂ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦੀਆਂ ਕੁਰਸੀਆਂ ਖਿਸਕਦੀਆਂ ਲੱਗਦੀਆਂ ਸਨ। ਸਾਰਾ ਦੋਸ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਿਰ ਲਾਇਆ ਜਾਂਦਾ ਹੈ। ਜੇ ਸਮਝੌਤਾ ਹੋ ਜਾਂਦਾ ਤਾਂ ਸਿੱਖਾਂ ਨੂੰ ਅਜਿਹੇ ਹਾਲਾਤ ਵਿੱਚੋਂ ਨਾ ਗੁਜਰਨਾ ਪੈਂਦਾ। ਸਿੱਖ ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰਦੇ, ਦੂਜਿਆਂ 'ਤੇ ਇਲਜ਼ਾਮ ਲਗਾਈ ਜਾਂਦੇ ਹਨ। ਸਿੱਖਾਂ ਨੂੰ ਇੱਕਮੁਠ ਹੋ ਕੇ ਆਪਣੇ 'ਤੇ ਲੱਗੇ ਇਲਜ਼ਾਮ ਬਾਰੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ ਤਾਂ ਜੋ ਸੰਸਾਰ ਵਿੱਚ ਸਿੱਖਾਂ ਦਾ ਅਕਸ ਬਲਿਊ ਸਟਾਰ ਬਾਰੇ ਸਾਫ ਹੋ ਸਕੇ, ਪਰ ਇਹ ਤਾਂ ਕੁਰਸੀਆਂ ਪਿੱਛੇ ਹੀ ਲੜੀ ਜਾ ਰਹੇ ਹਨ!



# ਕੈਨੇਡਾ ਵਿੱਚ ਹੋ ਰਹੇ ਜੀ-7 ਸੰਮੇਲਨ ਵਿੱਚ ਭਾਰਤ ਨੂੰ ਸੱਦਾ ਨਹੀਂ

*...ਸਫਾ ਇੱਕ ਦੀ ਬਾਕੀ⇒*

ਸੂਤਰਾਂ ਦਾ ਇਹ ਵੀ ਆਖਣਾ ਹੈ ਆਪਸੀ ਰਿਸ਼ਤੇ ਸੁਧਾਰਨ ਲਈ ਭਾਰਤ ਨੂੰ ਖਾਲਿਸਤਾਨੀ ਕਾਰਕੁੰਨਾਂ ਦੀਆਂ ਸਰਗਰਮੀਆਂ ਨੂੰ ਸੀਮਤ ਕਰਨਾ ਹੋਏਗਾ।

ਇੱਥੇ ਜ਼ਿਕਰਯੋਗ ਹੈ ਕਿ ਮਾਰਕ ਕਾਰਨੀ ਦੇ ਪ੍ਰਧਾਨ ਮੰਤਰੀ ਬਣਨ ਪਿੱਛੋਂ ਭਾਰਤ ਨਾਲ ਵਪਾਰਕ ਅਤੇ ਕੂਟਨੀਤਿਕ ਰਿਸ਼ਤੇ ਸੁਧਾਰਨ ਦੀ ਚਰਚਾ ਤੁਰੀ ਸੀ। ਇਸ ਮਸਲੇ ਨੂੰ ਲੈ ਕੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਅਤੇ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਅਨੰਦ ਵਿਚਕਾਰ ਇੱਕ ਟੈਲੀਫੋਨ ਵਾਰਤਾ ਵੀ ਹੋਈ ਸੀ। ਦੋਹਾਂ ਮੁਲਕਾਂ ਦੇ ਆਗੂਆਂ ਦੇ ਆਪਸੀ ਰਿਸ਼ਤੇ ਸੁਧਾਰਨ ਸੰਬੰਧੀ ਕੁਝ ਬਿਆਨ ਵੀ ਸਾਹਮਣੇ ਆਏ ਹਨ। ਜੂਨ 2023 ਵਿੱਚ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਦੋਸ਼ ਲਾਏ ਸਨ ਕਿ ਕੁਝ ਕੈਨੇਡੀਅਨ ਸ਼ਹਿਰੀਆਂ ਦੀ ਹੱਤਿਆ ਵਿੱਚ ਭਾਰਤੀ ਸਰਕਾਰੀ ਏਜੰਟਾਂ ਦਾ ਹੱਥ ਹੈ। ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਾਅਦ ਵਿੱਚ ਆਪਣਾ ਇਹ ਦੋਸ਼ ਕੈਨੇਡੀਅਨ ਪਾਰਲੀਮੈਂਟ ਵਿੱਚ ਵੀ ਦੁਹਰਾਇਆ ਸੀ। ਇਸ ਪਿੱਛੋਂ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਕਮਿਸ਼ਨਰ ਮਾਈਕ ਦੁਮੇਅ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਉਨ੍ਹਾਂ ਕੋਲ ਭਰੋਸੇਯੋਗ ਸਬੂਤ ਹਨ ਕਿ ਭਾਰਤੀ ਏਜੰਟ ਕੈਨੇਡੀਅਨ ਸ਼ਹਿਰੀਆਂ ਦੀ ਹੱਤਿਆ ਵਿੱਚ ਸ਼ਾਮਲ ਹਨ; ਪਰ ਨਾਲ ਹੀ ਉਨ੍ਹਾਂ ਕਿਹਾ ਸੀ ਕਿ ਜਾਂਚ ਪੜਤਾਲ ਦੇ ਇਸ ਮੋੜ 'ਤੇ ਉਹ ਇਹ ਸਾਰੀ ਜਾਣਕਾਰੀ ਜਨਤਕ ਨਹੀਂ ਕਰ ਸਕਦੇ। ਇਸ ਨਾਲ ਜਾਂਚ ਪ੍ਰਭਾਵਤ ਹੋਵੇਗੀ।

ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਦੋਂ ਇਹ ਜਾਣਕਾਰੀ ਵੀ ਦਿੱਤੀ ਸੀ ਕਿ ਕੈਨੇਡਾ ਦੀ ਫੈਡਰਲ ਪੁਲਿਸ ਦੇ ਡਿਪਟੀ ਕਮਿਸ਼ਨਰ ਮਾਰਕ ਫਲਿਨ ਸਿੰਗਾਪੁਰ ਵਿੱਚ ਭਾਰਤੀ ਅਧਿਕਾਰੀਆਂ ਨੂੰ ਮਿਲੇ ਸਨ ਅਤੇ ਸਬੂਤਾਂ ਸਮੇਤ ਦੱਸਿਆ ਸੀ ਕਿ ਭਾਰਤੀ ਏਜੰਟ ਕੈਨੇਡਾ ਦੀ ਧਰਤੀ 'ਤੇ ਗੰਭੀਰ ਫੌਜਦਾਰੀ ਅਪਰਾਧਾਂ ਵਿੱਚ ਸ਼ਾਮਲ ਹਨ; ਪਰ ਭਾਰਤੀ ਅਧਿਕਾਰੀਆਂ ਨੇ ਇਹ ਸਾਰਾ ਕੁਝ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਕੈਨੇਡਾ ਪੁਲਿਸ ਵੱਲੋਂ ਭਾਰਤੀ ਹਾਈ ਕਮਿਸ਼ਨਰਾਂ ਨੂੰ 'ਪਰਸਨ ਆਫ ਇਨਟ੍ਰਸਟ' ਕਰਾਰ ਦਿੰਦਿਆਂ ਉਨ੍ਹਾਂ ਦੀ ਡਿਪਲੋਮੈਟਿਕ ਸੁਰੱਖਿਆ ਵਾਪਸ ਲੈਣ ਦੀ ਮੰਗ ਵੀ ਭਾਰਤ ਕੋਲੋਂ ਕੀਤੀ ਗਈ ਸੀ। ਇਸ ਪਿੱਛੋਂ ਭਾਰਤ ਨੇ ਆਪਣੇ ਸਫੀਰ ਅਤੇ ਹੋਰ ਡਿਪਲੋਮੈਟਿਕ ਅਧਿਕਾਰੀਆਂ ਨੂੰ ਵਾਪਸ ਬੁਲਾ ਲਿਆ ਸੀ ਤੇ ਕੈਨੇਡਾ ਨੂੰ ਵੀ ਨਵੀਂ ਦਿੱਲੀ ਵਿੱਚ ਆਪਣਾ ਡਿਪਲੋਮੈਟਿਕ ਅਮਲਾ ਛਾਂਗਣਾ ਪਿਆ ਸੀ। ਇਸ ਪਿੱਛੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗੈਂਗ ਦਾ ਨਾਂ ਵੀ ਕੈਨੇਡਾ ਦੇ ਸ਼ਹਿਰੀਆਂ ਦੀਆਂ ਹੱਤਿਆਵਾਂ ਦੇ ਮਾਮਲੇ ਵਿੱਚ ਉਭਰਿਆ ਸੀ। ਲੰਮੀ ਪੁੱਛ-ਪੜਤਾਲ ਤੋਂ ਪਿੱਛੋਂ ਕੈਨੇਡਾ ਪੁਲਿਸ ਵੱਲੋਂ 4 ਪੰਜਾਬੀ ਨੌਜਵਾਨਾਂ ਨੂੰ ਨਿੱਝਰ ਕਤਲ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਮਾਮਲੇ ਦੇ ਉਭਰਨ ਨਾਲ ਭਾਰਤ ਅਤੇ ਕੈਨੇਡਾ ਦੇ ਆਪਸੀ ਰਿਸ਼ਤੇ ਕਾਫੀ ਨੀਵੀਂ ਪੱਧਰ 'ਤੇ ਚਲੇ ਗਏ ਸਨ।

ਇਨ੍ਹਾਂ ਮਾਮਲਿਆਂ ਨੇ ਇੱਕ ਵਾਰ ਉਦੋਂ ਫਿਰ ਤੂਲ ਫੜ ਲਈ ਸੀ, ਜਦੋਂ ਅਮਰੀਕਾ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਸਾਜ਼ਿਸ਼ ਨਾਲ ਸੰਬੰਧਤ ਇੱਕ ਭਾਰਤੀ ਸ਼ਹਿਰੀ ਨੂੰ ਆਸਟਰੀਆ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ। ਇਹ ਵਿਅਕਤੀ ਬਾਅਦ ਵਿੱਚ ਅਮਰੀਕਾ ਨੂੰ ਸੌਂਪ ਦਿੱਤਾ ਗਿਆ ਅਤੇ ਇਸ ਸੰਬੰਧੀ ਕੇਸ ਹੁਣ ਅਦਾਲਤ ਵਿੱਚ ਚੱਲ ਰਿਹਾ ਹੈ।

ਇਸ ਮਸਲੇ ਨੂੰ ਲੈ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਬੁਲਾਰੇ ਜੈਰਾਮ ਰਮੇਸ਼ ਨੇ ਕਿਹਾ ਕਿ "ਪਿਛਲੇ 6 ਸਾਲਾਂ ਵਿੱਚ 'ਵਿਸ਼ਵਗੁਰੂ' ਕੈਨੇਡਾ ਵਿੱਚ ਹੋ ਰਹੇ ਜੀ-7 ਸੰਮੇਲਨ ਵਿੱਚ ਸ਼ਾਮਲ ਨਹੀਂ ਹੋ ਰਹੇ। ਕਾਰਨ ਕੋਈ ਵੀ ਰਿਹਾ ਹੋਵੇ, ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਭਾਰਤੀ ਕੂਟਨੀਤੀ ਦੀ ਇਹ ਇੱਕ ਹੋਰ ਵੱਡੀ ਅਸਫਲਤਾ ਹੈ।" ਇੱਥੇ ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਹੋ ਰਹੇ ਇਸ ਤਿੰਨ ਦਿਨਾ ਸੰਮੇਲਨ ਵਿੱਚ ਅਮਰੀਕਾ ਅਤੇ ਫਰਾਂਸ ਦੇ ਰਾਸ਼ਟਰਪਤੀ, ਇੰਗਲੈਂਡ, ਇਟਲੀ, ਕੈਨੇਡਾ, ਜਪਾਨ ਦੇ ਪ੍ਰਧਾਨ ਮੰਤਰੀ ਅਤੇ ਜਰਮਨੀ ਦੇ ਚਾਂਸਲਰ ਸ਼ਾਮਲ ਹੋ ਰਹੇ ਹਨ। ਇਨ੍ਹਾਂ ਸੱਤ ਮੁਲਕਾਂ ਤੋਂ ਇਲਾਵਾ ਮੈਕਸੀਕੋ, ਬ੍ਰਾਜ਼ੀਲ, ਆਸਟਰੇਲੀਆ, ਦੱਖਣੀ ਅਫਰੀਕਾ ਅਤੇ ਯੂਕਰੇਨ ਦੇ ਮੁਖੀਆਂ ਨੂੰ ਵੀ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਭੇਜਿਆ ਗਿਆ ਹੈ।

ਇੱਥੇ ਇਹ ਜਾਨਣਾ ਵੀ ਦਿਲਚਸਪ ਹੋਵੇਗਾ ਕਿ 1914 ਤੋਂ ਪਹਿਲਾਂ ਜੀ-7 ਅਸਲ ਵਿੱਚ ਜੀ-8 ਮੁਲਕਾਂ ਦਾ ਗੱਠਜੋੜ ਸੀ। ਵਿਕਸਤ ਮੁਲਕਾਂ ਦੇ ਇਸ ਗੁੱਟ 'ਚ ਰੂਸ ਵੀ ਸ਼ਾਮਲ ਸੀ। 2007 'ਚ ਜਰਮਨੀ ਵਿਖੇ ਹੋਏ ਜੀ-8 ਸਿਖਰ ਸੰਮੇਲਨ ਵਿੱਚ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸ਼ਾਮਲ ਹੋਏ ਸਨ; ਜਿੱਥੇ ਉਨ੍ਹਾਂ ਨੂੰ ਧਿਆਨ ਨਾਲ ਸੁਣਿਆ ਗਿਆ ਸੀ। ਇਸ ਮੌਕੇ ਭਾਰਤ ਅਤੇ ਜਰਮਨੀ ਵੱਲੋਂ ਸਾਂਝੇ ਤੌਰ 'ਤੇ ਮੌਸਮੀ ਤਬਦੀਲੀ ਸੰਬੰਧੀ ਸਿੰਘ-ਮਾਰਕਲ ਫਾਰਮੂਲਾ ਜਾਰੀ ਕੀਤਾ ਗਿਆ ਸੀ।

*-0-*

# ਸਿੱਖ ਰਾਜਨੀਤਿਕ ਹੋਣੀ ਨੂੰ ਸੰਬੋਧਨ ਹੋਣ ਤੋਂ ਭਟਕਾਉਣ ਦੀਆਂ ਚਾਲਾਂ

*...ਸਫਾ ਇੱਕ ਦੀ ਬਾਕੀ⇒*

ਸਮਾਨੰਤਰ ਭਰਤੀ ਕਰ ਰਹੀ ਹੈ।

ਅਜਿਹੇ ਵਿਵਾਦਾਂ ਦਾ ਕੇਂਦਰ ਹੁੰਦਿਆਂ ਵੀ ਬਾਦਲ ਗੁਟ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਚੋਰੀ ਛਿਪੇ ਨਵੇਂ ਜਥੇਦਾਰ ਵਜੋਂ ਸਹੁੰ ਚੁਕਾ ਦਿੱਤੀ ਅਤੇ ਬਿਨਾ ਕਿਸੇ ਕਾਰਨ ਜਥੇਦਾਰ ਰਘਬੀਰ ਸਿੰਘ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਅਹੁਦਿਆਂ ਤੋਂ ਮੁਕਤ ਕਰ ਦਿੱਤਾ। ਜਥੇਦਾਰ ਸਾਹਿਬਾਨ ਨੂੰ ਇਸ ਤਰ੍ਹਾਂ ਅਹੁਦਿਆਂ ਤੋਂ ਲਹੁਣਾ ਵੀ ਇੱਕ ਵਿਵਾਦ ਬਣਿਆ ਖੜ੍ਹਾ ਹੈ। ਬਾਬਾ ਹਰਨਾਮ ਸਿੰਘ ਧੁੰਮਾ ਤੇ ਕੁਝ ਹੋਰ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਜਥੇਦਾਰ ਰਘਬੀਰ ਸਿੰਘ ਅਤੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਮੁੜ ਆਪਣੇ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਵੇ। ਜਦੋਂ ਤੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੂੰ ਧੁੰਮਾ ਨੂੰ ਬੋਲ ਕੁਬੋਲ ਬੋਲਣ ਦੇ ਮਾਮਲੇ ਵਿੱਚ ਮੁਆਫੀ ਦਿੱਤੀ ਗਈ ਹੈ, ਬਾਬਾ ਧੁੰਮਾ ਜਥੇਦਾਰ ਨੂੰ ਤਖਤ ਤੋਂ ਲਾਹੁਣ ਲਈ ਹੋਰ ਸਖਤ ਹੋ ਗਏ ਹਨ। ਇਸ ਤੋਂ ਇਲਾਵਾ ਰੈਡੀਕਲ ਸਿੱਖ ਧਿਰਾਂ, ਦਲ ਖਾਲਸਾ, ਇਸ ਤਰਜ਼ ਦੀਆਂ ਹੋਰ ਜਥੇਬੰਦੀਆਂ ਵੀ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਜਥੇਦਾਰੀ ਨੂੰ ਪ੍ਰਵਾਨ ਨਹੀਂ ਕਰ ਰਹੀਆਂ। ਜਿੰਨੀ ਤਿੱਖੀ ਤਰ੍ਹਾਂ ਇਹ ਵਿਰੋਧ ਕੀਤਾ ਜਾ ਰਿਹਾ ਹੈ, ਉਸ ਨਾਲ 6 ਜੂਨ ਨੂੰ ਕਿਸੇ ਕਿਸਮ ਦਾ ਕਲੇਸ਼ ਖੜ੍ਹਾ ਹੋਣ ਦੇ ਖਦਸ਼ੇ ਵੀ ਪ੍ਰਗਟਾਏ ਜਾ ਰਹੇ ਹਨ। ਇਸ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਆਸ-ਪਾਸ ਤਿੰਨ ਹਜ਼ਾਰ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਕਰ ਦਿੱਤੀ ਹੈ। ਜਾਪਦਾ ਹੈ, ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਸਿਵਲ ਵਰਦੀ ਵਿੱਚ ਵੀ ਪੁਲਿਸ ਸਾਰੇ ਘਟਨਾਕ੍ਰਮ 'ਤੇ ਨਜ਼ਰ ਰੱਖੇਗੀ।

ਇਹ ਉਹ ਦੌਰ ਹੈ, ਜਦੋਂ ਸਿੱਖ ਪੰਥ ਬਹੁਤ ਸਾਰੀਆਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਸਿੱਖ ਭਾਈਚਾਰਾ ਮਾਲਵੇ ਵਿੱਚ ਸੌਦਾ ਸਾਧ ਦੇ ਸ਼ਾਗਿਰਦਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਲਈ ਇਨਾਸਫ ਵਾਸਤੇ ਜੂਝ ਰਿਹਾ ਹੈ। ਇਸ ਤੋਂ ਇਲਾਵਾ 84ਵਿਆਂ ਤੋਂ ਬਾਅਦ ਪੰਜਾਬ ਵਿੱਚ ਘਰਾਂ ਤੋਂ ਚੁੱਕ ਕੇ ਕਤਲ ਕੀਤੇ ਗਏ ਸਿੱਖ ਨੌਜਵਾਨਾਂ ਦਾ ਮੁੱਦਾ ਉਵੇਂ ਜਿਵੇਂ ਖੜ੍ਹਾ ਹੈ। ਚੁਰਾਸੀਵਿਆਂ ਵਿੱਚ ਜਿਨ੍ਹਾਂ ਮੁੱਦਿਆਂ 'ਤੇ ਸਿੱਖਾਂ ਨੇ ਧਰਮ ਯੁੱਧ ਮੋਰਚਾ ਲੜਿਆ ਸੀ, ਉਹ ਹਾਲੇ ਵੀ ਉਵੇਂ ਜਿਵੇਂ ਖਲੋਤੇ ਹਨ। ਕੋਈ ਵੀ ਸਰਕਾਰ ਉਨ੍ਹਾਂ ਮਸਲਿਆਂ ਨੂੰ ਹੱਲ ਨਹੀਂ ਕਰਵਾ ਸਕੀ। ਕੇਂਦਰ ਤੇ ਵੈਸੇ ਵੀ ਸਿੱਖ/ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਬਹੁਤੀ ਦਿਲਚਸਪੀ ਨਹੀਂ ਰੱਖਦਾ। ਪਿਛਲੇ ਵਿਵਾਦਾਂ ਦੇ ਨਬੇੜੇ ਨਿਆਂਪੂਰਕ ਢੰਗ ਨਾਲ ਨਹੀਂ ਹੋ ਰਹੇ, ਸਗੋਂ ਅਗਾਂਹ ਹੋਰ ਮਸਲੇ ਖੜ੍ਹੇ ਹੁੰਦੇ ਜਾ ਰਹੇ ਹਨ। ਇਨ੍ਹਾਂ ਸੋਗਮਈ ਦਿਨਾਂ ਵਿੱਚ ਹੀ ਇੱਕ ਸਖ਼ਸ਼ ਨੇ ਅੰਮ੍ਰਿਤਸਰ ਵਿਖੇ ਗੁਰਦੁਆਰਾ ਸ਼ਹੀਦਾਂ ਤੋਂ ਸੁਖਮਨੀ ਸਾਹਿਬ ਦੇ ਤਿੰਨ ਗੁਟਕਾ ਸਾਹਿਬ ਲਏ ਅਤੇ ਦਰਬਾਰ ਸਾਹਿਬ ਲਾਗੇ ਆਣ ਕਿ ਇਨ੍ਹਾਂ ਪਵਿੱਤਰ ਪੋਥੀਆਂ ਦੇ ਪੱਤਰੇ ਪਾੜ ਕੇ ਸੁੱਟਣ ਲੱਗ ਪਿਆ। ਅਜਿਹਾ ਕਰਦਿਆਂ ਉਸ ਨੂੰ ਸੰਗਤ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਜਦੋਂ ਵੇਖਿਆ ਤਾਂ ਉਸ ਨੂੰ ਰੋਕਿਆ ਤੇ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਘੱਲੂਘਾਰੇ ਵਾਲੇ ਦਿਨਾਂ ਵਿੱਚ ਇਸ ਕਿਸਮ ਦੀ ਬੇਅਦਬੀ ਕਿਸੇ ਘਿਨਾਉਣੀ ਸਾਜਿਸ਼ ਦਾ ਸਿੱਟਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਪੁਲਿਸ ਤੋਂ ਇਹ ਮੰਗ ਕੀਤੀ ਹੈ ਕਿ ਇਸ ਬੇਅਦਬੀ ਪਿੱਛੇ ਕੰਮ ਕਰਦੀ ਸਾਜ਼ਿਸ਼ ਬਾਰੇ ਡੂੰਘੀ ਤਪਤੀਸ਼ ਕਰਨ। ਉਨ੍ਹਾਂ ਕਿਹਾ ਕਿ ਇਸ ਵਿਅਕਤੀ ਨੂੰ ਵੀ ਮਾਨਸਿਕ ਰੋਗੀ ਕਿਹਾ ਜਾਵੇਗਾ। ਭਾਈ ਧਾਮੀ ਨੇ ਪੁੱਛਿਆ ਕੀ ਸਾਰੇ ਮਾਨਸਿਕ ਰੋਗੀਆਂ ਨੂੰ ਬੇਅਦਬੀ ਕਰਨ ਲਈ ਸਿੱਖ ਧਰਮ ਦੀਆਂ ਪੋਥੀਆਂ ਹੀ ਲੱਭਦੀਆਂ ਹਨ? ਕਿਸੇ ਹੋਰ ਧਰਮ ਦੀਆਂ ਕਿਉਂ ਨਹੀਂ? ਸੋ ਸਾਡੀ ਹੋਣੀ ਇਹ ਬਣ ਗਈ ਹੈ ਕਿ ਪਹਿਲੇ ਮਸਲੇ ਅਤੇ ਵਿਵਾਦ ਹੱਲ ਨਹੀਂ ਹੋ ਰਹੇ, ਨਵੇਂ ਹਰ ਆਏ ਦਿਨ ਖੜ੍ਹੇ ਹੋ ਰਹੇ ਹਨ। ਇਹ ਸਾਰਾ ਕੁਝ ਅਸਲ ਵਿੱਚ ਸਿਖਾਂ ਨੂੰ ਆਪਣੀ ਰਾਜਨੀਤਿਕ ਹੋਣੀ ਨੂੰ ਸੰਬੋਧਨ ਹੋਣ ਤੋਂ ਰੋਕਣ ਦੇ ਯਤਨ ਮਾਤਰ ਹੀ ਹਨ।


**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**





# Atlantis Banquets

Under New Management With New Glance of Experience.

1273 North Rand Road, Arlington Heights, IL 60004

**Ph: 847-259-0013**
**Cell: 773-225-4123 / 847-708-4997**
atlantisbanquetsrr@gmil.com atlantisbanquet.com



*Features*
Luxurious Decor and Ambience
Customize Catering Menu
Spacious Dance Floor
Bridal Suite

*Celebrate Your Dream Wedding With Us Elegance and Sophistication at Atlantis Banquets.*

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਭਾਰਤ-ਪਾਕਿ ਦੀ ਹਵਾਈ ਜੰਗ ਦਾ 'ਹੈਂਗਓਵਰ' ਜਾਰੀ

**ਜਸਵੀਰ ਸਿੰਘ ਸ਼ੀਰੀ**

***ਘਰ-ਘਰ ਸਿੰਧੂਰ ਮੁਹਿੰਮ ਦਾ ਮਮਤਾ ਨੇ ਭੋਗ ਪਾਇਆ**
***ਜੰਗ ਰੁਕੀ, ਪਰ ਨਹੀਂ ਰੁਕਿਆ ਜੰਗੀ ਪ੍ਰਾਪੇਗੰਡਾ**

ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲੀਆਂ ਜੰਗੀ ਹਵਾਈ ਝੜਪਾਂ ਦੀ ਸਰਗਰਮ ਫੌਜੀ ਗਤੀਵਿਧੀ ਤਾਂ ਭਾਵੇਂ ਬੰਦ ਹੋ ਗਈ ਹੈ, ਪਰ ਇਸ ਦਾ ਹੈਂਗਓਵਰ (ਆਫਟਰ ਇਫੈਕਟਸ) ਹਾਲੇ ਵੀ ਜਾਰੀ ਹੈ। ਪਾਕਿਸਤਾਨ ਆਪਣੀ ਕਮਜ਼ੋਰ ਆਰਥਿਕ ਹਾਲਤ ਕਾਰਨ ਭਾਵੇਂ ਜੰਗੀ ਭਾਸ਼ਾ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰ ਰਿਹਾ ਹੈ, ਪਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਆਖਣਾ ਹੈ ਕਿ ਆਪਰੇਸ਼ਨ ਸਿੰਧੂਰ ਹਾਲੇ ਵੀ ਜਾਰੀ ਹੈ ਅਤੇ ਹਮਲੇ ਨੂੰ ਸਿਰਫ ਹਾਲ ਦੀ ਘੜੀ ਮੁਲਤਵੀ ਕੀਤਾ ਗਿਆ ਹੈ। ਨਰਿੰਦਰ ਮੋਦੀ ਨੇ ਕਿਹਾ ਕਿ ਜਿੰਨਾ ਚਿਰ ਪਾਕਿਸਤਾਨ ਵਿੱਚ ਦਹਿਸ਼ਤਗਰਦਾਂ ਦੀ ਪੁਸ਼ਤ-ਪਨਾਹੀ ਹੁੰਦੀ ਰਹੇਗੀ, 'ਆਪਰੇਸ਼ਨ ਸਿੰਧੂਰ' ਜਾਰੀ ਰਹੇਗਾ। ਦੋਹਾਂ ਮੁਲਕਾਂ ਵਿਚਕਾਰ ਚਾਰ ਦਿਨਾਂ ਦੀ ਲੜਾਈ ਤੋਂ ਬਾਅਦ ਹੋਈ ਜੰਗਬੰਦੀ ਲਈ ਵਿਚੋਲਗੀ ਕਰਨ ਬਾਰੇ ਭਾਰਤ ਅਤੇ ਅਮਰੀਕਾ ਵੱਲੋਂ ਆਪੋ-ਆਪਣੇ ਦਾਅਵੇ ਜਾਰੀ ਹਨ। ਇਸ ਦਰਮਿਆਨ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਬੀਬੀ ਮਮਤਾ ਬੈਨਰਜੀ ਨੇ ਭਾਜਪਾ ਵੱਲੋਂ 'ਘਰ-ਘਰ ਸਿੰਧੂਰ' ਨਾਂ ਦੀ ਸ਼ੁਰੂ ਕੀਤੀ ਗਈ ਪ੍ਰਾਪੇਗੰਡਾ ਮੁਹਿੰਮ ਦਾ ਭੋਗ ਪਾ ਦਿੱਤਾ ਹੈ। ਭਾਜਪਾ ਨੇ ਇਹ ਮੁਹਿੰਮ ਵਾਪਸ ਲੈ ਲਈ ਹੈ। ਇਸ ਦਰਮਿਆਨ ਭਾਰਤ ਦੀ ਹਵਾਈ ਸੈਨਾ ਮੁਖੀ ਅਮਰਪ੍ਰੀਤ ਸਿੰਘ ਨੇ ਇੱਕ ਸਨਸਨੀਖ਼ੇਜ ਖੁਲਾਸਾ ਕਰਦਿਆਂ ਕਿਹਾ ਕਿ ਹਵਾਈ ਜੈਟ ਜਹਾਜ਼ 'ਤੇਜਸ' ਸਮੇਤ ਬਹੁਤ ਸਾਰਾ ਜੰਗੀ ਹਵਾਈ ਸਾਜ਼ੋ ਸਮਾਨ ਭਾਰਤੀ ਡਿਫੈਂਸ ਸਮਾਨ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਵਾਅਦੇ ਅਨੁਸਾਰ ਸਮੇਂ ਸਿਰ ਮੁਹੱਈਆ ਨਹੀਂ ਕੀਤਾ ਗਿਆ। ਇਸ ਕਾਰਨ ਵੀ ਦਿੱਕਤਾਂ ਸਾਹਮਣੇ ਆ ਰਹੀਆਂ ਹਨ। ਜਾਣਕਾਰਾਂ ਅਨੁਸਾਰ ਜਿਸ ਗਤੀ ਨਾਲ ਭਾਰਤੀ ਐਰੋਨੈਟਿਕਸ ਵੱਲੋਂ 'ਤੇਜਸ' ਜੈਟ 'ਤੇ ਕੰਮ ਕੀਤਾ ਜਾ ਰਿਹਾ ਹੈ, ਉਸ ਅਨੁਸਾਰ ਇਹ 2035 ਵਿੱਚ ਬਣ ਕੇ ਤਿਆਰ ਹੋਵੇਗਾ। ਉਦੋਂ ਤੱਕ ਜਹਾਜ਼ਾਂ ਦੀ ਇਹ ਜਨਰੇਸ਼ਨ ਆਊਟਡੇਟਿਡ ਹੋ ਚੁੱਕੀ ਹੋਵੇਗੀ।

ਚਾਰ ਦਿਨਾਂ ਦੀ ਇਸ ਝੜਪ ਵਿੱਚ ਭਾਰਤੀ ਹਵਾਈ ਸੈਨਾ ਦੇ ਜੈਟ ਜਹਾਜ਼ਾਂ ਦੇ ਹੋਏ ਨੁਕਸਾਨ ਦੀ ਗੱਲ ਭਾਰਤ ਦੇ ਚੀਫ ਆਫ ਡਿਫੈਂਸ ਅਨਿਲ ਚੌਹਾਨ ਨੇ ਕਬੂਲ ਕਰ ਲਈ ਹੈ। ਸਿੰਗਾਪੁਰ ਵਿੱਚ ਇੱਕ ਸਮਾਗਮ ਮੌਕੇ ਬਲੂਮਬਰਗ ਟੈਲੀਵਿਜ਼ਨ ਨਾਲ ਹੋਈ ਗੱਲਬਾਤ ਵਿੱਚ ਉਨ੍ਹਾਂ ਕਬੂਲ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਜੰਗ ਵਿੱਚ ਭਾਰਤ ਦੇ ਜੈਟ ਜਹਾਜ਼ਾਂ ਨੂੰ ਨੁਕਸਾਨ ਪੁੱਜਾ ਹੈ। ਪਾਕਿਸਤਾਨ ਵੱਲੋਂ ਭਾਰਤ ਦੇ ਛੇ ਜਹਾਜ਼ ਗਿਰਾਏ ਜਾਣ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ 'ਕੋਰਾ ਝੂਠ' ਹੈ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਝੜਪ ਵਿੱਚ ਕਿੰਨੇ ਜੈਟ ਪਾਕਿਸਤਾਨ ਵੱਲੋਂ ਮਾਰ ਗਿਰਾਏ ਗਏ ਸਨ। ਰਾਫੇਲ ਜਹਾਜ਼ਾਂ ਦੇ ਗਿਰਾਏ ਜਾਣ ਬਾਰੇ ਵੀ ਉਨ੍ਹਾਂ ਕੁਝ ਨਹੀਂ ਕਿਹਾ। ਉਨ੍ਹਾਂ ਕਿਹਾ ਕਿ ਮਾਰ ਗਿਰਾਏ ਗਏ ਜਹਾਜ਼ਾਂ ਦੀ ਗਿਣਤੀ ਕਰਨ ਨਾਲੋਂ ਇਹ ਵਧੇਰੇ ਜ਼ਰੂਰੀ ਹੈ ਕਿ ਅਸੀਂ ਇਸ ਗੱਲ ਉੱਪਰ ਆਪਣਾ ਧਿਆਨ ਕੇਂਦਰਤ ਕਰੀਏ, ਹਮਲੇ ਰਾਹੀਂ ਭਾਰਤ ਨੇ ਆਪਣੇ ਮਿੱਥੇ ਨਿਸ਼ਾਨੇ ਹਾਸਲ ਕੀਤੇ ਜਾਂ ਨਹੀਂ! ਉਨ੍ਹਾਂ ਕਿਹਾ ਕਿ ਮੁਢਲੇ ਪੜਾਅ ਵਿੱਚ ਹੋਈਆਂ ਕੁਝ ਰਣਨੀਤਿਕ ਗਲਤੀਆਂ ਨੂੰ ਸੁਧਾਰਨ ਤੋਂ ਬਾਅਦ ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਨੇ ਆਪਣੇ ਮਿੱਥੇ ਨਿਸ਼ਾਨਿਆਂ ਨੂੰ ਫੁੰਡਿਆ। ਯਾਦ ਰਹੇ, ਇਹ ਦੋਵੇਂ ਪੱਖ ਅੰਤਰਰਾਸ਼ਟਰੀ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਕੁਝ ਦਿਨ ਪਹਿਲਾਂ ਪ੍ਰਮੁੱਖ ਅਖ਼ਬਾਰ ਨਿਊ ਯਾਰਕ ਟਾਈਮਜ਼ ਨੇ ਆਪਣੀ ਇਕ ਰਿਪੋਰਟ ਵਿੱਚ ਦਰਸਾਇਆ ਸੀ ਕਿ ਪਾਕਿ ਹਵਾਈ ਸੈਨਾ ਵੱਲੋਂ ਭਾਰਤੀ ਸੈਨਾ ਦੇ ਕੁਝ ਜਹਾਜ਼ ਮਾਰ ਗਿਰਾਏ ਗਏ ਸਨ ਅਤੇ ਇਹ ਵੀ ਵਿਖਾਇਆ ਸੀ ਕਿ ਭਾਰਤੀ ਹਵਾਈ ਫੌਜ ਨੇ ਕਿਵੇਂ ਪਾਕਿਸਤਾਨ ਵਿੱਚ ਅਤਿਵਾਦੀ ਅੱਡਿਆਂ 'ਤੇ ਹਮਲੇ ਕਰਨ ਤੋਂ ਇਲਾਵਾ ਹਵਾਈ ਟਿਕਾਣਿਆਂ (ਏਅਰ ਬੇਸਿਸ) 'ਤੇ ਵੀ ਹਮਲੇ ਕੀਤੇ ਗਏ ਸਨ।


ਚੀਫ ਆਫ ਡਿਫੈਂਸ ਅਨਿਲ ਚੌਹਾਨ

ਹੁਣ ਭਾਰਤੀ ਚੀਫ ਆਫ ਡਿਫੈਂਸ ਅਨਿਲ ਚੌਹਾਨ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਅਹਿਮ ਗੱਲ ਇਹ ਨਹੀਂ ਹੈ ਕਿ ਲੜਾਕੂ ਜੈਟ ਜਹਾਜ਼ਾਂ ਨੂੰ ਨੁਕਸਾਨ ਪੁੱਜਾ, ਸਗੋਂ ਮਹੱਤਵਪੂਰਣ ਇਹ ਹੈ ਕਿ ਲੜਾਕੂ ਜਹਾਜ਼ਾਂ ਨੂੰ ਨੁਕਸਾਨ ਕਿਉਂ ਪੁੱਜਾ? ਉਨ੍ਹਾਂ ਹੋਰ ਕਿਹਾ ਕਿ ਵਧੀਆ ਗੱਲ ਇਹ ਹੈ ਕਿ ਸਾਨੂੰ ਆਪਣੀਆਂ ਰਣਨੀਤਿਕ ਗਲਤੀਆਂ ਦਾ ਪਤਾ ਲੱਗਾ, ਅਸੀਂ ਉਨ੍ਹਾਂ ਨੂੰ ਸੁਧਾਰਿਆ ਅਤੇ ਦੋ ਦਿਨ ਬਾਅਦ ਮੁੜ ਤੋਂ ਹਮਲਾ ਕੀਤਾ। ਇਸ ਮਸਲੇ ਨੂੰ ਲੈ ਕੇ ਭਾਰਤੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਵਜੋਂ ਵਿਚਰ ਰਹੀ ਕਾਂਗਰਸ ਪਾਰਟੀ ਵੱਲੋਂ ਇਹ ਸੁਆਲ ਵਾਰ-ਵਾਰ ਪੁੱਛਿਆ ਜਾ ਰਿਹਾ ਹੈ ਕਿ ਇਸ ਬਾਰੇ ਸਪਸ਼ਟ ਜਾਣਕਾਰੀ ਦਿੱਤੀ ਜਾਵੇ ਕਿ ਪਾਕਿਸਤਾਨ ਨਾਲ ਹੋਈਆਂ ਹਵਾਈ ਝੜਪਾਂ ਵਿੱਚ ਭਾਰਤ ਦੇ ਕਿੰਨੇ ਜੈਟ ਗਿਰਾਏ ਗਏ ਹਨ। ਭਾਵੇਂ ਪਹਿਲਾਂ ਵੀ ਭਾਰਤੀ ਹਵਾਈ ਫੌਜ ਦੇ ਇੱਕ ਅਧਿਕਾਰੀ ਨੇ ਇਹ ਆਖ ਕੇ ਸੱਚ ਸਵੀਕਾਰ ਕਰ ਲਿਆ ਸੀ ਕਿ 'ਜੰਗ ਵਿੱਚ ਨੁਕਸਾਨ ਤੇ ਹੁੰਦਾ ਹੀ ਹੈ।' ਇਸ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਇਸ ਪੱਖ 'ਤੇ ਚੁੱਪ ਧਾਰ ਲਈ ਗਈ ਸੀ। ਇੱਥੋਂ ਤੱਕ ਕਿ 'ਦਾ ਹਿੰਦੂ' ਨਾਂ ਦੇ ਇੱਕ ਕੌਮੀ ਅੰਗਰੇਜ਼ੀ ਅਖ਼ਬਾਰ ਵਿੱਚ ਜਹਾਜ਼ ਗਿਰਾਏ ਜਾਣ ਬਾਰੇ ਖ਼ਬਰ ਛਪ ਜਾਣ 'ਤੇ ਸਰਕਾਰ ਦੀ ਨਾਰਾਜ਼ਗੀ ਝੱਲਣੀ ਪਈ ਸੀ; ਪਰ ਬਾਅਦ ਵਿੱਚ ਨਾ ਸਿਰਫ ਇਹ ਖ਼ਬਰ ਆਪਣੀ ਵੈਬਸਾਈਟ ਤੋਂ ਡਿਲੀਟ ਕਰ ਦਿੱਤੀ ਸੀ, ਸਗੋਂ ਇਸ ਦੇ ਛਪਣ ਬਾਰੇ ਮੁਆਫੀ ਵੀ ਮੰਗੀ ਸੀ। ਕਾਂਗਰਸ ਪਾਰਟੀ ਦੇ ਆਗੂ ਮਲਿਕਰਾਜੁਨ ਖੜਗੇ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਪਾਕਿਸਤਾਨ ਨਾਲ ਜੰਗ ਦੌਰਾਨ ਨੁਕਸਾਨੇ ਗਏ ਜਹਾਜ਼ਾਂ ਬਾਰੇ ਭਾਰਤ ਸਰਕਾਰ ਨੇ ਜਨਤਾ ਨੂੰ ਗੁਮਰਾਹ ਕੀਤਾ ਅਤੇ ਹੁਣ ਇਸ ਬਾਰੇ ਜਾਣਕਾਰੀ ਹੌਲੀ ਹੌਲੀ ਸਾਹਮਣੇ ਆ ਰਹੀ ਹੈ। ਉਨ੍ਹਾਂ ਇਸ ਮਸਲੇ 'ਤੇ ਸੰਸਦ ਦਾ ਵਿਸ਼ੇਸ਼ ਸਦਨ ਸੱਦਣ ਅਤੇ ਪੂਰੀ ਜਾਣਕਾਰੀ ਸਦਨ ਵਿੱਚ ਰੱਖੇ ਜਾਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਾਰਗਿਲ ਨਜ਼ਰਸਾਨੀ ਕਮੇਟੀ ਦੀ ਤਰ੍ਹਾਂ ਇਸ ਮੁੱਦੇ 'ਤੇ ਇੱਕ ਨਿਰਪੱਖ ਮਾਹਿਰਾਂ ਦੀ ਕਮੇਟੀ ਬਣਾਈ ਜਾਵੇ ਅਤੇ ਸਾਰੀ ਸੱਚਾਈ ਲੋਕਾਂ ਸਾਹਮਣੇ ਰੱਖੇ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਇੱਕ ਹੋਰ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਾ ਤਾਂ ਸੰਸਦ ਦਾ ਵਿਸ਼ੇਸ਼ ਸਦਨ ਸੱਦਣਗੇ ਅਤੇ ਨਾ ਹੀ ਸਰਬ ਪਾਰਟੀ ਮੀਟਿੰਗ ਸੱਦ ਕੇ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲੈਣਗੇ। ਯਾਦ ਰਹੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ 'ਸਿੰਧੂਰ' ਮੇਰੀਆਂ ਰਗਾਂ ਵਿੱਚ ਵਗਦਾ ਹੈ। ਉਨ੍ਹਾਂ ਦੇ ਇਸ ਬਿਆਨ ਨੂੰ ਵਿਰੋਧੀ ਪਾਰਟੀਆਂ ਵੱਲੋਂ ਹਾਸੋਹੀਣਾ ਕਰਾਰ ਦਿੱਤਾ ਗਿਆ ਸੀ ਅਤੇ ਦੋਸ਼ ਲਗਾਇਆ ਗਿਆ ਸੀ ਕਿ ਭਾਜਪਾ ਫੌਜੀ ਕਾਰਵਾਈ ਦੀ ਸਿਆਸੀ ਵਰਤੋਂ ਕਰ ਰਹੀ ਹੈ ਤੇ ਮਸਲੇ ਨੂੰ ਬਿਹਾਰ ਦੀ ਅਸੈਂਬਲੀ ਚੋਣ ਮੁਹਿੰਮ ਵਿੱਚ ਵਰਤਣ ਦਾ ਵੀ ਯਤਨ ਕਰ ਰਹੀ ਹੈ। ਇਸ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨੇ ਆਪਣੇ ਇੱਕ ਹੋਰ ਬਿਆਨ ਵਿੱਚ ਪਾਕਿਸਤਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਗੋਲੀ ਦਾ ਜਵਾਬ ਗੋਲੀ ਨਾਲ ਦਿੱਤਾ ਜਾਵੇਗਾ। ਉਨ੍ਹਾਂ ਸਿੰਧੂਰ ਨੂੰ ਭਾਰਤੀ ਔਰਤ ਦੇ ਸ਼ਕਤੀਕਰਨ ਦਾ ਪ੍ਰਤੀਕ ਦੱਸਿਆ ਅਤੇ ਕਿਹਾ ਕਿ ਅਪਰੇਸ਼ਨ ਸਿੰਧੂਰ ਭਾਰਤੀ ਇਤਿਹਾਸ ਵਿੱਚ ਇੱਕ ਵੱਡੀ ਕਾਰਵਾਈ ਵਜੋਂ ਦਰਜ ਹੋਵੇਗਾ।

ਇਸ ਮਾਮਲੇ ਵਿੱਚ ਇੱਕ ਦਿਲਚਸਪ ਘਟਨਾਕ੍ਰਮ ਹੋਰ ਵੀ ਵਾਪਰਿਆ, ਜਿਸ ਤਹਿਤ 28 ਮਈ ਨੂੰ ਇੱਕ ਹਿੰਦੀ ਅਖ਼ਬਾਰ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ 'ਘਰ-ਘਰ ਸਿੰਧੂਰ ਮੁਹਿੰਮ' ਤਹਿਤ ਇੱਕ ਖ਼ਬਰ ਛਪੀ। ਇਸ ਖ਼ਬਰ ਵਿੱਚ ਆਖਿਆ ਗਿਆ ਸੀ ਕਿ ਸਿੰਧੂਰ ਭਾਰਤੀ ਸੱਭਿਆਚਾਰ ਵਿੱਚ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਘਰ-ਘਰ ਸੁਹਾਗ ਸਮੱਗਰੀ ਵੰਡਣਗੇ। ਇਹ ਮੁਹਿੰਮ ਪਾਰਟੀ ਵੱਲੋਂ 9 ਜੂਨ ਨੂੰ ਸ਼ੁਰੂ ਕੀਤੀ ਜਾਣੀ ਸੀ, ਪਰ ਇਸ ਮਾਮਲੇ ਦੇ ਬੜੀ ਜਲਦੀ ਵਿਵਾਦ ਬਣ ਜਾਣ ਕਾਰਨ ਇਹ ਖ਼ਬਰ ਭਾਜਪਾ ਨੇ ਨਾ ਸਿਰਫ ਆਪਣੇ ਆਫੀਸ਼ੀਅਲ ਹੈਂਡਲ ਤੋਂ ਹਟਾ ਦਿੱਤੀ, ਸਗੋਂ ਭਾਜਪਾ ਦੇ ਆਈ.ਟੀ. ਸੈਲ ਦੇ ਮੁਖੀ ਅਮਿੱਤ ਮਾਲਵੀਆ ਨੇ ਵੀ ਇਸ ਖ਼ਬਰ ਨੂੰ 'ਫੇਕ' ਕਰਾਰ ਦੇ ਦਿੱਤਾ; ਜਦਕਿ ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਆਗੂ ਇਸ ਮੁਹਿੰਮ ਦੀ ਟੀ.ਵੀ. ਚੈਨਲਾਂ 'ਤੇ ਤਰਫਦਾਰੀ ਕਰਦੇ ਅਤੇ ਇਸ ਬਾਰੇ ਜ਼ੋਰਦਾਰ ਪ੍ਰਚਾਰ ਕਰਦੇ ਨਜ਼ਰ ਆਏ ਸਨ। ਦਰਅਸਲ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਾਜਪਾ ਵੱਲੋਂ ਤੋਰੀ ਗਈ 'ਘਰ-ਘਰ ਸੰਧੂਰ' ਪ੍ਰਾਪੇਗੰਡਾ ਮੁਹਿੰਮ ਦਾ ਬੇਹੱਦ ਜ਼ੋਰਦਾਰ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤੀ ਸੰਸਕ੍ਰਿਤੀ ਅਨੁਸਾਰ ਇੱਕ ਔਰਤ ਨੂੰ ਸਿੰਧੂਰ ਉਸ ਦਾ ਪਤੀ ਹੀ ਦੇ ਸਕਦਾ ਹੈ। ਭਾਜਪਾ ਵਾਲੇ ਔਰਤਾਂ ਨੂੰ ਸਿੰਧੂਰ ਕਿਸ ਹੈਸੀਅਤ ਵਿੱਚ ਲੈ ਦੇਣਗੇ? ਉਨ੍ਹਾਂ ਤਿੱਖੀ ਚੋਭ ਲਾਉਂਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਪਤਨੀ ਨੂੰ ਸਿੰਧੂਰ ਦੇਣ। ਇਸ ਤੋਂ ਬਾਅਦ ਜਦੋਂ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਨੇ 'ਸਿੰਧੂਰ ਮੁਹਿੰਮ' 'ਤੇ ਕਾਊਂਟਰ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ ਤਾਂ ਭਾਜਪਾ ਨੂੰ ਇਹ ਮਾਮਲਾ ਆਪਣੀ ਪਾਰਟੀ ਦੇ ਖਿਲਾਫ ਭੁਗਤਦਾ ਨਜ਼ਰ ਆਇਆ। ਇਸ ਨੂੰ ਠੱਪ ਕਰਨ ਦੇ ਨਿਰਦੇਸ਼ ਦੇ ਦਿੱਤੇ ਗਏ।

ਜਿੰਨੀ ਕਾਹਲੀ ਅਤੇ ਬੇਸਮਝੀ ਨਾਲ ਇਸ ਮਾਮਲੇ ਨੂੰ ਸਿਆਸੀ ਪ੍ਰਾਪੇਗੰਡੇ ਦਾ ਆਧਾਰ ਬਣਾਉਣ ਦਾ ਯਤਨ ਕੀਤਾ ਗਿਆ, ਉਸ ਤੋਂ ਜਾਪਦਾ ਹੈ ਕਿ ਭਾਰਤੀ ਜਨਤਾ ਪਾਰਟੀ ਭਾਵੇਂ ਹਿੰਦੂ ਸੰਸਕ੍ਰਿਤੀ ਦੀ ਇੱਕੋ ਇੱਕ ਦਾਅਵੇਦਾਰ ਬਣਨ ਦਾ ਯਤਨ ਕਰ ਰਹੀ ਹੈ, ਪਰ ਲਗਦਾ ਇੰਜ ਹੈ ਕਿ ਇਸ ਦੇ ਆਗੂਆਂ ਅਤੇ ਪ੍ਰਾਪੇਗੰਡਾ ਮੈਨੇਜਰਾਂ ਨੂੰ ਆਪਣੀ ਸੰਸਕ੍ਰਿਤੀ ਦੀ ਵੀ ਗਹਿਰਾਈ ਵਿੱਚ ਸਮਝ ਨਹੀਂ ਹੈ। ਭਾਜਪਾ ਦੀ ਹਰ ਕਰਮ-ਪ੍ਰਤੀਕਰਮ ਨੂੰ ਹੋਛੇ ਢੰਗ ਨਾਲ ਉਛਾਲਣਾ ਅਤੇ ਉਸ ਨੂੰ ਵੋਟਾਂ ਵਿੱਚ ਢਾਲਣ ਦੀ ਆਦਤ ਲਗਦਾ ਹੈ ਕਿ ਕਾਫੀ ਪੱਕ ਗਈ ਹੈ। ਇਸ ਤੋਂ ਖਹਿੜਾ ਛੁਡਾਉਣਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋਵੇਗਾ। ਮਮਤਾ ਦੇ ਮੋੜਵੇਂ ਹਮਲੇ ਨੇ 'ਘਰ-ਘਰ ਸਿੰਧੂਰ ਮਹਿੰਮ' ਦਾ ਭਾਵੇਂ ਭੋਗ ਪਾ ਦਿੱਤਾ ਹੈ, ਪਰ ਚਾਰ ਦਿਨਾਂ ਦੀ ਹਵਾਈ ਜੰਗ ਦਾ ਹੈਂਗਓਵਰ ਹਾਲੇ ਵੀ ਜਾਰੀ ਰਹਿ ਰਿਹਾ ਹੈ।

## ਪੰਜਾਬੀ ਸਕੂਲ ਕਰਾਊਨ ਪੁਆਇੰਟ ਦੇ ਬੱਚਿਆਂ ਨੇ ਸ਼ਹੀਦੀ ਪੁਰਬ ਮਨਾਇਆ

**ਕਰਾਊਨ ਪੁਆਇੰਟ (ਇੰਡੀਆਨਾ):** ਗੁਰਦੁਆਰਾ ਕਰਾਊਨ ਪੁਆਇੰਟ ਵਿੱਚ ਪੰਜਾਬੀ ਸਕੂਲ ਦੀਆਂ ਕਲਾਸਾਂ ਸ਼ੁਰੂ ਹੋਇਆਂ ਭਾਵੇਂ ਇੱਕ ਮਹੀਨਾ ਹੀ ਹੋਇਆ ਹੈ, ਪਰ ਬੱਚਿਆਂ ਨੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ। ਪਹਿਲਾਂ ਬੱਚਿਆਂ ਵੱਲੋਂ 'ਮਦਰਜ਼ ਡੇਅ' ਉਤੇ ਕਵਿਤਾਵਾਂ ਤਿਆਰ ਕੀਤੀਆਂ ਗਈਆਂ ਸਨ, ਹੁਣ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਉਪਰ ਬੜੀਆਂ ਹੀ ਭਾਵੁਕ ਪੇਸ਼ਕਾਰੀਆਂ ਕਰ ਕੇ ਸੰਗਤਾਂ ਨੂੰ ਜੈਕਾਰੇ ਛੱਡਣ ਲਈ ਮਜਬੂਰ ਕਰ ਦਿੱਤਾ। ਯਾਦ ਰਹੇ, ਪੰਜਾਬੀ ਕਵੀ ਸ. ਰਵਿੰਦਰ ਸਿੰਘ ਸਹਿਰਾਅ ਦੀ ਅਗਵਾਈ ਵਿੱਚ ਇਹ ਕਲਾਸਾਂ/ਸਕੂਲ ਚਾਰ ਮਈ ਨੂੰ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਮਨਦੀਪ ਕੌਰ, ਜਨਮਜੀਤ ਕੌਰ, ਹਰਜੀਤ ਕੌਰ, ਰਵਿੰਦਰ ਕੌਰ ਅਤੇ ਭੁਪਿੰਦਰ ਸਿੰਘ ਦਾ ਸਹਿਯੋਗ ਪ੍ਰਾਪਤ ਹੈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸਰਵਣ ਸਿੰਘ ਟਿਵਾਣਾ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਗੁਰੂ ਘਰ ਦੇ ਮੋਢੀ ਪ੍ਰਧਾਨ ਡਾ. ਗੁਰਬਚਨ ਸਿੰਘ ਕਪੂਰ ਨੇ ਨਕਦ ਰਕਮ ਦੇ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਸ. ਸਹਿਰਾਅ ਨੇ ਦੱਸਿਆ ਕਿ ਅਸੀਂ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਨੂੰ ਪੜ੍ਹਨ-ਲਿਖਣ ਦੇ ਨਾਲ ਨਾਲ ਸਿੱਖ ਇਤਿਹਾਸ ਅਤੇ ਅਮੈਰਿਕਾ ਦੇ ਦਿਨਾਂ-ਤਿਓਹਾਰਾਂ ਬਾਰੇ ਵੀ ਬਰਾਬਰ ਜਾਣਕਾਰੀ ਦਿਆਂਗੇ।



**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

PROP. SUNNY BAGGA

Raja Bollywood Studio



Wedding & All Events Photography
Pre / Post Wedding Photography
Candid Photography
Cinematography Video
Video Editing
High Defination Video Coverage
Live Project On You Tube

CONTACT US...
USA- +1 331-230-9179
INDIA- 98141-00239 , 98142-00239
E-Mail- rajabollywoodstudio2@gmail.com

rajabollywoodstudio
Raja Bollywood Studio

HARBIRINDER VIRK
Mortgage Loan Officer

ratebeat MORTGAGE

847-942-9046
harbirv@gmail.com
MLS ID: 2212343

Call For All Your Mortgage Lending Needs!

Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਮਿਲਵਾਕੀ (ਵਿਸਕਾਨਸਿਨ)




"Teeyan Da Mela" in Milwaukee (WI)



'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ

## 27 ਜੁਲਾਈ 2025 (ਐਤਵਾਰ)

ਦੁਪਹਿਰ 1 ਤੋਂ ਸ਼ਾਮ 6 ਵਜੇ ਤੱਕ

*Food *Giddha *Singing *Prizes *Bhangra *Open Dance Floor

**Organizers Contact:**
Happy Chahal: 414-712-6568 – Harjinder Soos: 414-530-5699
Pinku Sandhawalia: 414-708-2035 – Gurdeep Chahal: 414-861-7395
Jas Kaur, Harpreet Toor, Mini Toor, Baljit Gill, Reena Aulakh, Harjeet Boparai, Raman Hansi

## Venue: Crowne Plaza Milwaukee

6401 S. 13th Street, Milwaukee, WI 53221


Email: MilwaukeeTeeyan@gmail.com to register your performance.
On the spot performance will not be accepted this year.
Limit 1 performance per group.

Chief Guest: Mrs. Debra Dhaliwal (wife of Mr. Darshan Singh Dhaliwal)

**Vendor Partners & Sponsors:**
Café India (Milwaukee) - Asian Diva Salon (Milwaukee) - Water Stone Bank
DJ Desi Vibes - Dream Decor By Kiran
Punjabi Community Organization (PCO) Milwaukee

# ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਅਤੇ ਮੰਤਵ

**ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ।**






## ਵਿਰਾਸਤੀ ਪੈੜ

**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**

ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾਬੰਦੀ ਨਾਲ ਨਿਰਬਲ ਹੋਈ ਜਨਤਾ ਨੂੰ ਹਲੂਣਿਆਂ, ਜਿਸ ਉਪਰ ਹੰਕਾਰੀ ਅਤੇ ਅਨੈਤਿਕ ਲੋਕ ਕਈ ਸਦੀਆਂ ਤੋਂ ਰਾਜ ਕਰ ਰਹੇ ਸਨ। ਗੁਰੂ ਜੀ ਨੇ ਇੱਕ ਮੁੱਢੋਂ ਆਜ਼ਾਦ ਧਰਮ ਅਤੇ ਪੰਥ ਦੀ ਸਿਰਜਣਾ ਕੀਤੀ। ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਿੱਚ ਪਰਵੇਸ਼ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤਕ ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚਲਦੀ ਰਹੀ। ਇਹ ਜੋਤਿ ਜੁਗਤ ਜੋ ਧਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ, ਦਸ ਗੁਰੂ ਸਾਹਿਬਾਨ ਰਾਹੀਂ ਪ੍ਰਚਾਰੀ ਗਈ; ਉਸੇ ਨਿਰਮਲ ਤੇ ਖਾਲਸ ਧਰਮ ਦਾ ਨਾਮ ਗੁਰਮਤਿ ਹੈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿ ਧਰੀ॥...
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥...
ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥...
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥
(ਪੰਨਾ 1408-1409)

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਮੋਹਸਿਨ ਫਾਨੀ ਜਿਹੜਾ ਇਰਾਨ ਵੱਲੋਂ ਅੰਮ੍ਰਿਤਸਰ ਆਇਆ, ਨੇ ਆਪਣੀ ਕਿਤਾਬ ਦੇ 'ਨਾਨਕ ਪੰਥੀ' ਮਜ਼ਮੂਨ ਵਿੱਚ ਦਰਜ ਕੀਤਾ ਕਿ "ਦੁਨੀਆਂ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ ਜਿਥੇ ਥੋੜ੍ਹੇ ਬਹੁਤ ਸਿੱਖ ਨਾ ਹੋਣ।" ਗੁਰੂ ਅਰਜਨ ਸਾਹਿਬ ਵੇਲੇ ਸਿੱਖੀ ਬਹੁਤ ਫੈਲੀ। ਗੁਰੂ ਅਰਜਨ ਦੇਵ ਜੀ ਨੇ ਪੰਥ ਨੂੰ ਬੁਨਿਆਦੀ ਤੱਥ ਸਮਝਾਉਣ ਲਈ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਵਕਤ ਸੱਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਦਰਜ ਕੀਤੇ।

ਗੁਰੂ ਅਰਜਨ ਦੇਵ ਜੀ ਨੇ "ਤੇਰਾ ਕੀਆ ਮੀਠਾ ਲਾਗੈ" ਉਚਾਰਦੇ ਹੋਏ ਸ਼ਹੀਦੀ ਤੋਂ ਪਹਿਲਾਂ ਭਾਈ ਬਿਧੀ ਚੰਦ ਘੋੜਸਵਾਰ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ "ਹਰਗੋਬਿੰਦ ਛੇਵੇਂ ਨਾਨਕ ਹਨ ਅਤੇ ਉਹ ਹਥਿਆਰਬੰਦ ਹੋ ਕੇ ਤਖ਼ਤ 'ਤੇ ਬੈਠਣ ਤੇ ਵੱਡੀ ਤੋਂ ਵੱਡੀ ਫੌਜ ਰੱਖਣ।" ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਇਸ ਘਟਨਾ ਨੇ ਸਿੱਖ ਧਰਮ ਅੰਦਰ ਇਨਕਲਾਬੀ ਮੋੜ ਲਿਆਂਦਾ। ਗੁਰੂ ਹਰਿਗੋਬਿੰਦ ਜੀ ਗੁਰੂ-ਪਿਤਾ ਦੀ ਸ਼ਹੀਦੀ ਵਕਤ 11 ਸਾਲ ਦੇ ਸਨ। ਇਸ ਸਮੇਂ ਸੰਗਤਾਂ ਨੂੰ ਕੀਰਤਨ ਕਰਨ ਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦਿਆਂ ਭਾਣਾ ਮੰਨਣ ਦਾ ਹੁਕਮ ਕੀਤਾ ਤੇ ਕਿਹਾ ਕਿ ਉਹ ਜਲਦੀ ਹੀ ਪੰਥ ਅੱਗੇ ਨਵਾਂ ਪ੍ਰੋਗਰਾਮ ਰੱਖਣਗੇ।

ਜੂਨ 1606 ਈ: ਨੂੰ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਉਸਾਰੀ ਕਰਵਾਈ। ਇਸ ਉਪਰੰਤ ਉਨ੍ਹਾਂ ਫ਼ੁਰਮਾਇਆ ਕਿ ਤਖ਼ਤ ਉੱਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਉਣ ਅਤੇ ਉਹ ਆਪ ਤਿਆਰ ਹੋ ਕੇ ਆਉਣਗੇ। ਉਨ੍ਹਾਂ ਖੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ ਤੇ ਕਲਗੀ, ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚੱਕਰ ਨਾਲ ਸੁਸ਼ੋਭਿਤ ਹੋਣ ਉਪਰੰਤ ਤਖ਼ਤ 'ਤੇ ਪਹੁੰਚੇ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਉਣ-ਇਕ ਮੀਰੀ ਦੀ ਅਤੇ ਇੱਕ ਪੀਰੀ ਦੀ। ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਵੀ ਧਾਰਮਿਕ ਅਤੇ ਰਾਜਸੀ ਗੁਰੂ ਹੋ ਕੇ ਵਿਚਰਦੇ ਰਹੇ ਹਨ, ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ ਬਲਕਿ ਸਾਰੇ ਸੰਸਾਰ ਨੂੰ ਆਪਣਾ ਰੂਪ ਪ੍ਰਤੱਖ ਕਰਨਾ ਹੈ, ਉਨ੍ਹਾਂ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ 'ਤੇ ਇੱਕ ਸਿੱਖ ਹਮੇਸ਼ਾ ਸ਼ਾਹੀ ਛਤਰ ਕਰਿਆ ਕਰੇ ਅਤੇ ਇੱਕ ਹੋਰ ਸਿੱਖ ਚੌਰ ਕਰਿਆ ਕਰੇ। ਉਨ੍ਹਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਵਾਂ ਉਤਮ ਰੂਪ ਵਿੱਚ ਪ੍ਰਵਾਨ ਹੋਣਗੀਆਂ। ਆਪਣੇ ਸਿੱਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿੱਤੀ ਕਿ ਜਦ ਗੁਰੂ ਜੀ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਲਿਆਉਣ ਲਈ ਸੰਕੇਤ ਦਿੱਤਾ ਤਾਂ ਅੰਮ੍ਰਿਤਸਰ ਤੋਂ ਘੋੜੇ ਲਿਆਉਣ ਲਈ ਸੈਂਕੜੇ ਸਿੱਖ ਤੁਰ ਪਏ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ ਜੰਗ ਛੇੜਨ ਦਾ ਇੱਕ ਖੁੱਲ੍ਹਾ ਸੱਦਾ ਸੀ। ਅਕਾਲ ਤਖ਼ਤ ਗੁਰੂ ਅਰਜਨ ਸਾਹਿਬ ਦੇ ਡੁਲ੍ਹੇ ਖੂਨ ਦੀ ਪੈਦਾਵਾਰ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਮੇਂ ਸਿੱਖਾਂ 'ਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੇ ਤਸੱਲੀ ਦਿੱਤੀ ਕਿ ਗੁਰੂ ਹਰਿਗੋਬਿੰਦ ਜੀ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਦਰਸ਼ਨਾਂ ਨੂੰ ਆਉਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੂਰਬੀਰਾਂ ਨੂੰ ਬਾਬਾ ਬੁੱਢਾ ਜੀ ਦੀ ਦੇਖ-ਰੇਖ 'ਚ ਜੰਗਜੂ ਸੰਘਰਸ਼ ਲਈ ਤਿਆਰ ਕੀਤਾ ਤੇ ਇਨ੍ਹਾਂ ਦੇ ਚਾਰ ਜਥੇ ਬਣਾਏ। ਗੁਰੂ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਬੈਠ ਕੇ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਅਕਾਲ ਤਖ਼ਤ ਸਾਹਮਣੇ ਕੁਸ਼ਤੀਆਂ, ਜੰਗਜੂ ਕਰਤੱਬ ਵਾਲੀਆਂ ਖੇਡਾਂ ਕਰਵਾਉਣੀਆਂ ਅਰੰਭ ਕਰ ਦਿੱਤੀਆਂ। ਢਾਡੀ ਬੀਰ-ਰਸੀ ਵਾਰਾਂ ਸੁਣਾਉਂਦੇ, ਸਿੱਖ ਸ਼ਕਤੀ ਦਾ ਖ਼ੂਨ ਜੋਸ਼ ਨਾਲ ਉਬਾਲੇ ਖਾਣ ਲੱਗਾ। ਅਕਾਲ ਤਖ਼ਤ ਸਾਹਿਬ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜੋ ਮੀਰੀ-ਪੀਰੀ ਦੀ ਸ਼ਕਤੀ ਦੇ ਪ੍ਰਤੀਕ ਹਨ।

ਗੁਰੂ ਜੀ ਰੋਜ਼ਾਨਾ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਦਰਬਾਰ ਲਗਾਉਂਦੇ, ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆ ਜਾਂਦਾ ਤੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਂਦਾ। ਇਸ ਦਰਬਾਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਸਿੱਖ ਧਾਰਮਿਕ ਖੇਤਰ ਵਿੱਚ ਹੀ ਸੁਤੰਤਰ ਨਹੀਂ, ਸਗੋਂ ਸੰਸਾਰਕ ਮਸਲਿਆਂ ਨੂੰ ਵੀ ਨਜਿੱਠਣ ਦੀ ਸ਼ਕਤੀ ਰੱਖਦੀ ਹੈ। ਇਹ ਆਤਮ ਨਿਰਣੈ ਲੈਣ ਦਾ ਇੱਕ ਜ਼ੋਰਦਾਰ ਪ੍ਰਗਟਾਵਾ ਸੀ। ਇਹ ਗੁਰੂ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿੱਚ ਦਿੱਤੇ ਗਏ ਚੈਲੰਜ ਨੂੰ ਪ੍ਰਵਾਨ ਕਰਨ ਦਾ ਐਲਾਨ ਵੀ ਸੀ। ਅਕਾਲ ਤਖ਼ਤ ਸਾਹਿਬ ਪਰਉਪਕਾਰੀ ਵਡਯੋਧੇ ਗੁਰੂ ਦੀਆਂ ਅਨੰਤ ਬਖਸ਼ਿਸ਼ਾਂ ਦਾ ਰੂਹਾਨੀ ਕ੍ਰਿਸ਼ਮਾ ਹੈ।

ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਨੇ 2200 ਦੀ ਫੌਜ ਤਿਆਰ ਕੀਤੀ, ਜਿਸ ਵਿੱਚ 60 ਬੰਦੂਕਚੀ, 300 ਘੋੜ-ਸਵਾਰ ਜਿਨ੍ਹਾਂ ਲਈ 700 ਘੋੜੇ ਸਨ। ਨਕਸ਼ਬੰਦੀ ਮੁਸਲਮਾਨ ਜਿਹੜੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ, ਉਹ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿੱਚ ਕੀ ਹੋ ਰਿਹਾ ਹੈ, ਕਾਫਰਾਂ ਦਾ ਗੁਰੂ ਤੇਰੇ ਰਾਜ ਵਿੱਚ ਤਖ਼ਤ 'ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਉਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰੱਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਲੈ ਕੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ "ਭਾਵੇਂ ਉਹ ਅਕਾਲ ਦੇ ਤਖ਼ਤ 'ਤੇ ਸੁਸ਼ੋਭਿਤ ਹੁੰਦੇ ਹਨ, ਪਰ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਰਾਜ ਦੇ ਇੱਕ ਗਜ਼ ਹਿੱਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਕੁਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ।" ਜਹਾਂਗੀਰ ਨੂੰ ਇਸ ਬਾਤ ਦੀ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕੀਰਤਨ ਅਤੇ ਲੋਹ-ਲੰਗਰ ਦੇ ਪ੍ਰੋਗਰਾਮ ਜਾਰੀ ਰੱਖਣ। ਅੰਮ੍ਰਿਤਸਰ ਤੋਂ ਗਵਾਲੀਅਰ ਵੱਲ ਕੀਰਤਨ ਕਰਦੇ ਸਿੱਖਾਂ ਦੇ ਜਥਿਆਂ ਨੇ ਚਾਲੇ ਪਾ ਦਿੱਤੇ। ਰਸਤੇ ਵਿੱਚ ਸਭ ਨੂੰ ਲੰਗਰ ਛਕਾਉਂਦੇ ਅਤੇ ਕਿਲ੍ਹੇ ਦੇ ਦੁਆਲੇ ਸਤਿਨਾਮੁ ਦਾ ਜਾਪ ਕਰਦੇ। ਇਸ ਸਮੇਂ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ, ਜਿਸ ਨਾਲ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ। ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਅੰਤ ਵਿੱਚ ਜਹਾਂਗੀਰ ਨੇ ਸੱਚੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ 52 ਹੋਰ ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਹੋਇਆ ਗੁਰੂ ਪਾਤਸ਼ਾਹ ਜੀ ਦਾ ਵੱਡਾ ਕਾਫਲਾ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਿਆ ਅਤੇ ਸਭ ਨੇ ਖੁਸ਼ੀ ਵਿੱਚ ਆਤਿਸ਼ਬਾਜੀ ਅਤੇ ਦੀਪਮਾਲਾ ਨਾਲ ਗੁਰੂ ਜੀ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਅਕਾਲ ਤਖ਼ਤ ਸਾਹਿਬ ਅਧੀਨ ਸਰਬ ਸੰਸਾਰ ਦੇ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ। ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

"ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਐਸੀ ਸੰਸਥਾ ਬਣ ਚੁਕੀ ਹੈ, ਜਿਸ ਨੂੰ ਸਿੱਖਾਂ ਦੀਆਂ ਧਾਰਮਿਕ ਜਾਂ ਰਾਜਨੀਤਕ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿੱਚੋਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਸਥਾਪਨਾ ਤੋਂ ਹੁਣ ਤੀਕ ਸਮੁੱਚਾ ਸਿੱਖ ਸੰਘਰਸ਼ ਇਸ ਦੇ ਦੁਆਲੇ ਕੇਂਦਰਿਤ ਰਹੇ ਹਨ। ਰਾਜਨੀਤਕ ਸਿਧਾਂਤਾਂ ਦੇ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਿੱਚ ਝੰਡਾ, ਫ਼ਲਸਫ਼ਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਣ ਦੀ ਯੋਗਤਾ; ਸਿੱਖ ਕੌਮ ਇਨ੍ਹਾਂ ਸਾਰਿਆਂ ਦੀ ਧਾਰਨੀ ਹੈ। ਖਾਲਸਾ ਪੰਥ ਪਾਸ ਆਪਣਾ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਿਕ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿੱਚ ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲੱਗਦੇ ਸੰਕਲਪਾਂ ਨੂੰ ਇਕੱਤਰ ਰੂਪ ਵਿੱਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ। ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰ ਅਤੇ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਬਿਨਾ ਕੋਈ ਸਿੱਖ ਜੀਅ ਨਹੀਂ ਸਕਦਾ। ਇਹ ਦੋਵੇਂ ਸੰਸਥਾਵਾਂ ਸਾਰੀ ਦੁਨੀਆਂ 'ਚ ਵਸਦੇ ਸਿੱਖਾਂ ਦੇ ਮਨਾਂ ਵਿੱਚ ਵਸੀਆਂ ਹੋਈਆਂ ਹਨ। ਅਕਾਲ ਤਖ਼ਤ ਸਾਹਿਬ ਬਾਦਸ਼ਾਹੀ ਤੋਂ ਸੱਚੀ ਪਾਤਸ਼ਾਹੀ ਦੇ ਸੰਕਲਪ ਦੀ ਸਿਰਜਣਾ ਦਾ ਚਿੰਨ੍ਹ ਹੈ, ਆਦਿ ਨਿਸ਼ਾਣੁ ਸ੍ਰੀ ਅਕਾਲ ਤਖ਼ਤ ਸਾਹਿਬ, ਮਾਨਵਤਾ ਦੇ ਮਹਾਂ-ਉਥਾਨ ਦਾ ਜ਼ਾਮਨ ਹੈ। ਧਰਮ ਸ਼ਾਸਤਰ ਦੇ ਇਤਿਹਾਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ-ਚੇਤਨਾ ਦਾ ਇੱਕ ਅਜਿਹਾ ਕੇਂਦਰ ਹੈ, ਜਿਥੇ ਕੇਵਲ ਤੇ ਕੇਵਲ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹੋਣਾ ਹੀ ਪਹਿਲੀ ਸ਼ਰਤ ਹੈ।" -ਡਾ. ਸੁਖਦਿਆਲ ਸਿੰਘ

"ਸਿੱਖ ਸਿਧਾਂਤ, ਸਿੱਖ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਇੱਕ ਦੂਜੇ ਦੀ ਨਿਰੰਤਰਤਾ ਵਿੱਚ ਜਾਂ ਇੱਕ ਦੂਜੇ ਦੀ ਪੂਰਕਤਾ ਵਿੱਚ ਹੀ ਵੇਖੇ ਜਾਣ ਦੀ ਲੋੜ ਹੈ। ਅਕਾਦਮਿਕ ਖੇਤਰ ਵਿੱਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਵਾਲੇ ਵਿਦਵਾਨਾਂ ਨੇ, ਇਸ ਸਤਿ ਦਾ ਕੋਈ ਨੈਤਿਕ ਬੰਧਨ ਕਬੂਲ ਨਹੀਂ ਕੀਤਾ ਜਾਪਦਾ। ਸਿੱਟਾ ਇਹ ਨਿਕਲਿਆ ਹੈ ਕਿ ਅਧਿਆਤਮਿਕਤਾ ਅਤੇ ਇਤਿਹਾਸ ਨੂੰ, ਸਿਧਾਂਤ ਤੇ ਸੰਸਥਾਵਾਂ ਨੂੰ, ਫ਼ਲਸਫ਼ੇ ਤੇ ਧਰਮ ਵਿਗਿਆਨ ਨੂੰ ਅਤੇ ਵਿਸ਼ਵਾਸ ਤੇ ਸਮਾਜਿਕਤਾ ਨੂੰ ਗੁਰਬਾਣੀ ਵਿੱਚ ਪ੍ਰਾਪਤ ਜੋਤਿ ਅਤੇ ਜੁਗਤੀ ਦੇ ਮਾਡਲ ਅਨੁਸਾਰ ਪਰਖਣ ਦੀ ਥਾਂ, ਪ੍ਰਾਪਤ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਅਨੁਸਾਰ ਢਾਲਣ ਲਈ ਖਿੱਚ ਧੂਹ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਖਣ ਵਾਸਤੇ ਲਿਖਣ ਦੀ ਆਜ਼ਾਦੀ ਨਾਲ, ਪ੍ਰਮਾਣਿਕ ਸਿੱਖ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਣ ਵਿੱਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਸਿਆਸੀ ਵਿਰੋਧ ਨੂੰ ਧਾਰਮਿਕ ਵਿਰੋਧ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ ਹੈ।" -ਡਾ. ਬਲਕਾਰ ਸਿੰਘ

"ਅਸੀਂ, ਬਿਖੜੇ-ਸੱਭਿਆਚਾਰ-ਅਵਚੇਤਨ ਦੀਆਂ ਵਿਨਾਸ਼ਕਾਰੀ ਹੱਦਾਂ ਵਿੱਚੋਂ ਗੁਜ਼ਰ ਰਹੇ ਹਾਂ। ਸਮੁੱਚੇ ਭਾਰਤ ਦਾ ਨੈਤਿਕ, ਸਿਆਸੀ ਅਤੇ ਧਾਰਮਿਕ ਆਪਾ ਇੱਕ ਵਿਸ਼ੇਸ਼ ਕਿਸਮ ਦੀ ਆਂਤਰਿਕ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਭੂ-ਖੰਡ ਦਾ ਸਤਿਕਾਰ ਦੁਨੀਆਂ ਵਿੱਚ ਦਿਨੋਂ-ਦਿਨ ਘਟ ਰਿਹਾ ਹੈ? ਸੰਭਵ ਹੈ ਕਿ ਇਸ ਦੇ ਸਤਿਕਾਰ ਦੇ ਘਟ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਸਾਰੀਆਂ ਸਿਆਸੀ ਜਮਾਤਾਂ ਨੇ, ਧਰਮਾਂ ਨੂੰ, ਨਿੱਤ ਵਰਤੋਂ ਦਾ ਹਥਿਆਰ ਬਣਾ ਕੇ ਵਰਤਣ ਦਾ ਵਿਨਾਸ਼ਕਾਰੀ ਖੇਲ੍ਹ ਖੇਲਿਆ ਹੈ। ਧਾਰਮਿਕ ਤੇਜੱਸਵ ਦੀ ਪੁਨਰ-ਸਥਾਪਤੀ ਲਈ ਇਹੋ ਜਿਹੇ ਯਤਨ ਪੰਥ ਦੇ ਤੇ ਸਮੁੱਚੇ ਭਾਰਤ ਭੂ-ਖੰਡ ਦੇ ਵਿਕਾਸ ਅਤੇ ਇਸ ਦੀਆਂ ਸਰਬ-ਉੱਚ ਮਾਣ-ਮਰਯਾਦਾਵਾਂ ਤੇ ਸੰਭਾਵਨਾਵਾਂ ਦੀ ਸਥਾਪਤੀ ਲਈ ਕਾਰਗਰ ਸਿੱਧ ਹੋ ਸਕਦੇ ਹਨ। ਧਰਮ ਦੇ ਵਿਕਾਸ ਦਾ ਜ਼ੁੰਮਾ ਨਾਸਤਿਕ ਸਿਆਸੀ ਮਾਫੀਆ ਦੇ ਹੱਥਾਂ ਵਿੱਚ ਆ ਸਕਦਾ ਹੈ। ਸ਼ਾਇਦ ਰੱਬ ਦੀ ਥਾਂ ਪੁਜਾਰੀ ਨੇ ਮੱਲ ਲਈ ਹੈ ਅਤੇ ਬਾਣੀ ਦੀ ਥਾਂ ਮਹਿਜ਼ ਵਿਆਖਿਆ ਦੇ ਸ਼ੌਕ ਨੇ ਮੱਲ ਲਈ ਹੈ। ਇਸ ਕਿਸਮ ਦਾ ਸੰਕਟ ਪੰਥ ਨੂੰ ਹਰ ਸਮੇਂ ਦਰਪੇਸ਼ ਰਿਹਾ ਹੈ। ਇਹ ਸੰਕਟ ਸਾਡੇ ਸਵੱਛ-ਅਧਿਆਤਮਕ ਚਿੰਤਨ ਨੂੰ ਸਾਂਝੇ-ਅਵਚੇਤਨ 'ਚ ਪਰਿਵਰਤਿਤ ਨਹੀਂ ਹੋਣ ਦੇ ਰਿਹਾ। ਇਸੇ ਕਾਰਨ ਸਾਡਾ ਧਾਰਮਿਕ ਤੇ ਮਾਨਸਿਕ ਅਵਚੇਤਨ ਨਿਤਾਪ੍ਰਤੀ ਟੁੱਟ ਰਿਹਾ ਹੈ। ਇਨ੍ਹਾਂ ਮਹਾਨ ਸੰਸਥਾਵਾਂ ਦਾ ਮਹੱਤਵ ਤੇ ਰੁਤਬਾ ਸਾਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਭਾਈ ਮਨੀ ਸਿੰਘ ਵਰਗੇ ਚਿੰਤਕ ਅਤੇ ਸ਼ਹੀਦ ਦੁਨੀਆਂ ਨੂੰ ਇਹ ਸਮਝਾ ਦਿੰਦੇ ਹਨ ਕਿ ਚਿੰਤਨ ਅਤੇ ਜ਼ਿੰਦਗੀ ਦੋ ਵੱਖ-ਵੱਖ ਮੁੱਦੇ ਨਹੀਂ ਹਨ, ਬਲਕਿ ਇਹ ਅਕਾਲ ਪੁਰਖ ਦੇ ਵਰੋਸਾਏ ਹੋਏ ਏਕੀਕ੍ਰਿਤ-ਮੁੱਦੇ ਹਨ। ਇਹੋ ਅਕਾਲ ਤਖ਼ਤ ਸਾਹਿਬ ਦਾ ਸ਼ਾਸਤਰੀ-ਨੇਮ ਜਾਂ ਨੈਤਿਕ ਜ਼ਿੰਦਗੀਨਾਮਹ ਬਣਦਾ ਹੈ। ਇਹੀ ਦੈਵੀ-ਫ਼ਲਸਫ਼ਾ ਸਦ-ਜਾਗਤ ਜੋਤਿ ਅਕਾਲ ਪੁਰਖ ਜੀ ਦੀ ਅੰਸ਼ ਬਣਨ ਦੀ ਮਿੱਠੀ ਵੰਗਾਰ ਵੀ ਬਣਦਾ ਹੈ।" -ਡਾ. ਕੁਲਵੰਤ ਸਿੰਘ ਗਰੇਵਾਲ

ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਬ-ਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਬ-ਉੱਚਤਾ ਪ੍ਰਾਪਤ ਰਹੀ ਹੈ। ਕਵੀ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਅਤੇ ਹੋਰ ਲੇਖਕ ਇਸ ਬਾਰੇ ਗਵਾਹੀ ਆਪਣੀਆਂ ਲਿਖਤਾਂ ਵਿੱਚ ਵੀ ਕਰਦੇ ਹਨ। ਜਿਹੜੇ ਵਿਅਕਤੀ ਇਹ ਸਮਝਦੇ ਹਨ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿੱਚ ਕੋਈ ਵਾਧਾ ਜਾਂ ਘਾਟਾ ਕਰ ਸਕਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਰੂਹ ਵਿੱਚ ਉਤਰ ਚੁਕੀਆਂ ਸੰਸਥਾਵਾਂ ਨੂੰ ਬੌਧਿਕ ਕਲਾਬਾਜ਼ੀਆਂ ਅਤੇ ਚਾਤਰੀ ਨਾਲ ਪੈਦਾ ਕੀਤੇ ਆਸਰਿਆਂ ਦੀ ਲੋੜ ਨਹੀਂ ਪੈਂਦੀ। ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤਕ ਪੱਧਰ 'ਤੇ ਆਪਸੀ ਤਾਲਮੇਲ ਅਤਿ ਜਰੂਰੀ ਹੈ। ਇਸ ਬਿਨਾ ਇਹ ਸੰਸਥਾਵਾਂ ਪ੍ਰਫੁਲਤ ਨਹੀਂ ਹੋ ਸਕਦੀਆਂ। ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਜਬਰੀ ਮਿਲਗੋਭਾ ਨਹੀਂ ਹੋਣਾ ਚਾਹੀਦਾ। ਸਹੀ ਅਰਥਾਂ ਵਿੱਚ ਅਜੋਕੇ ਦੌਰ ਵਿੱਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਸਿੱਖ ਜਗਤ ਵਿੱਚ ਚੁਣੌਤੀਆਂ ਨਾਲ ਜੂਝ ਰਹੇ ਹਨ, ਇਸਦਾ ਕਾਰਨ ਵੀ ਸਾਫ ਸਪੱਸ਼ਟ ਹੈ ਕਿ ਜਦੋਂ ਸਿਧਾਤਾਂ ਦੀ ਬਲੀ ਦੇ ਕੇ ਕੋਈ ਸਰਦਾਰੀ ਕਾਇਮ ਕਰਨਾ ਚਾਹੇਗਾ ਤਾਂ ਅਜਿਹੇ ਹਲਾਤਾਂ ਨਾਲ ਦੋ-ਚਾਰ ਹੋਣਾ ਹੀ ਪਵੇਗਾ।

ਕੀਤਾ ਕੀ ਜਾਵੇ? ਇਹ ਤਿੰਨੇ ਸੰਸਥਾਵਾਂ ਆਪਣੇ ਮੁਢਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿੱਚ ਸਿੱਖ ਕਿਰਦਾਰ ਪੈਦਾ ਕਰਕੇ ਨਵੀਨਤਮ ਢੰਗ ਨਾਲ ਪ੍ਰਚਾਰ ਦਾ ਖੇਤਰ ਚੁਨਣ। ਹਰ ਦੇਸ਼ ਵਿੱਚ ਯੂਨਿਟ ਕਾਇਮ ਕਰਕੇ ਸੇਵਾ, ਸਿਮਰਨ, ਕਿਰਤ ਦਾ ਸਿਧਾਂਤ ਨਿਮਰਤਾ ਨਾਲ ਪ੍ਰਚਾਰਨ। ਆਧੁਨਿਕ ਸਾਧਨਾਂ ਰਾਹੀਂ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ, ਧਰਮ ਬਾਰੇ ਜਾਣਕਾਰੀ ਮੁਹੱਈਆ ਕਰਨ ਦਾ ਯਤਨ ਕੀਤਾ ਜਾਵੇ। ਕਹਿਣੀ ਤੇ ਕਥਨੀ ਦਾ ਪਾਠ ਸਰਵਣ ਹੀ ਨਾ ਕਰਵਾਇਆ ਜਾਵੇ, ਪਹਿਲਾਂ ਉਨ੍ਹਾਂ ਦੇ ਧਾਰਨੀ ਹੋਇਆ ਜਾਵੇ; ਆਪ ਰੋਲ ਮਾਡਲ ਬਣਨ ਦੀ ਲੋੜ ਹੈ। ਨਵੀਨਤਮ ਕਿਸਮ ਨਾਲ ਸੁੰਦਰ ਦਿਲਚਸਪ ਸਾਹਿਤ, ਗਤੀਵਿਧੀਆਂ ਪ੍ਰਚਾਰਨ ਲਈ ਟੀਵੀ ਚੈਨਲਾਂ, ਸ਼ੋਸ਼ਲ ਮੀਡੀਆ ਤੇ ਅਖਬਾਰਾਂ, ਰਸਾਲਿਆਂ ਨੂੰ ਹਥਿਆਰ ਵਜੋਂ ਜੰਗੀ ਪੱਧਰ 'ਤੇ ਅਪਣਾਇਆ ਜਾਵੇ। ਸੰਸਾਰ ਵਿੱਚ ਵੱਧਦੇ ਸਿੱਖ ਭਾਈਚਾਰੇ ਨੂੰ ਇੱਕ ਲੜੀ ਵਿੱਚ ਪਰੋਣ ਲਈ ਇੱਕ ਅਜਿਹਾ ਦਸਤਾਵੇਜ਼ ਤਿਆਰ ਹੋਵੇ, ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖਤ ਸਾਹਿਬ ਤੋਂ ਹੋਣ ਵਾਲੇ ਸਮਾਜ ਉਸਾਰੂ ਫੈਸਲਿਆਂ ਨੂੰ ਇੱਕ ਕਲਿੱਕ ਰਾਹੀਂ ਭੇਜ ਸਕੇ। ਇਸ ਵਾਸਤੇ ਯੂਨਿਟ ਕਾਇਮ ਕੀਤੇ ਜਾਣ। ਜੋ ਸੰਸਥਾਵਾਂ ਆਪਣੇ ਆਪ ਨੂੰ ਬੁੱਧੀਜੀਵੀ ਵਰਗ ਨਾਲੋਂ ਤੋੜ ਲੈਂਦੀਆਂ ਜਾਂ ਦੂਰੀ ਬਣਾ ਲੈਂਦੀਆਂ ਹਨ, ਉਨ੍ਹਾਂ ਦਾ ਵਜੂਦ ਅਖੀਰ ਜਲਦ ਹੀ ਖਾਤਮੇ ਵੱਲ ਵੱਧ ਜਾਂਦਾ ਹੈ। ਅੱਜ ਸਵੈ-ਪੜਚੋਲ ਦੀ ਲੋੜ ਹੈ, ਜੋ ਹੋ ਨਹੀਂ ਰਹੀ।

# ਸਿੱਖ ਸੰਘਰਸ਼ ਲਈ ਜੰਗ ਦੇ ਅਰਥ

*ਪਿਛਲੀਆਂ ਦੋ ਸਦੀਆਂ ਵਿੱਚ ਜੰਗ ਦੇ ਵਰਤਾਰੇ ਦੀਆਂ ਜੜ੍ਹਾਂ ਮੁੱਖ ਰੂਪ ਵਿੱਚ ਰਾਜ ਦੇ ਸਾਮਰਾਜੀ ਅਤੇ ਨੇਸ਼ਨ ਸਟੇਟ ਰੂਪਾਂ ਦੇ ਪੈਦਾ ਹੋਣ ਤੇ ਪਤਨ ਨਾਲ ਜੁੜੀਆਂ ਹੋਈਆਂ ਹਨ। ਇਹ ਜੰਗਾਂ ਰਾਜ ਦੇ ਸਾਮਰਾਜੀ ਰੂਪ ਦੇ ਨੇਸ਼ਨ ਸਟੇਟ ਵਿੱਚ ਸੰਸਥਾਗਤ ਬਦਲਾਅ ਦੇ ਅਮਲ ਨਾਲ ਵੀ ਸਬੰਧਿਤ ਹਨ; ਪਰ ਇਨ੍ਹਾਂ ਦੋਵੇਂ ਸਦੀਆਂ ਦੌਰਾਨ ਯੂਰਪ ਵਿੱਚ ਲੜੀਆਂ ਗਈਆਂ ਜੰਗਾਂ ਅਤੇ ਦੁਨੀਆਂ ਦੇ ਦੂਜੇ ਹਿੱਸਿਆਂ ਵਿੱਚ ਲੜੀਆਂ ਗਈਆਂ ਜੰਗਾਂ ਵਿਚਕਾਰ ਰਾਜ ਦੀ ਸੰਸਥਾ ਵਿੱਚ ਆਉਣ ਵਾਲੀਆਂ ਤਬਦੀਲੀਆਂ ਅਤੇ ਕੌਮਾਂਤਰੀ ਰਾਜਨੀਤਿਕ ਪ੍ਰਣਾਲੀ ਵਿੱਚ ਆਉਣ ਵਾਲੇ ਬਦਲਾਵਾਂ ਦੇ ਪੱਖ ਤੋਂ ਵੱਡੇ ਫ਼ਰਕ ਹਨ। ਜੰਗ ਨੇ ਸਿੱਖਾਂ ਦੀ ਰਾਜਨੀਤਿਕ ਹੋਣੀ 'ਤੇ ਵੀ ਵੱਡੇ ਅਸਰ ਪਾਏ ਹਨ। ਇਸ ਲੇਖ ਵਿੱਚ ਜੰਗ ਸਬੰਧੀ ਉਸਾਰੇ ਗਏ ਸਿਧਾਂਤਾਂ ਦੇ ਸੰਦਰਭ ਵਿੱਚ ਪਿਛਲੇ ਸਮੇਂ ਵਿੱਚ ਹੋਈਆਂ ਜੰਗਾਂ ਦੇ ਸਿੱਖ ਕੌਮ 'ਤੇ ਪਏ ਅਸਰਾਂ ਬਾਰੇ ਚਰਚਾ ਕੀਤੀ ਗਈ ਹੈ ਅਤੇ ਇਸੇ ਸੰਦਰਭ ਵਿੱਚ ਜੰਗ ਦੇ ਸਿੱਖਾਂ ਦੇ ਕੌਮੀ ਆਜ਼ਾਦੀ ਦੇ ਸੰਘਰਸ਼ 'ਤੇ ਪੈਣ ਵਾਲੇ ਅਸਰ ਬਾਰੇ ਵੀ ਰਚਨਾਤਮਿਕ ਸਮਝ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਥਲੇ ਲੇਖ ਵਿੱਚ 'ਯੂਰਪ ਵਿੱਚ ਜੰਗਾਂ ਦਾ ਰਾਜਨੀਤਿਕ ਬਦਲਾਵਾਂ ਵਿੱਚ ਯੋਗਦਾਨ' ਬਾਰੇ ਚਰਚਾ ਛੋਹੀ ਗਈ ਹੈ। ਲੇਖ ਲੰਮਾ ਹੋਣ ਕਾਰਨ ਦੂਜੀ ਕਿਸ਼ਤ ਵਿੱਚ ਯਾਨਿ ਅਗਲੇ ਅੰਕ ਵਿੱਚ 'ਸਿੱਖ ਭਾਈਚਾਰੇ ਦੇ ਰਾਜਨੀਤਿਕ ਵਿਗਾਸ ਵਿੱਚ ਜੰਗਾਂ ਦਾ ਯੋਗਦਾਨ' ਬਾਰੇ ਚਰਚਾ ਕੀਤੀ ਜਾਵੇਗੀ।*

**ਡਾ. ਜਸਵੀਰ ਸਿੰਘ**

## ਯੂਰਪ ਵਿੱਚ ਜੰਗਾਂ ਦਾ ਰਾਜਨੀਤਿਕ ਬਦਲਾਵਾਂ ਵਿੱਚ ਯੋਗਦਾਨ


ਪੰਦਰਵੀਂ ਸਦੀ ਵਿੱਚ ਹੀ ਯੂਰਪ ਵਿੱਚ ਜੰਗਾਂ ਦੇ ਕਾਰਨ ਵੱਡੀਆਂ ਰਾਜਸੀ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਜੰਗ ਦੀਆਂ ਹਾਲਤਾਂ ਅਤੇ ਲੋੜਾਂ ਨੇ ਯੂਰਪ ਵਿੱਚ ਸ਼ਾਸ਼ਕਾਂ ਨੂੰ ਪੱਕੀਆਂ ਫੌਜਾਂ ਰੱਖਣ, ਇਨ੍ਹਾਂ ਫੌਜਾਂ ਵਿੱਚ ਸਿੱਧੀ ਭਰਤੀ ਕਰਨ ਅਤੇ ਫੌਜਾਂ ਦੇ ਪ੍ਰਬੰਧ ਲਈ ਘਰੇਲੂ ਪੇਸ਼ੇਵਰ ਨੌਕਰਸ਼ਾਹੀ ਦਾ ਢਾਂਚਾ ਉਸਾਰਨ ਲਈ ਮਜਬੂਰ ਕੀਤਾ। ਫੌਜੀ ਪ੍ਰਬੰਧ ਵਿੱਚ ਆਏ ਇਸ ਬਦਲਾਅ ਨੇ ਰਾਜ ਦੇ ਕਾਰਜਾਂ ਦਾ ਫੈਲਾਅ ਕੀਤਾ ਅਤੇ ਇਹ ਲੋਕਾਂ ਦੀ ਨਿੱਜੀ ਜ਼ਿੰਦਗੀ ਵਿੱਚ ਦਾਖ਼ਲ ਹੋਣਾ ਸ਼ੁਰੂ ਹੋ ਗਿਆ। ਸਿੱਧੇ ਸ਼ਾਸਨ ਦੀ ਇਸ ਰਾਜਸੀ ਤਬਦੀਲੀ ਨੇ ਸ਼ਾਸ਼ਕਾਂ ਨੂੰ ਲੋਕਾਂ ਦੇ ਏਕੇ ਨੂੰ ਰਾਜ ਦੀ ਤਾਕਤ ਵਿੱਚ ਵਾਧਾ ਕਰਨ ਲਈ ਵਰਤਣ ਲਈ ਚੇਤੰਨ ਕਰ ਦਿੱਤਾ। ਜੰਗਾਂ ਦੀਆਂ ਲੋੜਾਂ ਨੇ ਸ਼ਾਸ਼ਕਾਂ ਨੂੰ ਭਾਸ਼ਾਈ, ਧਾਰਮਿਕ ਅਤੇ ਵਿਚਾਰਧਾਰਕ ਤੌਰ 'ਤੇ ਏਕੇ ਵਿੱਚ ਬੱਝੇ ਲੋਕਾਂ ਦੇ ਰਾਜਸ਼ਾਹੀਆਂ ਨੂੰ ਪੈਦਾ ਹੋਣ ਵਾਲੇ ਖ਼ਤਰਿਆਂ ਦੇ ਬਾਵਜੂਦ ਇਸ ਏਕੇ ਦਾ ਰਾਜਸੀ ਤਾਕਤ ਦੇ ਵਾਧੇ ਲਈ ਜੋਖਿਮ ਲੈਣ ਲਈ ਤਿਆਰ ਕੀਤਾ। ਸ਼ਾਸ਼ਕਾਂ ਨੇ ਲੋਕਾਂ ਦੇ ਇਸ ਏਕੇ ਨੂੰ ਰਾਜ ਨੂੰ ਲੋਕਾਂ ਦੀ ਪਛਾਣ ਬਣਾਉਣ, ਰਾਜਨੀਤਿਕ ਸੰਚਾਰ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਅਤੇ ਪ੍ਰਸ਼ਾਸਨੀ ਬਦਲਾਵਾਂ ਨੂੰ ਲੋਕਾਂ ਦੇ ਵੱਡੇ ਹਿੱਸਿਆ 'ਤੇ ਲਾਗੂ ਕਰਨ ਲਈ ਵਰਤਿਆ। ਇਹ ਏਕਾ ਬਾਹਰੀ ਤਾਕਤਾਂ ਨਾਲ ਲੜਨ ਲਈ ਵੀ ਲਾਹੇਵੰਦ ਸਾਬਤ ਹੋਇਆ।

ਸਪੇਨ, ਫ਼ਰਾਂਸ ਅਤੇ ਕਈ ਹੋਰ ਯੂਰਪੀ ਰਾਜਾਂ ਨੇ ਧਾਰਮਿਕ ਘੱਟ-ਗਿਣਤੀ ਯਹੂਦੀ ਅਤੇ ਮੁਸਲਿਮ ਭਾਈਚਾਰਿਆਂ ਨੂੰ ਧਰਮ ਬਦਲ ਕੇ ਈਸਾਈ ਏਕੇ ਵਿੱਚ ਸ਼ਾਮਿਲ ਕਰਵਾਉਣ ਦੀ ਨੀਤੀ ਵੀ ਵਰਤੀ। 1492 ਈਸਵੀ ਵਿੱਚ ਸਪੇਨ ਦੇ ਸ਼ਾਸ਼ਕਾਂ ਨੇ ਇਹ ਨੀਤੀ ਅਪਣਾਈ। ਪੁਰਤਗਾਲ ਨੇ 1497 ਵਿੱਚ ਧਰਮ ਬਦਲਣ ਦੀ ਨੀਤੀ ਲਾਗੂ ਕੀਤੀ। ਇਸ ਦੇ ਸਿੱਟੇ ਵਜੋਂ ਯਹੂਦੀਆਂ ਦਾ ਯੂਰਪ ਦੇ ਦੂਜੇ ਖੇਤਰਾਂ ਵਿੱਚ ਪਰਵਾਸ ਹੋਇਆ। ਇਸਾਈ ਸੁਧਾਰਵਾਦੀ ਪ੍ਰੋਟੇਸਟੈਂਟ ਲਹਿਰ ਨੇ ਛੋਟੇ ਰਾਜਿਆਂ ਨੂੰ ਇਸ ਲੋਕ ਏਕੇ ਨੂੰ ਵੱਡੇ ਸਾਮਰਾਜਾਂ ਖਿਲਾਫ਼ ਵਰਤਣ ਦਾ ਮੌਕਾ ਦਿੱਤਾ। ਇਨ੍ਹਾਂ ਸ਼ਾਸ਼ਕਾਂ ਨੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ 'ਤੇ ਆਧਾਰਿਤ ਏਕੇ ਨੂੰ ਰਾਜਨੀਤਿਕ ਹਿੱਤਾਂ ਲਈ ਵਰਤਣ ਲਈ ਚਰਚ ਅਤੇ ਇਸਾਈ ਪੁਜਾਰੀਆਂ ਦੇ ਪ੍ਰਸ਼ਾਸ਼ਕੀ ਢਾਂਚੇ ਦੀ ਵਧਵੀਂ ਵਰਤੋਂ ਕੀਤੀ। ਸਤਾਰਵੀਂ ਸਦੀ ਤੱਕ ਸਵੀਡਨ ਦਾ ਪ੍ਰਸ਼ਾਸ਼ਕੀ ਢਾਂਚਾ ਲਗਭਗ ਲੂਥਰੀਅਨ ਚਰਚ ਦੇ ਪਾਸਟਰਾਂ ਦੇ ਅਧੀਨ ਸੀ। ਸਾਂਝੇ ਧਾਰਮਿਕ ਵਿਸ਼ਵਾਸ ਅਤੇ ਸਾਂਝੇ ਇਸਾਈ ਪਾਦਰੀਆਂ ਨੇ ਪ੍ਰਭੂਸੱਤਾ ਨੂੰ ਰਾਜ ਦੀ ਮਾਨਤਾ ਨਾਲ ਜੋੜ ਕੇ ਇਸ ਨੂੰ ਸ਼ਾਸਨ ਦਾ ਤਾਕਤਵਰ ਯੰਤਰ ਬਣਾ ਦਿੱਤਾ। ਅਠਾਰਵੀਂ ਸਦੀ ਵਿੱਚ ਅਮਰੀਕਾ ਅਤੇ ਫ਼ਰਾਂਸ ਵਿੱਚ ਆਈਆਂ ਕ੍ਰਾਂਤੀਆਂ ਨੇ ਯੂਰਪ ਵਿੱਚ ਕੇਂਦਰੀਕ੍ਰਿਤ ਕੌਮੀ ਸਰਕਾਰ ਦਾ ਨਮੂਨਾ ਹੀ ਪੈਦਾ ਨਹੀਂ ਕੀਤਾ, ਪਰ ਨਾਲ ਹੀ ਜੰਗ ਦਾ ਮੁਹਾਣ ਵੀ ਬਦਲ ਦਿੱਤਾ।

1648 ਈ. ਵਿੱਚ ਹੋਈ ਵੈਸਟਫਲੀਅਨ ਸੰਧੀ ਤੋਂ ਪਹਿਲਾਂ ਯੂਰਪ ਵਿੱਚ ਸਮਰਾਟਾਂ, ਇਸਾਈ ਚਰਚ ਦੇ ਧਾਰਮਿਕ ਆਗੂਆਂ ਅਤੇ ਜਗੀਰਦਾਰਾਂ ਦਾ ਰਾਜ ਸੀ। ਵੈਸਟਫਲੀਅਨ ਸੰਧੀ ਤੋਂ ਬਾਅਦ ਇਸਾਈ ਧਾਰਮਿਕ ਆਗੂਆਂ ਅਤੇ ਜਗੀਰਦਾਰੀ ਕੁਲੀਨ ਵਰਗਾਂ ਦੀ ਤਾਕਤ ਥੋੜ੍ਹੀ ਬਹੁਤ ਬਚੀ ਰਹੀ, ਪਰ ਪਵਿੱਤਰ ਰੋਮ ਚਰਚ ਦੇ ਸਾਮਰਾਜ ਦੀ ਧਾਰਮਿਕ ਅਤੇ ਰਾਜਨੀਤਿਕ ਸੱਤਾ ਦਾ ਖਾਤਮਾ ਹੋ ਗਿਆ। ਸਪੇਨ ਵਲੋਂ ਨੀਦਰਲੈਂਡ ਦੀ ਆਜ਼ਾਦੀ ਦੀ ਮਾਨਤਾ ਨੇ ਜਰਮਨ ਰਾਜਾਂ ਨੂੰ ਖ਼ੁਦਮੁਖਤਿਆਰ ਖੇਤਰ ਬਨਣ ਵਿੱਚ ਮਦਦ ਕੀਤੀ।

ਆਸਟਰੀਆ ਦੇ ਕੇਂਦਰੀ ਯੂਰਪ ਨੂੰ ਕਾਬੂ ਹੇਠ ਰੱਖਣ ਤੋਂ ਅਸਫ਼ਲ ਰਹਿਣ ਕਾਰਨ ਯੂਰਪ ਵਿੱਚ ਇਸ ਦੇ ਤਾਕਤਵਰ ਸਾਮਰਾਜ ਹੋਣ ਦੇ ਰੁਤਬੇ 'ਤੇ ਵੱਡੀ ਸੱਟ ਮਾਰੀ। ਤੀਹ ਸਾਲਾਂ ਤੱਕ ਜੰਗ ਤੋਂ ਬਾਅਦ ਹੋਈ ਵੈਸਟਫਲੀਅਨ ਸੰਧੀ ਅਤੇ ਸਪੇਨ ਤੇ ਆਸਟਰੀਆ ਦੇ ਸਾਮਰਾਜਾਂ ਦੇ ਪਤਨ ਦੇ ਸਿੱਟੇ ਵਜੋਂ ਯੂਰਪੀਅਨ ਰਾਜਨੀਤਿਕ ਮਾਹੌਲ ਪੂਰੀ ਤਰ੍ਹਾਂ ਬਦਲ ਗਿਆ। ਇਸ ਨੇ ਯੂਰਪ ਦੇ ਕਿਸੇ ਸਾਂਝੇ ਅਤੇ ਇਕਾਤਮਕ ਸਾਮਰਾਜੀ ਸ਼ਾਸ਼ਕ ਦੇ ਅਧੀਨ ਹੋ ਜਾਣ ਦੀ ਸੰਭਾਵਨਾ ਦਾ ਖਾਤਮਾ ਹੀ ਨਹੀਂ ਕੀਤਾ, ਬਲਕਿ ਰੋਮਨ ਕੈਥੋਲਿਕ ਚਰਚ ਦੀ ਰਾਜਨੀਤਿਕ ਅਤੇ ਅਧਿਆਤਮਕ ਤਾਕਤ 'ਤੇ ਅਜ਼ਾਰੇਦਾਰੀ ਵੀ ਖਤਮ ਕਰ ਦਿੱਤੀ। ਭਾਈਚਾਰਿਆਂ ਦੀ ਖ਼ੁਦਮੁਖਤਿਆਰੀ ਅਤੇ ਅੰਤਰ-ਰਾਜੀ ਮੁਕਾਬਲੇ 'ਤੇ ਆਧਾਰਿਤ 'ਕੌਮੀ ਪ੍ਰਭੂਸੱਤਾ' ਯੂਰਪੀਅਨ ਸ਼ਾਸਨ ਪ੍ਰਣਾਲੀ ਦੀ ਕੇਂਦਰੀ ਖਾਸੀਅਤ ਬਣ ਗਈ। ਇਸ ਸੰਦਰਭ ਵਿੱਚ ਰੋਮਨ ਪਵਿੱਤਰ ਚਰਚ ਦੀ ਸਾਮਰਾਜੀ ਤਾਕਤ ਦੇ ਪਤਨ ਦਾ ਵਰਤਾਰਾ ਸਾਡੇ ਲਈ ਮਹੱਤਵਪੂਰਨ ਨੁਕਤਾ ਹੈ।

ਹੈਬਸਬਰਗ ਸ਼ਾਸ਼ਕਾਂ ਅਤੇ ਖਾਸ ਕਰਕੇ ਸਪੇਨ ਦੇ ਰਾਜੇ ਫਿਲਿਪ ਦੂਜੇ ਦੇ ਰਾਜ ਦੌਰਾਨ ਯੂਰਪ ਦੇ ਵੱਡੇ ਹਿੱਸੇ ਰੋਮਨ ਕੈਥੋਲਿਕ ਚਰਚ ਦੇ ਕਾਬੂ ਹੇਠ ਸਨ। 1302 ਈਸਵੀ ਵਿੱਚ ਚਰਚ ਦੇ ਇੱਕ ਫ਼ੁਰਮਾਨ ਵਿੱਚ 'ਪੋਪ ਦੇ ਦੁਨਿਆਵੀ ਸ਼ਾਸ਼ਕ ਦੀ ਸੱਤਾ ਤੋਂ ਉੱਪਰ ਹੋਣ ਦਾ' ਐਲਾਨ ਕੀਤਾ ਗਿਆ ਸੀ। 1555 ਈਸਵੀ ਵਿੱਚ ਆਗਸਬਰਗ ਸੰਧੀ ਨੇ ਪੋਪ ਦੀ ਸੱਤਾ ਨੂੰ ਵੱਡੀ ਚੁਣੌਤੀ ਦਿੱਤੀ, ਜਦੋਂ ਜਰਮਨ ਰਾਜਿਆਂ ਨੂੰ ਆਪਣੇ ਖੇਤਰਾਂ ਵਿੱਚ ਕੈਥੋਲਿਕ ਅਤੇ ਲੂਥਰੀਅਨ ਚਰਚਾਂ ਨੂੰ ਮਾਨਤਾ ਦੇਣ ਦਾ ਅਧਿਕਾਰ ਮਿਲ ਗਿਆ। ਇਸ ਤਬਦੀਲੀ ਨੇ 'ਜਿਸ ਦਾ ਖੇਤਰ ਉਸੇ ਦਾ ਧਰਮ' ਦੇ ਸਿਧਾਂਤ ਨੂੰ ਮਾਨਤਾ ਦਿਵਾਈ, ਭਾਵ ਰਾਜ ਨੂੰ ਆਪਣੇ ਲੋਕਾਂ ਦੇ ਧਰਮ ਬਾਰੇ ਫੈਸਲਾ ਲੈਣ ਦੀ ਤਾਕਤ ਦਿੱਤੀ। ਆਗਸਬਰਗ ਦੀ ਸੰਧੀ ਨੇ ਪੋਪ ਦੀ ਸੱਤਾ 'ਤੇ ਸੱਟ ਮਾਰੀ, ਪਰ ਵੈਸਟਫਲੀਆ ਸੰਧੀ ਨੇ ਇਸ ਸੱਤਾ ਦਾ ਲਗਭਗ ਖਾਤਮਾ ਕਰ ਦਿੱਤਾ। ਇਸ ਤਬਦੀਲੀ ਨੇ ਵੱਖ-ਵੱਖ ਭਾਸ਼ਾਈ ਅਤੇ ਸੱਭਿਆਚਾਰਕ ਪਛਾਣਾਂ ਵਾਲੇ ਭਾਈਚਾਰਿਆਂ ਦੇ ਸਾਂਝੀ ਧਾਰਮਿਕ ਸੱਤਾ 'ਤੇ ਆਧਾਰਿਤ ਕੇਂਦਰੀਕ੍ਰਿਤ ਅਤੇ ਏਕਾਤਮਕ ਰਾਜਸੀ ਸੱਤਾ ਹੇਠ ਵਿਚਾਰਨ ਦੇ ਵਿਚਾਰ ਨੂੰ ਰੱਦ ਕਰ ਦਿੱਤਾ। ਲੂਥਰੀਅਨ ਸੁਧਾਰਵਾਦ ਨੇ ਵੱਖ-ਵੱਖ ਭਾਸ਼ਾਈ ਪਛਾਣਾਂ ਵਾਲੇ ਭਾਈਚਾਰਿਆਂ ਨੂੰ ਆਪਣੇ ਖੇਤਰੀ ਰਾਜ ਸਿਰਜਣ ਦੇ ਰਾਹ ਤੋਰ ਦਿੱਤਾ। ਨੇਸ਼ਨ ਸਟੇਟ ਦੇ ਪੈਦਾ ਹੋਣ ਦੇ ਅਮਲ ਦੀਆਂ ਜੜ੍ਹਾਂ ਇਸੇ ਰਾਜਸੀ ਬਦਲਾਅ ਵਿੱਚ ਲੱਗੀਆਂ ਹਨ।




**ਗੁਲਾਬ ਦੀਆਂ ਜੰਗਾਂ, ਜੋ ਉਸ ਸਮੇਂ ਅਤੇ ਇੱਕ ਸਦੀ ਤੋਂ ਵੱਧ ਸਮੇਂ ਤੱਕ ਸਿਵਲ ਵਾਰਾਂ ਵਜੋਂ ਜਾਣੀਆਂ ਜਾਂਦੀਆਂ ਸਨ, ਪੰਦਰਵੀਂ ਸਦੀ ਦੇ ਅੱਧ ਤੋਂ ਲੈ ਕੇ ਅੰਤ ਤੱਕ ਅੰਗਰੇਜ਼ੀ ਤਖਤ ਦੇ ਨਿਯੰਤਰਣ ਲਈ ਲੜੀਆਂ ਗਈਆਂ ਘਰੇਲੂ ਜੰਗਾਂ ਦੀ ਇੱਕ ਲੜੀ ਸੀ, ਜੋ ਸ਼ਾਹੀ ਘਰਾਣੇ ਪਲਾਂਟਾਜੇਨੇਟ ਦੀਆਂ ਦੋ ਵਿਰੋਧੀ ਕੈਡੇਟ ਸ਼ਾਖਾਵਾਂ: ਲੈਂਕੈਸਟਰ ਅਤੇ ਯੌਰਕ ਦੇ ਸਮਰਥਕਾਂ ਵਿਚਕਾਰ ਲੜੀਆਂ ਗਈਆਂ ਸਨ।**

ਇਸ ਰਾਜਸੀ ਬਦਲਾਅ ਨੇ ਯੂਰਪ ਵਿੱਚ ਜੰਗ ਦੇ ਰੂਪ ਨੂੰ ਵੀ ਬਦਲ ਦਿੱਤਾ। ਪਿਤਾ-ਪੁਰਖੀ ਅਤੇ ਜੱਦੀ ਸੱਤਾ 'ਤੇ ਆਧਾਰਿਤ ਰਾਜਸ਼ਾਹੀਆਂ ਤੇ ਸ਼ਾਸ਼ਕਾਂ ਦਾ ਵਿਰੋਧ ਹੋਣਾ ਸ਼ੁਰੂ ਹੋਇਆ ਅਤੇ ਭਾਈਚਾਰਿਆਂ ਨੇ ਪ੍ਰਤੀਨਿਧਤਾਂ ਲਈ ਸੰਘਰਸ਼ ਕਰਨੇ ਸ਼ੁਰੂ ਕਰ ਦਿੱਤੇ। ਇਸ ਅਮਲ ਨੇ ਕੌਮਵਾਦ ਨੂੰ ਰਾਜ ਦੀ ਸਿਰਜਣਾ ਦਾ ਸਰੋਤ ਬਣਾ ਦਿੱਤਾ ਤੇ ਭਾਈਚਾਰੇ 'ਨੇਸ਼ਨ' ਦਾ ਰੂਪ ਧਾਰਨ ਕਰ ਗਏ। ਰਾਜ ਸਿਰਜਣਾ ਦੇ ਇਸ ਦੌਰ ਵਿੱਚ ਨੇਸ਼ਨ ਅਤੇ ਨੇਸ਼ਨਲਿਜ਼ਮ ਦਾ ਅਮਲ ਮਨੁੱਖੀ ਸਮੂਹਾਂ ਦੇ ਪ੍ਰਭੂਸੱਤਾ ਦੇ ਸਰੋਤ ਹੋਣ ਦੇ ਵਿਚਾਰ 'ਤੇ ਆਧਾਰਿਤ ਸੀ। ਇਸ ਸਮੇਂ ਜਦੋਂ ਨੇਸ਼ਨ ਨੇ ਯੂਰਪ 'ਚ ਆਧੁਨਿਕ ਅਰਥ ਗ੍ਰਹਿਣ ਕੀਤੇ ਅਤੇ ਇਹ ਮਨੁੱਖੀ ਸਮੂਹਾਂ ਜਾਂ ਲੋਕਾਂ ਦੇ ਸਮੂਹਾਂ ਦਾ ਸਮਾਨਅਰਥੀ ਸੰਕਲਪ ਬਣ ਗਿਆ ਤਾਂ ਵਿਹਾਰਕ ਤੌਰ 'ਤੇ ਇਸ ਦਾ ਸਬੰਧ ਰਾਜਨੀਤਿਕ ਅਤੇ ਸੱਭਿਆਚਾਰਕ ਪ੍ਰਤੀਨਿਧਤਾ ਕਰਨ ਵਾਲੇ ਪਤਵੰਤੇ ਵਰਗਾਂ ਨਾਲ ਸੀ।

ਸੋਹਲਵੀਂ ਸਦੀ ਦੇ ਇੰਗਲੈਂਡ ਵਿੱਚ 'ਲੋਕ' ਸ਼ਬਦ 'ਰੈਬਲ' ਅਤੇ 'ਪਲੇਬਸ' (Rabble and Plebs) ਦੇ ਰੂਪ ਵਿੱਚ ਸਮਾਜ ਦੇ ਹੇਠਲੇ ਵਰਗਾਂ ਲਈ ਵਰਤਿਆ ਜਾਂਦਾ ਸੀ। ਲੋਕ ਸਮੂਹ ਦੇ ਕੌਮੀਕ੍ਰਿਤ ਸਮੂਹ ਵਿੱਚ ਬਦਲਣ ਨਾਲ ਇਹ ਵਰਗ ਪਤਵੰਤੇ ਵਰਗਾਂ ਦਾ ਰੁਤਬਾ ਹਾਸਿਲ ਕਰ ਗਿਆ। ਲੋਕ ਸਮੂਹ ਦੇ ਕੌਮੀਕਰਨ ਨੇ ਆਮ ਲੋਕਾਂ ਨੂੰ ਸਮੂਹ ਦੇ ਉੱਚੇ ਪਤਵੰਤੇ ਗੁਣਾਂ ਨੂੰ ਧਾਰਨ ਕਰਨ ਦਾ ਮੌਕਾ ਦਿੱਤਾ। ਇਸ ਕ੍ਰਾਂਤੀਕਾਰੀ ਤਬਦੀਲੀ ਨੇ ਲੋਕ ਸਮੂਹਾਂ ਵਿੱਚ ਸਮਾਜਿਕ ਦਰਜੇਬੰਦੀਆਂ ਦੀ ਹੋਂਦ ਦੇ ਬਾਵਜੂਦ ਇਨ੍ਹਾਂ ਨੂੰ ਏਕੀਕ੍ਰਿਤ ਭਾਈਚਾਰਿਆਂ (ਅਟੌਨਸ) ਵਜੋਂ ਪ੍ਰਭੂਸੱਤਾ ਦੇ ਸਰੋਤ ਬਣਾ ਦਿੱਤਾ। ਇੰਗਲੈਂਡ ਵਿੱਚ ਆਈਆਂ ਰਾਜਸੀ ਤਬਦੀਲੀਆਂ ਦੇ ਆਧਾਰ 'ਤੇ ਇਸ ਵਰਤਾਰੇ ਬਾਰੇ ਹੋਰ ਗਹਿਰੀ ਸਮਝ ਪੈਦਾ ਕੀਤੀ ਜਾ ਸਕਦੀ ਹੈ। ਇੰਗਲੈਂਡ ਵਿੱਚ ਮੱਧਯੁਗ ਵਿਚਲੀਆਂ ਚਰਚ ਸਭਾਵਾਂ ਨੇ ਲੋਕਾਂ ਨੂੰ ਪਤਵੰਤੇ ਹੋਣ ਦਾ ਅਹਿਸਾਸ ਦਿਵਾਇਆ, ਜਿਸ ਨੇ ਨੇਸ਼ਨ ਦੇ ਸੰਕਲਪ ਦੇ ਜ਼ੋਰ ਫੜ੍ਹਨ ਤੋਂ ਪਹਿਲਾਂ ਹੀ ਇੰਗਲਿਸ਼ ਸਮਾਜ ਵਿੱਚ ਆਉਣ ਵਾਲੀਆਂ ਰਾਜਸੀ ਅਤੇ ਸੱਭਿਆਚਾਰਕ ਤਬਦੀਲੀਆਂ ਲਈ ਢਾਂਚਾਗਤ ਮਾਹੌਲ ਤਿਆਰ ਕੀਤਾ। ਇਸ ਤਬਦੀਲੀ ਨੇ ਕਈ ਆਮ ਮਨੁੱਖਾਂ ਨੂੰ ਸੱਤਾ ਦੇ ਉੱਚੇ ਅਹੁਦਿਆਂ ਤੱਕ ਪਹੁੰਚਾਇਆ। ਰੋਜਿਜ ਦੀਆਂ ਜੰਗਾਂ ਨੇ ਇੰਗਲੈਂਡ ਵਿੱਚ ਪਰੰਪਰਾਗਤ ਜਗੀਰਦਾਰੀ ਸੱਤਾ ਦਾ ਪਤਨ ਕੀਤਾ, ਜਿਸ ਦੇ ਸਿੱਟੇ ਵਜੋਂ ਸਮਾਜਿਕ ਦਰਜੇਬੰਦੀ ਦੇ ਉੱਚ ਹਿੱਸੇ ਵਿੱਚ ਸੱਤਾ ਦਾ ਖਲਾਅ ਪੈਦਾ ਕਰ ਦਿੱਤਾ।

1530 ਈਸਵੀ ਵਿੱਚ ਟਿਊਡਰ ਪਤਵੰਤੇ ਵਰਗਾਂ ਦੇ ਰੂਪ ਵਿੱਚ ਨਵੀਂ ਕੁਲੀਨਤੰਤਰ ਪ੍ਰਣਾਲੀ ਦਾ ਜਨਮ ਹੋਇਆ। ਇਹ ਅਮਲ ਇਸਾਈ ਪੁਜਾਰੀਆਂ ਨੂੰ ਸਰਕਾਰੀ ਉੱਚੇ ਅਹੁਦਿਆਂ ਤੋਂ ਲਾਹੁਣ ਦੇ ਵਰਤਾਰੇ ਦੇ ਨਾਲੋ-ਨਾਲ ਵਾਪਰਿਆ। ਇਸ ਤਬਦੀਲੀ ਨੇ ਉੱਚ ਵਿਦਿਆ ਪ੍ਰਾਪਤ ਆਮ ਲੋਕਾਂ ਨੂੰ ਰਾਜਸੀ ਸੇਵਾਵਾਂ ਅਤੇ ਅਹੁਦਿਆਂ ਤੱਕ ਪਹੁੰਚਾਇਆ। ਸਮਾਜ ਦੇ ਹੇਠਲੇ ਵਰਗਾਂ ਦੇ ਵਿਦਿਆ ਪ੍ਰਾਪਤ ਪੇਸ਼ੇਵਰ ਲੋਕਾਂ ਦਾ ਇੱਕ ਕੁਲੀਨ ਵਰਗ ਹੋਂਦ ਵਿੱਚ ਆਇਆ ਅਤੇ ਇਸ ਬਦਲਾਅ ਨੇ ਆਮ ਲੋਕਾਂ ਲਈ ਜਨਮ ਦੀ ਥਾਂ ਗੁਣਾਂ ਦੇ ਆਧਾਰ 'ਤੇ ਉੱਚੇ ਪਤਵੰਤੇ ਵਰਗਾਂ ਤੇ ਰੁਤਬੇ ਤੱਕ ਪਹੁੰਚਣ ਦਾ ਰਾਹ ਖੋਲਿਆ। ਨੇਸ਼ਨ ਦੇ ਵਿਚਾਰ ਦੀਆਂ ਜੜ੍ਹਾਂ ਆਮ ਲੋਕਾਂ ਵਲੋਂ ਗੁਣਾਂ ਆਧਾਰਿਤ ਏਕੀਕ੍ਰਿਤ ਪਤਵੰਤਾ ਵਰਗ ਸਿਰਜਣ ਦੀ ਬੁਨਿਆਦੀ ਤਬਦੀਲੀ ਵਿੱਚ ਲੱਗੀਆਂ ਹਨ। ਫ਼ਰਾਂਸ, ਰੂਸ ਅਤੇ ਜਰਮਨ ਵਿੱਚ ਵੀ ਕੌਮੀ ਪਛਾਣ ਦੇ ਉਭਾਰ ਦੀਆਂ ਜੜ੍ਹਾਂ ਪਤਵੰਤੇ ਵਰਗਾਂ ਤੱਕ ਪਹੁੰਚਣ ਦੇ ਸਮਾਜਿਕ ਸੰਘਰਸ਼ਾਂ ਨਾਲ ਜੁੜੀਆਂ ਹੋਈਆਂ ਹਨ। ਫ਼ਰਾਂਸ ਵਿੱਚ ਕੌਮੀ ਪਛਾਣ ਦੀ ਸਿਰਜਣਾ ਕਰਨ ਵਾਲੇ ਲੋਕਾਂ ਵਿੱਚ ਪਰੰਪਰਾਗਤ ਕੁਲੀਨ ਵਰਗ ਅਤੇ ਗੈਰ-ਕੁਲੀਨ ਬੁੱਧੀਜੀਵੀ ਵਰਗ ਸ਼ਾਮਿਲ ਸਨ, ਜੋ ਫ਼ਰਾਂਸ ਦੀ ਰਾਜਸ਼ਾਹੀ ਵਿੱਚ ਆਪਣੇ ਸਮਾਜਿਕ ਰੁਤਬੇ ਸਬੰਧੀ ਅਸੁਰੱਖਿਆ ਵਿੱਚੋਂ ਪੈਦਾ ਹੋਈ।

ਰੂਸ ਵਿੱਚ ਕੁਲੀਨ ਵਰਗਾਂ ਦਾ ਸਮਾਜਿਕ ਅਤੇ ਆਰਥਿਕ ਰੁਤਬਾ ਰਾਜੇ ਲਈ ਕੀਤੀਆਂ ਸੇਵਾਵਾਂ 'ਤੇ ਆਧਾਰਿਤ ਸੀ। ਇਸ ਨੇ ਕੁਲੀਨ ਵਰਗਾਂ ਵਿੱਚ ਅਸੰਤੁਸ਼ਟੀ ਦੀ ਭਾਵਨਾ ਪੈਦਾ ਕੀਤੀ। ਰੂਸੀ ਸ਼ਾਸ਼ਕ ਗ੍ਰੇਟ ਪੀਟਰ ਨੇ ਯੂਰਪ ਦੇ 'ਨੇਸ਼ਨ, ਸਟੇਟ ਅਤੇ ਲੋਕ ਸਮੂਹਾਂ' ਵਰਗੇ ਸੰਕਲਪਾਂ ਨੂੰ ਆਪਣਾ ਕੇ ਰੂਸੀ ਸਮਾਜ ਵਿੱਚ ਬਦਲਾਅ ਲਿਆਂਦਾ। ਉਸ ਨੇ ਆਪਣੇ ਫ਼ੁਰਮਾਨਾਂ ਵਿੱਚ ਸ਼ਾਹੀ ਸੱਤਾ ਨੂੰ ਰੂਸੀ ਸਟੇਟ ਵਜੋਂ ਪ੍ਰਭਾਸ਼ਿਤ ਕੀਤਾ, ਆਪਣੀਆਂ ਰਾਜਸੀ ਸੇਵਾਵਾਂ ਨੂੰ ਰੂਸੀ 'ਫਾਦਰਲੈਂਡ' ਨਾਲ ਜੋੜਿਆ, ਰੂਸ ਨੂੰ ਪਿਤਾ-ਪੁਰਖੀ ਜਾਇਦਾਦ ਨਾ ਹੋ ਕੇ ਰੂਸੀ ਨੇਸ਼ਨ ਵਜੋਂ ਪੇਸ਼ ਕੀਤਾ ਅਤੇ ਰੂਸੀ ਲੋਕਾਂ ਦੇ ਹਿੱਤਾਂ ਲਈ ਕਾਰਜ ਕਰਨ ਦੇ ਵਾਇਦੇ ਕੀਤੇ। ਇਨ੍ਹਾਂ ਯੂਰਪੀਅਨ ਰਾਜਸੀ ਸੰਕਲਪਾਂ ਨੂੰ ਰੂਸੀ ਕੁਲੀਨ ਵਰਗਾਂ ਦੇ ਵਿਦਿਅਕ ਬਿਰਤਾਂਤ ਦਾ ਹਿੱਸਾ ਬਣਨ ਲਈ ਪੀੜ੍ਹੀਆਂ ਦਾ ਸਮਾਂ ਲੱਗਿਆ; ਪਰ 1762 ਤੋਂ ਲੈ ਕੇ 1796 ਈਸਵੀ ਤੱਕ ਗਰੇਟ ਕੈਥਰੀਨ ਦੇ ਸ਼ਾਸਨ ਕਾਲ ਵਿੱਚ ਇਸ ਰਾਜਸੀ ਬਦਲਾਅ ਦੇ ਸਿੱਟੇ ਵਜੋਂ ਕੁਲੀਨ ਵਰਗਾਂ ਨੇ ਆਪਣੀਆਂ ਰਿਆਸਤੀ ਪਛਾਣਾਂ ਨੂੰ ਰੂਸੀ ਕੌਮੀਅਤ ਵਿੱਚ ਬਦਲ ਦਿੱਤਾ।

ਜਰਮਨ ਸਮਾਜ ਦਾ ਕੌਮੀਕਰਨ ਇੰਗਲਿਸ਼, ਫਰੈਂਚ ਅਤੇ ਰੂਸੀ ਸਮਾਜਾਂ ਦੇ ਉਲਟ ਕੁਲੀਨ ਵਰਗਾਂ ਦੀ ਥਾਂ 'ਤੇ ਮੱਧਵਰਗੀ ਬੁੱਧੀਜੀਵੀ ਵਰਗ ਨੇ ਕੀਤਾ। ਪੜ੍ਹਿਆ-ਲਿਖਿਆ ਜਰਮਨ ਬੁੱਧੀਜੀਵੀ ਵਰਗ ਉੱਚੇ ਅਮੀਰ ਵਰਗਾਂ ਦੀ ਘ੍ਰਿਣਾ ਦਾ ਸ਼ਿਕਾਰ ਸੀ। ਜਰਮਨ ਰਾਜਾਂ ਵਿੱਚ ਕੁਲੀਨ ਵਰਗਾਂ ਅਤੇ ਨੌਕਰਸ਼ਾਹੀ ਵਿੱਚ ਕੌਮੀ ਭਾਵਨਾਵਾਂ ਦੀ ਅਣਹੋਂਦ ਸੀ। ਬੁੱਧੀਜੀਵੀ ਵਰਗ ਵੀ ਬ੍ਰਹਿਮੰਡੀ ਸੁਪਨਿਆਂ ਦਾ ਸ਼ਿਕਾਰ ਸੀ; ਪਰ ਫਰੈਂਚ ਦੇ ਹਮਲੇ ਅਤੇ ਪਰੂਸ਼ੀਆ ਦੀ ਹਾਰ ਨੇ ਜਰਮਨ ਰਾਜਾਂ ਦਾ ਸਮਾਜਿਕ ਅਤੇ ਰਾਜਨੀਤਿਕ ਮਾਹੌਲ ਬਦਲ ਦਿੱਤਾ। ਬੁੱਧੀਜੀਵੀ ਵਰਗ ਸ਼ਾਸ਼ਕ ਵਰਗਾਂ ਨਾਲ ਜੁੜ ਗਿਆ। ਇਸ ਵਰਤਾਰੇ ਨੇ ਕੁਝ ਸਮੇਂ ਵਿੱਚ ਹੀ ਇਨ੍ਹਾਂ ਵਰਗਾਂ ਨੂੰ ਜਰਮਨ ਨੇਸ਼ਨਲਿਸਟਾਂ ਵਿੱਚ ਬਦਲ ਦਿੱਤਾ। ਪਰੂਸ਼ੀਆ ਦੇ ਸ਼ਾਸ਼ਕਾਂ, ਜੋ ਬੁੱਧੀਜੀਵਿਆਂ ਨੂੰ ਪਹਿਲਾਂ ਕੋਈ ਮਹੱਤਵ ਨਹੀਂ ਦਿੰਦੇ ਸਨ, ਵਲੋਂ ਨੇਸ਼ਨਲਿਸਟ ਵਿਚਾਰਧਾਰਾਂ ਨੂੰ ਹੱਥੋ-ਹੱਥ ਆਪਣਾ ਲਿਆ। ਇਹ ਹੈਰਾਨੀਜਨਕ ਸੀ ਕਿ ਜਰਮਨ ਸਮਾਜ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਆਪਣੇ ਆਪ ਨੂੰ ਜਰਮਨ ਨੇਸ਼ਨ ਵਜੋਂ ਮੁੜ ਪਰਿਭਾਸ਼ਿਤ ਕਰ ਲਿਆ। ਜਰਮਨ ਨੇਸ਼ਨ ਰਾਜਨੀਤਿਕ ਵਫ਼ਾਦਾਰੀ ਅਤੇ ਸਮਾਜਿਕ ਏਕੇ ਦਾ ਸਰੋਤ ਬਣ ਗਿਆ।

ਅਠਾਰਵੀਂ ਸਦੀ ਤੋਂ ਬਾਅਦ ਯੂਰਪ ਵਿੱਚ ਨੇਸ਼ਨ ਦੇ ਰੂਪ ਵਿੱਚ ਲੋਕਾਂ ਦੇ ਸਮੂਹਿਕ ਪ੍ਰਤੀਨਿਧ ਬਹੁਤੇ ਰਾਜਾਂ ਦੀਆਂ ਸੱਤਾ ਪ੍ਰਣਾਲੀਆਂ 'ਤੇ ਕਾਬਜ਼ ਹੋ ਗਏ। ਇਸ ਸੰਦਰਭ ਵਿੱਚ ਯੂਰਪ ਵਿੱਚ ਇਹ ਦਾਰਸ਼ਨਿਕ ਵਿਚਾਰ ਭਾਰੂ ਸੀ ਕਿ ਜੰਗਾਂ ਰਾਜਸ਼ਾਹੀਆਂ ਦੇ ਟਕਰਾਵੇਂ ਹਿੱਤਾਂ ਦੀ ਉਪਜ ਹਨ ਅਤੇ ਜਦੋਂ ਰਾਜ ਦੀ ਤਾਕਤ ਲੋਕ ਪ੍ਰਤੀਨਿਧੀਆਂ ਦੇ ਹੱਥ ਆ ਜਾਵੇਗੀ ਤਾਂ ਜੰਗ ਦਾ ਖਾਤਮਾ ਹੋ ਜਾਵੇਗਾ; ਪਰ ਵਿਹਾਰਕ ਰੂਪ ਇਸ ਤੋਂ ਉਲਟ ਵਾਪਰਿਆ। ਯੂਰਪ ਵਿੱਚ ਨੇਸ਼ਨਲਿਜ਼ਮ ਦਾ ਭਿਅੰਕਰ ਫੌਜੀਕਰਨ ਹੋਇਆ। ਨੇਸ਼ਨ ਦੇ ਰੂਪ ਵਿੱਚ ਤਾਕਤਵਰ ਹੋਏ ਭਾਈਚਾਰਿਆਂ ਵਿੱਚ ਭੂਤਕਾਲ ਵਿੱਚ ਹੋਈਆਂ ਜੰਗਾਂ, ਜਿੱਤਾਂ ਅਤੇ ਹਾਰਾਂ ਨੇ ਸੱਭਿਆਚਾਰਕ ਨਫ਼ਰਤਾਂ ਦਾ ਰੂਪ ਧਾਰ ਲਿਆ। ਜੰਗਾਂ ਕੌਮੀ ਸਵੈ-ਚੇਤਨਾ ਦਾ ਸਰੋਤ ਬਣ ਗਈਆਂ। ਉੱਨੀਵੀਂ ਸਦੀ ਵਿੱਚ ਇਸ ਵਿਚਾਰ ਨੇ ਜ਼ੋਰ ਫੜ੍ਹਿਆ ਕਿ ਕੋਈ ਵੀ ਨੇਸ਼ਨ ਜੰਗ ਤੋਂ ਬਿਨਾ ਹੋਂਦ ਵਿੱਚ ਨਹੀਂ ਆਉਂਦਾ। ਕੋਈ ਵੀ ਭਾਈਚਾਰਾ ਕੌਮਾਂਤਰੀ ਪੱਧਰ 'ਤੇ ਇੱਕ ਸਵੈ-ਚੇਤੰਨ ਇਕਾਈ ਦੇ ਤੌਰ 'ਤੇ ਆਪਣੀ ਪਛਾਣ ਨਹੀਂ ਬਣਾ ਪਾਉਂਦਾ, ਜਦੋਂ ਤੱਕ ਇਸ ਨੇ ਜੰਗਾਂ ਦਾ ਸਾਹਮਣਾ ਨਾ ਕੀਤਾ ਹੋਵੇ। ਇਨ੍ਹਾਂ ਸਿਧਾਂਤਕ ਵਿਚਾਰਾਂ ਤੋਂ ਪੈਦਾ ਹੋਏ ਫੌਜੀ ਰਾਸ਼ਟਰਵਾਦ ਨੇ ਦੋ ਸੰਸਾਰ ਜੰਗਾਂ ਨੂੰ ਜਨਮ ਦਿੱਤਾ, ਜਿਸ ਨੇ ਪੂਰੀ ਦੁਨੀਆਂ 'ਤੇ ਅਸਰ ਪਾਇਆ। ਇਸ ਫੌਜੀ ਰਾਸ਼ਟਰਵਾਦ ਦਾ ਮੁਕਾਬਲਾ ਕਰਨ ਲਈ ਪੱਛਮੀ ਰਾਜਾਂ ਨੇ ਪਰੰਪਰਾਗਤ ਨੇਸ਼ਨਲਿਜ਼ਮ ਦੀ ਵਿਚਾਰਧਾਰਾਂ ਨੂੰ ਵਰਤਿਆ। ਇੱਥੋਂ ਤੱਕ ਕਿ ਰੂਸੀ ਮਾਰਕਸਵਾਦੀ ਸ਼ਾਸ਼ਕਾਂ ਨੂੰ ਵੀ ਆਪਣੇ ਰਾਜ ਨੂੰ ਬਚਾਉਣ ਲਈ ਨੇਸ਼ਨਲਿਜ਼ਮ ਦੀਆਂ ਭਾਵਨਾਵਾਂ ਦਾ ਸਹਾਰਾ ਲੈਣਾ ਪਿਆ। ਯੂਰਪ ਵਿੱਚ ਜੰਗਾਂ ਦੇ ਕਾਰਨ ਆਈਆਂ ਤਬਦੀਲੀਆਂ ਦੀ ਸੰਖੇਪ ਜਾਣਕਾਰੀ ਜੰਗਾਂ ਕਾਰਨ ਸਿੱਖ ਭਾਈਚਾਰੇ ਦੇ ਵਿਗਾਸ ਅਤੇ ਮੌਜੂਦਾ ਸਿੱਖ ਸੰਘਰਸ਼ ਸਬੰਧੀ ਮਹੱਤਵਪੂਰਨ ਸੇਧਾਂ ਦਿੰਦੀ ਹੈ।

ਭਾਵੇਂ ਇਸ ਤੁਲਨਾਤਮਿਕ ਅਧਿਐਨ ਲਈ ਇੱਕ ਤੋਂ ਵੱਧ ਅਕਾਦਮਿਕ ਖੋਜ ਕਾਰਜਾਂ ਦੀ ਜ਼ਰੂਰਤ ਹੈ, ਪਰ ਇਸ ਲੇਖ ਵਿੱਚ ਇਸ ਸੰਦਰਭ ਵਿੱਚ ਕੁਝ ਮਹੱਤਵਪੂਰਨ ਨੁਕਤਿਆਂ ਦੀ ਚਰਚਾ ਕੀਤੀ ਜਾ ਸਕੇਗੀ ਤਾਂ ਕਿ ਭਵਿੱਖ ਵਿੱਚ ਇਸ ਮਸਲੇ ਬਾਰੇ ਵੱਡੇ ਅਧਿਐਨ ਕੀਤੇ ਜਾ ਸਕਣ।

**⇒ ਬਾਕੀ ਅਗਲੇ ਅੰਕ ਵਿੱਚ**

ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

## 19 ਜੁਲਾਈ 2025

(ਸ਼ਨਿਚਰਵਾਰ) ਸ਼ਾਮ 6:30 ਤੋਂ 11:00

**ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ**

**ਸਥਾਨ:** Atlantis Banquets

1273 North Rand Road, Arlington Heights, IL 60004

ਪਹੁੰਚ ਰਹੇ ਕਲਾਕਾਰ


ਸੱਤੀ ਸਤਵਿੰਦਰ


ਪੂਜਾ ਧਾਲੀਵਾਲ

*Food Will Served by Taste of India (Milwaukee)*


Our Proud Platinum Sponsor

U.S. Energy — a U.S. Venture company

Our Proud Gold Sponsor


5Rivers Entertainment

## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੇਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ


ਬਿਕਰਮ ਸਿੰਘ ਸਿੱਧੂ



ਪਰਮਜੀਤ ਸਿੰਘ ਸਿੱਧੂ (ਮਹਿਰਾਜ)


ਮਨਮਿੰਦਰ ਸਿੰਘ ਹੀਰ



ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਲਾਲੀ ਧਾਲੀਵਾਲ (ਮਿਸ਼ੀਗਨ)


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

## ਮੁੱਖ ਮਹਿਮਾਨ



ਲਖਬੀਰ ਸਿੰਘ ਢੀਂਡਸਾ
*(ਬਿਜ਼ਨਸਮੈਨ)*

## ਵਿਸ਼ੇਸ਼ ਮਹਿਮਾਨ



ਜੇ.ਪੀ. ਖਹਿਰਾ
*(ਬਿਜ਼ਨਸਮੈਨ)*

## ਮੁੱਖ ਬੁਲਾਰੇ



ਐਸ. ਅਸ਼ੋਕ ਭੌਰਾ
*(ਸੀਨੀਅਰ ਪੱਤਰਕਾਰ ਤੇ ਲੇਖਕ)*



ਰਵਿੰਦਰ ਸਿੰਘ ਸਹਿਰਾਅ
*(ਸ਼ਾਇਰ ਅਤੇ ਲੇਖਕ)*

## ਮਾਣਯੋਗ ਸਪਾਂਸਰ



| | | | | | | | | | |
|---|---|---|---|---|---|---|---|---|---|
| ਜਸਵਿੰਦਰ ਸਿੰਘ ਸੰਧੂ | ਸੋਨੀ ਜੱਜ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਮੇਜਰ ਗੁਰਚਰਨ ਸਿੰਘ ਝੱਜ | ਸਰਵਣ ਸਿੰਘ ਟਿਵਾਣਾ | ਜੈਦੇਵ ਸਿੰਘ (ਸੱਤੀ) ਭੱਠਲ | ਪਰਮਿੰਦਰ ਸਿੰਘ ਵਾਲੀਆ | ਗੁਲਜ਼ਾਰ ਸਿੰਘ ਮੁਲਤਾਨੀ | ਸੰਨੀ ਕੁਲਾਰ |



| | | | | | | | | | |
|---|---|---|---|---|---|---|---|---|---|
| ਮਨਜੀਤ ਸਿੰਘ ਪਾਲੀਆ | ਰਾਣਾ ਵਿਰਕ | ਮੁਖਤਿਆਰ ਸਿੰਘ (ਹੈਪੀ) ਹੀਰ | ਲੱਕੀ ਸਹੋਤਾ | ਡਾ. ਵਿਕਰਮ ਗਿੱਲ | ਜਰਨੈਲ ਸਿੰਘ ਮੱਲ੍ਹੀ | ਹਰਿੰਦਰ ਸਿੰਘ ਰਾਣਾ | ਮਨਜੀਤ ਸਿੰਘ ਗਿੱਲ | ਮਨਮੋਹਨ ਸਿੰਘ ਮਿਨਹਾਸ | ਰੌਨੀ ਕੁਲਾਰ |



| | | | | | | | | | |
|---|---|---|---|---|---|---|---|---|---|
| ਜਗਦੀਸ਼ਰ ਸਿੰਘ ਕਲੇਰ | ਡਾ. ਗੁਰਚਰਨ ਸਿੰਘ ਗਰੇਵਾਲ | ਨਿੱਕ ਬਲਵਿੰਦਰ ਸਿੰਘ | ਡਾ. ਮੁਖਤਾਰ ਸਿੰਘ ਨੰਦਰਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਅਮਰਦੇਵ ਸਿੰਘ ਬੰਦੇਸ਼ਾ | ਡਾ. ਪਰਦੀਪ ਸਿੰਘ ਗਿੱਲ | ਡਾ. ਹਰਜਿੰਦਰ ਸਿੰਘ ਖਹਿਰਾ | ਭੁਪਿੰਦਰ ਸਿੰਘ ਧਾਲੀਵਾਲ |



| | | | | | | | | | |
|---|---|---|---|---|---|---|---|---|---|
| ਜਸਬੀਰ ਕੌਰ ਮਾਨ | ਜਗਜੀਤ ਸਿੰਘ ਢੀਂਡਸਾ | ਮਨਜੀਤ ਸਿੰਘ ਧਨੋਆ | ਨਿਰਭੈਅ ਸਿੰਘ ਧਨੋਆ | ਪਰਮਿੰਦਰ ਸਿੰਘ ਮਾਨ | ਗੁਰਸਾਹਿਬ ਸਿੰਘ ਤੂਰ | ਸੁਰਜੀਤ ਸਿੰਘ ਮਾਵੀ | ਪ੍ਰਦੀਪ ਸਿੰਘ ਕਾਹਲੋਂ | ਡਾ. ਗੁਰਬਖ਼ਸ਼ ਸੈਣੀ | ਜਤਿੰਦਰ (ਜੇ) ਸਿੰਘ ਸੰਘਾ |



| | | | | | | | | | |
|---|---|---|---|---|---|---|---|---|---|
| ਨੀਲ ਗਿੱਲ | ਇੰਦਰਬੰਸ ਸਿੰਘ (ਹੈਰੀ) ਬਰਾੜ | ਸੁਰਿੰਦਰ ਸਿੰਘ ਪਾਂਗਲੀ | ਨਿਰਭੈ ਸਿੰਘ ਪਾਂਗਲੀ | ਨਵਤੇਜ ਸਿੰਘ ਗਿੱਲ | ਰੇਸ਼ਮ ਸਿੰਘ | ਜਪਤੇਜ ਸਿੰਘ ਔਲਖ | ਡਾ. ਸਨੀ ਜੈਨ | ਗੁਰਦੇਵ ਸਿੰਘ ਗਿੱਲ | ਹਰਦੀਪ ਸਿੰਘ ਬੰਦੇਸ਼ਾ |



| | | | | | | | | | |
|---|---|---|---|---|---|---|---|---|---|
| ਜਿੰਦੀ ਦਿਆਲ | ਰਾਜਾ ਦਿਆਲ | ਹਰਦੀਪ ਸਿੰਘ ਗਿੱਲ | ਹਰਜੀਤ ਸਿੰਘ ਗਿੱਲ | ਲਾਲੀ ਸਿੱਧੂ ਮਿਲਵਾਕੀ | ਬਲਵਿੰਦਰ ਸਿੰਘ ਗਿਰਨ | ਵਿੱਕ ਸਿੰਘ | ਜਸਰੂਪ ਸਿੰਘ ਬਾਲਾ | ਗੁਰਮੀਤ ਸਿੰਘ ਬਾਠ | ਅਮਰੀਕ ਸਿੰਘ ਟਿਵਾਣਾ |

Radio Chann Pardesi ਰੇਡੀਓ ਚੰਨ ਪ੍ਰਦੇਸੀ
Punjabi Cultural Society Chicago
PAO Punjabi American Organization
Swera Women Sup ਸਵੇਰਾ SIKH WOMEN ERA
BHANGRA RHYMES
SAKHI ATTIRE
Taste of India FINE DINING BISTRO
Regal Jewels Since 1983 Ph: 773-262-4377 www.Regaljewels.Com

ਸ਼ਰਧਾਂਜਲੀ

# ਯਾਰਾਂ ਦਾ ਯਾਰ ਸੁਖਦੇਵ ਸਿੰਘ ਢੀਂਡਸਾ

ਬਲਕਾਰ ਸਿੰਘ ਪ੍ਰੋਫੈਸਰ
(ਪਟਿਆਲਾ)
ਫੋਨ:91-9316301328



ਹਾਲਾਤ ਇਹ ਹੋ ਗਏ ਹਨ ਕਿ ਸੁਖਦੇਵ ਸਿੰਘ ਢੀਂਡਸਾ ਦੇ ਤੁਰ ਜਾਣ ਦੀ ਖਬਰ ਮੈਨੂੰ ਮੇਰੇ ਬੇਟੇ ਨੇ ਵੈਨਕੂਵਰ ਤੋਂ ਦਿੱਤੀ ਸੀ। ਫਿਰ ਤਾਂ ਮੀਡੀਆ ਵੱਲੋਂ ਉਨ੍ਹਾਂ ਬਾਰੇ ਜਾਣਕਾਰੀ ਲੈਣ ਵਾਸਤੇ ਫੋਨ ਲਗਾਤਾਰ ਆਉਣੇ ਸ਼ੁਰੂ ਹੋ ਗਏ ਸਨ। ਤੁਰ ਗਿਆਂ ਨੂੰ ਨਾਲ ਲੈ ਕੇ ਤੁਰਨ ਦੀ ਥਾਂ ਸਿਫਤਾਂ ਦੇ ਟੰਗਣੇ ਤੇ ਤੁਰ ਗਏ ਨੂੰ ਟੰਗਣ ਦਾ ਸੱਭਿਆਚਾਰ ਭੋਗਾਂ 'ਤੇ ਬਿਨਾ ਤਿਆਰੀ ਭਾਸ਼ਣ ਦੇਣ ਵਾਲੇ ਸਿਆਸਤਦਾਨਾਂ ਦੇ ਪੈਰੋਂ ਸ਼ੁਰੂ ਹੋ ਕੇ ਬੇਮੁਹਾਰੇਪਨ ਵਾਂਗ ਚੱਲੀ ਜਾ ਰਿਹਾ ਹੈ। ਢੀਂਡਸਾ ਸਾਹਿਬ ਮਧਵਰਗੀ ਕਿਸਾਨੀ ਵਿੱਚੋਂ ਤੁਰ ਕੇ ਸਿਆਸੀ ਬੁਲੰਦੀਆਂ ਤੱਕ ਕਿਵੇਂ ਪਹੁੰਚੇ, ਇਸ ਨੂੰ ਜਾਣੇ ਜਾਣ ਵਿੱਚ ਹੀ ਵਿਛੜ ਗਏ ਯਾਰ ਦੀ ਨੇਤਾਗਿਰੀ ਦੇ ਗੁਣ ਲੁਕੇ ਹੋਏ ਹਨ। ਇਹ ਮਨੋਵਿਗਿਆਨਕ ਸੱਚ ਹੈ ਕਿ ਕਿਸਾਨ ਨੂੰ ਜ਼ਮੀਨ ਦੀ ਮਾਲਕੀ ਦਾ ਅਹਿਸਾਸ ਹਲੀਮ ਸੰਵੇਦਨਾ ਵੱਲ ਨਹੀਂ ਤੁਰਨ ਦਿੰਦਾ। ਕਿੱਤਿਆਂ ਅਤੇ ਸਥਾਨਕਤਾ ਨਾਲ ਜੁੜੀਆਂ ਹੋਈਆਂ ਕਮਜ਼ੋਰੀਆਂ ਤੋਂ ਬਚ ਕੇ ਤੁਰਨ ਦਾ ਰਾਹ ਗੁਰਮਤਿ ਨੇ ਸਿਖਾਇਆ ਹੋਇਆ ਹੈ। ਇਹੀ ਕਿਸੇ ਨਾ ਕਿਸੇ ਮਾਤਰਾ ਵਿੱਚ ਬਰਾਸਤਾ ਪੁਰਖਿਆਂ, ਇਹ ਹਰ ਸਿੱਖ ਦੇ ਲਹੂ ਵਿੱਚ ਰਮਿਆ ਹੋਇਆ ਹੈ।

ਢੀਂਡਸਾ ਸਾਹਿਬ ਦੀ ਸਿਆਸਤ ਵਿੱਚ ਇਹ ਵਜੂਦ ਸਮੋਏ ਗੁਣਾ ਵਾਂਗ ਕਿਸੇ ਨਾ ਕਿਸੇ ਮਾਤਰਾ ਵਿੱਚ ਸਾਹਮਣੇ ਆਉਂਦੇ ਰਹੇ ਹਨ। ਉਹ ਮੇਰੇ ਨਾਲੋਂ ਚਾਰ ਸਾਲ ਵੱਡੇ ਸਨ ਅਤੇ ਮੈਂ ਉਨ੍ਹਾਂ ਨੂੰ ਰਣਬੀਰ ਕਾਲਜ (ਇਸ ਵੇਲੇ ਸਰਕਾਰੀ ਕਾਲਜ) ਸੰਗਰੂਰ ਵੇਲੇ ਦੇ ਵਿਦਿਆਰਥੀ ਜੀਵਨ ਤੋਂ ਜਾਣਦਾ ਹਾਂ, ਕਿਉਂਕਿ ਮੈਂ ਵੀ ਉਨ੍ਹਾਂ ਦਾ ਜੂਨੀਅਰ ਸਹਿਪਾਠੀ ਸੀ। ਉਸ ਵੇਲੇ ਉਹ ਆਪਣੇ ਪਿੰਡ ਉਭਾਵਾਲ ਨਾਲੋਂ ਮਾਨਸਾਹੀਆਂ ਹਾਊਸ ਕਚਹਿਰੀਆਂ ਰੋਡ ਸੰਗਰੂਰ ਵਿੱਚ ਵਧ ਰਹਿੰਦੇ ਸਨ। ਦੋਹਾਂ ਦੋਸਤਾਂ ਵਿਚਕਾਰ ਸਾਂਝ ਖੇਡਾਂ ਦੀ ਸਿਆਸਤ ਨਾਲ ਜੁੜੀ ਹੋਈ ਸੀ। ਢੀਂਡਸਾ ਸਾਹਿਬ ਦਾ ਗੁਣ ਇਹ ਸੀ ਕਿ ਉਹ ਦੋਸਤਾਂ ਦੀ ਮਰਜ਼ੀ ਦੀ ਨੁਮਾਇੰਦਗੀ ਸਿਦਕਦਿਲੀ ਨਾਲ ਕਰਦੇ ਹੁੰਦੇ ਸਨ। ਇਸੇ ਗੁਣ ਕਰਕੇ ਉਨ੍ਹਾਂ ਨੇ ਸੁਤੰਤਰ ਉਮੀਦਵਾਰ ਦੇ ਤੌਰ 'ਤੇ ਧਨੌਲਾ ਹਲਕੇ ਤੋਂ ਅਸੈਂਬਲੀ ਚੋਣ ਜਿੱਤ ਲਈ ਸੀ। ਉਸ ਵਿੱਚ ਜਸਦੇਵ ਸਿੰਘ ਸੰਧੂ ਪਟਿਆਲਾ ਦੀ ਅਹਿਮ ਭੂਮਿਕਾ ਸੀ, ਕਿਉਂਕਿ ਉਨ੍ਹਾਂ ਨੇ ਪਾਕਿਸਤਾਨ ਤੋਂ ਆਏ ਇਲਾਕੇ ਦੇ ਲੋਕਾਂ ਨੂੰ ਢੀਂਡਸਾ ਸਾਹਿਬ ਦੇ ਹੱਕ ਵਿੱਚ ਤੋਰ ਲਿਆ ਸੀ। ਉਸ ਵੇਲੇ ਸੰਗਰੂਰ ਜ਼ਿਲੇ ਵਿੱਚ ਖੱਬੇਪੱਖੀ ਸਿਆਸਤ ਦਾ ਬੋਲਬਾਲਾ ਸੀ ਅਤੇ ਢੀਂਡਸਾ ਸਾਹਿਬ ਇਸ ਨਾਲੋਂ ਵੱਖਰੀ ਸਿਆਸੀ ਸੁਰ ਦੇ ਪ੍ਰਤੀਨਿਧ ਹੋ ਗਏ ਸਨ। ਸੰਗਰੂਰ ਕਾਲਜ ਦੀਆਂ ਖੇਡ ਪ੍ਰਾਪਤੀਆਂ ਵਿੱਚ ਉਸ ਵੇਲੇ ਬਾਕਸਿੰਗ ਦੇ ਕੋਚ ਪ੍ਰੀਤਮ ਸਿੰਘ ਅਤੇ ਸਪੋਰਟਸ ਪ੍ਰੋਫੈਸਰ ਸੋਮ ਨਾਥ ਜੀ, ਖੇਡ ਜਗਤ ਵਿੱਚ ਵੱਡੇ ਨਾਮ ਸਨ। ਇਨ੍ਹਾਂ ਨਾਲ ਢੀਂਡਸਾ ਸਾਹਿਬ ਦੀ ਕਾਫੀ ਨੇੜਤਾ ਸੀ। ਸੰਗਰੂਰ ਜ਼ਿਲੇ ਦੇ ਖਿਡਾਰੀਆਂ ਦਾ ਸਹਿਯੋਗ ਸਿਆਸਤ ਵਿੱਚ ਢੀਂਡਸਾ ਸਾਹਿਬ ਦੇ ਬਹੁਤ ਕੰਮ ਆਇਆ ਸੀ। ਸੰਗਰੂਰ ਦੀ ਸਿਆਸਤ ਵਿੱਚ ਢੀਂਡਸਾ ਸਾਹਿਬ ਦੇ ਸਮਕਾਲੀ ਸੀਨੀਅਰ ਸਿਆਸਤਦਾਨ ਕਮਿਊਨਿਸਟਾਂ ਵਿੱਚੋਂ ਪ੍ਰਤਾਪ ਸਿੰਘ ਬਾਗੀ ਅਤੇ ਕਾਂਗਰਸ ਦੇ ਰਜਿੰਦਰ ਸਿੰਘ ਸਨ। ਮਾਲਵੇ ਵਿੱਚ ਉਠ ਰਹੀ ਅਕਾਲੀ ਸਿਆਸਤ ਵਿੱਚ ਢੀਂਡਸਾ ਸਾਹਿਬ ਸ਼ਾਮਲ ਹੋ ਗਏ ਸਨ ਅਤੇ ਵਿਛੜ ਜਾਣ ਵੇਲੇ ਤੱਕ ਟਕਸਾਲੀ ਅਕਾਲੀਆਂ ਵਿੱਚ ਗਿਣੇ ਜਾਂਦੇ ਰਹੇ ਸਨ।

ਚੇਤਨਾ ਦੀ ਕਦਰ ਉਨ੍ਹਾਂ ਦੇ ਸੁਭਾਅ ਵਿੱਚ ਮੁਢ ਤੋਂ ਹੀ ਨਜ਼ਰ ਆਉਣ ਲੱਗ ਪਈ ਸੀ, ਕਿਉਂਕਿ ਉਹ ਸੁਣਦੇ ਵੱਧ ਸਨ ਅਤੇ ਸੁਣਾਉਂਦੇ ਘੱਟ ਸਨ। ਸਿਆਸਤ ਵਿੱਚ ਪੈਰ ਜੰਮ ਜਾਣ ਦੇ ਬਾਵਜੂਦ ਉਨ੍ਹਾਂ ਨੇ ਦਰਵੇਸ਼ ਅਤੇ ਮਹਾਨ ਵਰਗੀਆਂ ਫੌੜੀਆਂ ਨਾਲ ਤੁਰਨ ਦੀ ਕੋਸ਼ਿਸ਼ ਬਹੁਤ ਘੱਟ ਕੀਤੀ ਸੀ। ਪਿੱਛੇ ਰਹਿ ਕੇ ਸਿਆਸਤ ਕਰਨ ਦਾ ਸਲੀਕਾ ਉਨ੍ਹਾਂ ਨੂੰ ਬਹੁਤ ਰਾਸ ਆਇਆ ਸੀ। ਯਾਰਾਂ ਦੀਆਂ ਵਧੀਕੀਆਂ ਨਾਲ ਨਿਭਣ ਦਾ ਸੁਭਾਅ ਉਨ੍ਹਾਂ ਨੇ ਬਣਾ ਲਿਆ ਹੋਇਆ ਸੀ ਅਤੇ ਸਿਆਸਤ ਵਿੱਚ ਵੀ ਇਸੇ ਨਾਲ ਹੀ ਨਿਭਦੇ ਰਹੇ ਸਨ। ਗੁਸੈਲੀਆਂ ਟਿੱਪਣੀਆਂ ਉਨ੍ਹਾਂ ਨੂੰ ਬਹੁਤ ਘਟ ਵਿਚਲਤ ਕਰਦੀਆਂ ਸਨ। ਜੱਟ ਸੱਭਿਆਚਾਰ ਵਿੱਚੋਂ ਨਿਕਲ ਰਹੀ ਸਿਆਸਤ ਦੇ ਉਹ ਪ੍ਰਤੀਨਿਧ ਹੁੰਦੇ ਗਏ ਸਨ। ਇਸ ਵਿੱਚੋਂ ਪ੍ਰਕਾਸ਼ ਸਿੰਘ ਬਾਦਲ ਦੀਆਂ ਦੋ ਥੰਮੀਆਂ ਵਜੋਂ ਸਾਹਮਣੇ ਆਏ ਸਨ- ਸੰਗਰੂਰ ਵਿੱਚੋਂ ਸੁਖਦੇਵ ਸਿੰਘ ਢੀਂਡਸਾ ਅਤੇ ਬਠਿੰਡਾ ਵਿੱਚੋਂ ਬਲਵਿੰਦਰ ਸਿੰਘ ਭੂੰਦੜ। ਢੀਂਡਸਾ ਸਾਹਿਬ ਰਹੇ ਤਾਂ ਬਾਦਲ ਸਾਹਿਬ ਨਾਲ, ਪਰ ਸਤਿਕਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਵੀ ਬਹੁਤ ਕਰਦੇ ਸਨ। ਸਿਆਸੀ ਅਣਦੇਖੀ ਦੀ ਸ਼ਿਕਾਇਤ ਕਰਨ 'ਤੇ ਟੌਹੜਾ ਸਾਹਿਬ ਨੇ ਕਿਹਾ ਕਿ 'ਕੱਲ ਨੂੰ ਬ੍ਰੇਕ ਫਾਸਟ ਤੇਰੇ ਕੋਲ ਕਰਾਂਗਾ।' ਟੌਹੜਾ ਸਾਹਿਬ ਨੇ ਮੈਨੂੰ ਵੀ ਨਾਲ ਲੈ ਲਿਆ। ਬ੍ਰੇਕਫਾਸਟ ਵੀ ਹੋ ਗਿਆ ਤੇ ਹਾਸਾ-ਠੱਠਾ ਵੀ ਹੋ ਗਿਆ ਅਤੇ ਟੌਹੜਾ ਸਾਹਿਬ ਜਾਣ ਲਈ ਖੜੇ ਹੋ ਗਏ। ਢੀਂਡਸਾ ਸਾਹਿਬ ਨੇ ਪੁੱਛਿਆ ਕਿ ਮੇਰੀ ਸਮੱਸਿਆ ਬਾਰੇ ਕੀ ਸੋਚਿਆ? ਟੌਹੜਾ ਸਾਹਿਬ ਮੁਸਕਰਾ ਕੇ ਕਹਿਣ ਲੱਗੇ ਕਿ ਉਡੀਕ ਕਰ। ਬਾਦਲ ਸਾਹਿਬ ਮੁੱਖ ਮੰਤਰੀ ਸਨ। ਉਨ੍ਹਾਂ ਨੂੰ ਪਤਾ ਲੱਗਣਾ ਹੀ ਸੀ, ਕਿਉਂਕਿ ਮੌਕਾ ਪੈਦਾ ਹੀ ਇਸ ਕਰਕੇ ਕੀਤਾ ਗਿਆ ਸੀ। ਪਤਾ ਲੱਗਾ ਕਿ ਢੀਂਡਸਾ ਸਾਹਿਬ ਨੂੰ ਬਿਜਲੀ ਬੋਰਡ ਦਾ ਚੇਅਰਮੈਨ ਲਾ ਦਿੱਤਾ ਗਿਆ ਹੈ।



*ਜਿੰਨਾ ਸੱਚ ਇਹ ਹੈ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਬਹੁਤ ਨਿਵਾਜਿਆ ਹੈ, ਓਡਾ ਹੀ ਸੱਚ ਇਹ ਵੀ ਹੈ ਕਿ ਉਨ੍ਹਾਂ ਨੂੰ ਮਨਿਸਟਰ ਬਣਨ ਤੋਂ ਅਤੇ ਗਵਰਨਰ ਬਣਨ ਤੋਂ ਬਾਦਲ ਸਾਹਿਬ ਨੇ ਹੀ ਰੋਕਿਆ ਸੀ। ਫਿਰ ਵੀ ਉਨ੍ਹਾਂ ਬਾਦਲ ਸਾਹਿਬ ਦਾ ਸਾਥ ਇਹ ਸਮਝ ਕੇ ਛੱਡਣ ਦਾ ਮਨ ਬਣਾਇਆ ਸੀ ਕਿ ਜਿਸ ਤਰ੍ਹਾਂ ਦੀ ਬੇਇੱਜ਼ਤੀ ਬਾਦਲ ਸਾਹਿਬ ਦੇ ਹੁੰਦਿਆਂ ਬਾਦਲ ਪਰਿਵਾਰ ਨੇ ਸ਼ੁਰੂ ਕਰ ਦਿੱਤੀ ਹੈ, ਉਸ ਨਾਲ ਨਹੀਂ ਨਿਭਿਆ ਜਾ ਸਕਦਾ।*

ਦੋਸਤਾਂ ਵਿੱਚ ਆਮ ਸਹਿਮਤੀ ਰਹੀ ਹੈ ਕਿ ਢੀਂਡਸਾ ਸਾਹਿਬ ਬਹੁਤ ਕਿਸਮਤ ਵਾਲੇ ਹਨ, ਕਿਉਂਕਿ ਉਨ੍ਹਾਂ ਨੂੰ ਬਿਨ ਮੰਗੇ ਮੋਤੀ ਮਿਲਦੇ ਰਹੇ ਹਨ। ਸ਼ਾਇਦ ਸਬਰ ਦਾ ਫਲ ਮਿੱਠਾ ਹੀ ਹੁੰਦਾ ਹੈ। ਜਿੰਨਾ ਸੱਚ ਇਹ ਹੈ ਕਿ ਢੀਂਡਸਾ ਸਾਹਿਬ ਨੂੰ ਬਾਦਲ ਸਾਹਿਬ ਨੇ ਬਹੁਤ ਨਿਵਾਜਿਆ ਹੈ, ਓਡਾ ਹੀ ਸੱਚ ਇਹ ਵੀ ਹੈ ਕਿ ਉਨ੍ਹਾਂ ਨੂੰ ਮਨਿਸਟਰ ਬਣਨ ਤੋਂ ਅਤੇ ਗਵਰਨਰ ਬਣਨ ਤੋਂ ਬਾਦਲ ਸਾਹਿਬ ਨੇ ਹੀ ਰੋਕਿਆ ਸੀ। ਫਿਰ ਵੀ ਉਨ੍ਹਾਂ ਬਾਦਲ ਸਾਹਿਬ ਦਾ ਸਾਥ ਇਹ ਸਮਝ ਕੇ ਛੱਡਣ ਦਾ ਮਨ ਬਣਾਇਆ ਸੀ ਕਿ ਜਿਸ ਤਰ੍ਹਾਂ ਦੀ ਬੇਇੱਜ਼ਤੀ ਬਾਦਲ ਸਾਹਿਬ ਦੇ ਹੁੰਦਿਆਂ ਬਾਦਲ ਪਰਿਵਾਰ ਨੇ ਸ਼ੁਰੂ ਕਰ ਦਿੱਤੀ ਹੈ, ਉਸ ਨਾਲ ਨਹੀਂ ਨਿਭਿਆ ਜਾ ਸਕਦਾ। ਇਸੇ ਸੋਚ ਦੇ ਅਧੀਨ ਜਿਸ ਵੇਲੇ ਬਾਦਲ ਸਾਹਿਬ ਤੋਂ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਦੇ ਹੱਕ ਵਿੱਚ ਬੁਲਵਾਇਆ ਜਾ ਰਿਹਾ ਸੀ, ਉਸ ਵੇਲੇ ਸ. ਢੀਂਡਸਾ ਮਿਲੇ ਹੋਏ ਕੌਮੀ ਅਵਾਰਡ ਨੂੰ ਰੋਸ ਵਜੋਂ ਵਾਪਸ ਕਰ ਰਹੇ ਸਨ। ਭਰੋਸੇ 'ਤੇ ਪਹਿਰਾ ਦੇਣ ਦੀ ਸਾਖ ਨਾਲ ਨਿਭਣ ਦੀ ਸਿਆਸਤ ਕਰਦੇ ਆ ਰਹੇ ਢੀਂਡਸਾ ਸਾਹਿਬ ਨੂੰ ਵੱਖਰਾ ਅਕਾਲੀ ਦਲ ਬਣਾਉਣਾ ਵੀ ਪਿਆ ਸੀ ਅਤੇ ਬਾਦਲ ਸਾਹਿਬ ਦੇ ਕਹਿਣ 'ਤੇ ਘਰ ਵਾਪਸੀ ਵੀ ਕਰਨੀ ਪਈ ਸੀ।

ਦਰਪੇਸ਼ ਸਮੱਸਿਆ ਬਾਰੇ ਉਹ ਦੋਸਤਾਂ ਨਾਲ ਸਲਾਹ ਮਸ਼ਵਰਾ ਕਰਦੇ ਰਹਿੰਦੇ ਸਨ। ਇਸੇ ਵਿੱਚੋਂ ਸੁਧਾਰ ਲਹਿਰ ਸਾਹਮਣੇ ਆਈ ਸੀ। ਸਿਆਸਤ ਦੇ ਹੱਕ ਵਿੱਚ ਦੀ ਸੌਖ ਅਤੇ ਸਿਆਸਤ ਦੇ ਵਿਰੋਧ ਵਿੱਚ ਰਹਿਣ ਦੇ ਜੋਖਮ ਦੀ ਸਿਆਸਤ ਤੋਂ ਉਹ ਭਲੀਭਾਂਤ ਜਾਣੂ ਸਨ। ਅਕਾਲ ਤਖਤ ਸਾਹਿਬ ਤੋਂ ਸਿਆਸਤ ਦੇ ਪੈਰੋਂ ਹੋਈਆਂ ਵਧੀਕੀਆਂ ਦੀ ਖਿਮਾ ਜਾਚਨਾ ਦੇ ਵੀ ਢੀਂਡਸਾ ਸਾਹਿਬ ਮੁੱਦਈ ਸਨ। ਸੰਤੁਲਨ ਗਵਾਏ ਬਿਨਾ ਸਿਆਸਤ ਕਰਨ ਦੀ ਵਕਾਲਤ ਵੀ ਉਹ ਲਗਾਤਾਰ ਕਰਦੇ ਰਹੇ ਸਨ। ਗੁੱਸੇ ਨੂੰ ਅੰਦਰ ਉਤਾਰ ਕੇ ਊਰਜਾ ਵਿੱਚ ਢਾਲਣ ਦੀ ਵਿਧੀ ਵੀ ਉਨ੍ਹਾਂ ਦੀ ਸਿਆਸਤ ਦਾ ਹਿੱਸਾ ਸੀ। ਸੰਤ ਅਤਰ ਸਿੰਘ ਦੀ ਸੋਚ ਅਤੇ ਯਾਦ ਨਾਲ ਜੁੜੀ ਹੋਈ ਸੰਸਥਾ ਮਸਤੂਆਣਾ ਸਾਹਿਬ ਦੀ ਅਗਵਾਈ ਉਹ ਲਗਾਤਾਰ ਕਰਦੇ ਆਏ ਹਨ। ਉਨ੍ਹਾਂ ਦੀ ਗੈਰ-ਹਾਜ਼ਰੀ ਵਿੱਚ ਪੈਦਾ ਹੋਣ ਵਾਲੀਆਂ ਵੰਗਾਰਾਂ ਬਾਰੇ ਉਨ੍ਹਾਂ ਦੇ ਹਾਮੀਆਂ ਹਿਤੈਸ਼ੀਆਂ ਨੂੰ ਸਿਰ ਜੋੜ ਕੇ ਸੋਚਣਾ ਚਾਹੀਦਾ ਹੈ। ਉਨ੍ਹਾਂ ਦੇ ਤੁਰ ਜਾਣ ਨਾਲ ਹਾਮੀਆਂ ਹਿਤੈਸ਼ੀਆਂ ਨੂੰ ਪੈ ਗਏ ਘਾਟੇ ਦੀ ਭਰਪਾਈ ਸਿਰ ਜੋੜ ਕੇ ਸੰਗਤੀ ਸੁਰ ਵਿੱਚ ਹੀ ਕੀਤੀ ਜਾ ਸਕਦੀ ਹੈ। ਪਰਿਵਾਰ ਨੂੰ ਭਾਣੇ ਵਿੱਚ ਰਹਿ ਕੇ ਵਿਰਾਸਤੀ ਮਾਰਗ 'ਤੇ ਤੁਰਦੇ ਰਹਿਣ ਵਾਸਤੇ ਬਲ ਅਤੇ ਬੁੱਧੀ ਗੁਰੂ ਜੀ ਅੰਗਸੰਗ ਹੋ ਕੇ ਹੀ ਬਖਸ਼ ਸਕਦੇ ਹਨ। ਪੰਥਕ ਪ੍ਰਸੰਗ ਉਸਾਰਨ ਦੀਆਂ ਸੰਭਾਵਨਾਵਾਂ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਗਈ ਪੰਜ ਮੈਂਬਰੀ ਕਮੇਟੀ ਦੀ ਦੇਖ-ਰੇਖ ਵਿੱਚ ਉਸਾਰੀਆਂ ਜਾ ਰਹੀਆਂ ਹਨ। ਪਰਿਵਾਰਕ ਪ੍ਰਸੰਗ ਤੇ ਪਹਿਰੇਦਾਰੀ ਗੁਰੂ ਜੀ ਮਿਹਰ ਕਰਕੇ ਉਨ੍ਹਾਂ ਦੇ ਸਪੁੱਤਰ ਪਰਮਿੰਦਰ ਸਿੰਘ ਕੋਲੋਂ ਲੈ ਲੈਣ, ਇਹ ਮੇਰੀ ਇੱਛਾ ਵੀ ਹੈ ਅਤੇ ਅਰਦਾਸ ਵੀ ਹੈ।


## 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

ਮਾਣਯੋਗ ਸਪਾਂਸਰ


ਧਰਮਿੰਦਰ ਸਿੰਘ ਖੱਟੜਾ



ਕੁਲਦੀਪ ਸਿੰਘ ਲੰਗ


ਸਤਵਿੰਦਰ ਸੱਤਾ ਧਨੇਸਰ


ਜੱਗਾ ਬਾਜਵਾ


ਜੱਸੀ ਧਾਲੀਵਾਲ


ਬਲਦੀਪ ਸਿੰਘ ਮਾਨ


ਅਵਤਾਰ ਸਿੰਘ ਮਿਸ਼ੀਗਨ


ਮਨਜਿੰਦਰ ਸਿੰਘ ਬੈਣੀਪਾਲ


ਕੁਲਵਿੰਦਰ ਸਿੰਘ ਗਿੱਲ


ਸਿਕੰਦਰ ਸਿੰਘ ਔਜਲਾ


ਸੁਖਬੀਰ ਸਿੰਘ ਸੋਹੀ


ਨਵਤੇਜ ਸਿੰਘ ਸੋਹੀ


ਬਿਕਰਮ ਸਿੰਘ ਸੋਹੀ


ਗੁਰਪ੍ਰੀਤ ਸਿੰਘ ਸਿੱਧੂ


ਅੰਮ੍ਰਿਤਪਾਲ ਮਾਂਗਟ


ਇੰਦਰ ਵਿਰਕ


ਹਰਵਿੰਦਰ ਸਿੰਘ ਘੋਤੜਾ


ਹਰਜਿੰਦਰ ਸਿੰਘ ਜਿੰਦੀ


ਸੁਖਵਿੰਦਰ ਸਿੰਘ ਘੱਗਰ


ਜਸਕਰਨ ਧਾਲੀਵਾਲ


ਅੰਮ੍ਰਿਤਪਾਲ ਸੰਘਾ


ਮਨਰਾਜ ਸਿੰਘ ਗਰੇਵਾਲ


ਹਰਿੰਦਰ ਧਾਲੀਵਾਲ


ਸੁਖਜੀਤ ਬਰਾੜ


ਤੇਜਿੰਦਰ ਜਿੱਪੀ


ਮਨਮੀਤ ਜੌਲੀ



ਪਰਮਜੀਤ ਸਿੰਘ


ਰਾਕੇਸ਼ ਰੇਹਾਨ


ਦੀਪਕ ਛੀਨਾ


ਬਲਜੀਤ ਬਰਾੜ


ਜਸਵੰਤ ਸਿੰਘ


ਪਰਮਜੋਤ (ਜੋਤੀ) ਪਰਮਾਰ ਅਤੇ ਦਲਵੀਰ ਕੌਰ ਪਰਮਾਰ

*ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪਾਓ) ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ; ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ (ਮਿਲਵਾਕੀ); ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ (ਇੰਡੀਆਨਾ); 'ਰੰਗਲਾ ਪੰਜਾਬ ਫੌਕਸ ਵੈਲੀ' (ਵਿਸਕਾਨਸਿਨ); ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; 'ਸਵੇਰਾ' ਇੰਕ।

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 224-386-4548 ਜਾਂ ਈਮੇਲ: punjabiparwaz@gmail.com

## ਜੁਗ ਜੁਗ ਜੀਓ... (29)

ਡਾ. ਹਰਬੰਸ ਕੌਰ ਦਿਓਲ

# ਦਿਮਾਗੀ ਕਮਜ਼ੋਰੀ ਦੇ ਕਾਰਨ

***ਦਿਮਾਗੀ ਕਮਜ਼ੋਰੀ ਅਤੇ ਉਮਰ ਦੇ ਤਕਾਜ਼ੇ ਕਾਰਨ ਬੰਦਾ ਬੌਂਦਲਿਆ ਬੌਂਦਲਿਆ ਫਿਰਦਾ ਹੈ ਅਤੇ ਇਸ ਬਿਮਾਰੀ ਤੋਂ ਪੀੜਤ ਰੋਗੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਜਿਸ ਦੌਰ 'ਚੋਂ ਗੁਜ਼ਰਦੇ ਹਨ, ਇਹ ਉਹ ਹੀ ਜਾਣ ਸਕਦੇ ਹਨ। ਸ਼ਿਕਾਗੋ ਵਿੱਚ ਮੇਰੇ ਇੱਕ ਮਿੱਤਰ ਦੇ ਪਰਿਵਾਰਕ ਬਜ਼ੁਰਗ ਨੂੰ ਵੀ ਇਹੋ ਰੋਗ ਆਣ ਚੰਬੜਿਆ ਹੈ, ਤੇ ਉਹ ਹਰ ਘੜੀ ਬਜ਼ੁਰਗ ਦੇ ਖਿਆਲ ਹਿੱਤ ਇੱਕ ਤਰ੍ਹਾਂ ਤਰੱਦਦ ਵਿੱਚ ਹੀ ਰਹਿੰਦੇ ਹਨ। ਖ਼ੈਰ! ਇਸ ਰੋਗ ਸਬੰਧੀ ਹਥਲੇ ਲੇਖ ਵਿੱਚ ਡਾ. ਹਰਬੰਸ ਕੌਰ ਦਿਓਲ ਨੇ ਜਾਣਕਾਰੀ ਮੁਹੱਈਆ ਕੀਤੀ ਹੈ ਅਤੇ ਇਸ ਦੀ ਵਜ੍ਹਾ ਕਰਕੇ ਜੀਵਨ ਵਿੱਚ ਆਉਂਦੀਆਂ ਕੁਝ ਤਬਦੀਲੀਆਂ ਅਤੇ ਇਸ ਦੀਆਂ ਨਿਸ਼ਾਨੀਆਂ ਤੇ ਕਾਰਨ ਆਦਿ ਗੱਲਾਂ ਨੂੰ ਲੇਖ ਦਾ ਆਧਾਰ ਬਣਾਇਆ ਹੈ। ਇਨ੍ਹਾਂ ਲੇਖਾਂ ਦਾ ਮਕਸਦ ਭਾਈਚਾਰੇ ਨੂੰ ਰੋਗਾਂ ਸਬੰਧੀ ਜਾਣਕਾਰੀ ਦੇਣਾ ਹੈ, ਨਾ ਕਿ ਬਿਮਾਰੀਆਂ ਬਾਰੇ ਦੱਸ ਦੱਸ ਕੇ ਉਨ੍ਹਾਂ ਅੰਦਰ ਡਰ ਪੈਦਾ ਕਰਨਾ...। -ਪ੍ਰਬੰਧਕੀ ਸੰਪਾਦਕ***



"ਦੀਦੀ, ਤੁਸੀਂ ਪਿਛਲੀ ਮੁਲਾਕਾਤ ਵਿੱਚ ਦਿਮਾਗ ਅਤੇ ਉਮਰੀ ਦਿਮਾਗੀ ਕਮਜ਼ੋਰੀ (Senior moments) ਬਾਰੇ ਜਾਣਕਾਰੀ ਦਿੱਤੀ ਸੀ। ਕਿੰਨੀ ਕਮਾਲ ਦੀ ਗੱਲ ਏ, ਇਹ ਚਰਬੀ ਨਾਲ ਭਰਿਆ ਹੋਇਆ 3 ਪੌਂਡ ਦਾ ਸਖਤ ਜੈਲੋ ਵਰਗਾ ਲੋਥੜਾ, 24 ਘੰਟੇ ਦਿਨ ਵਿੱਚ ਕਿੰਨੀ ਕੁਸ਼ਲਤਾ ਨਾਲ ਸਰੀਰ ਦੇ ਸਾਰੇ ਕੰਮ ਨਜਿੱਠਦਾ ਐ। ਕਿੰਨਾ ਜ਼ਰੂਰੀ ਹੈ ਸਾਨੂੰ ਇਸ ਦੀ ਸੰਭਾਲ ਕਰਨ ਦੀ, ਖੁਸ਼ਹਾਲ ਅਤੇ ਸਿਹਤਮੰਦ ਜ਼ਿੰਦਗੀ ਬਤੀਤ ਕਰਨ ਲਈ!"

"ਪ੍ਰੀਤ, ਅਲਜ਼ਾਈਮਰ ਬਿਮਾਰੀ, ਜਿਸ ਨੂੰ AD ਵੀ ਕਹਿੰਦੇ ਹਨ, ਇੱਕ ਤਰ੍ਹਾਂ ਦਾ ਡਿਮੈਨਸ਼ੀਆ ਹੈ। ਇਹ ਬੌਧਿਕ ਪ੍ਰਣਾਲੀ (cognitive functions) 'ਤੇ ਅਸਰ ਕਰਕੇ, ਪੀੜਤ ਅਤੇ ਉਸ ਦੇ ਪਰਿਵਾਰ ਦੀ ਜ਼ਿੰਦਗੀ ਵਿੱਚ ਤਬਾਹੀ ਲਿਆ ਦਿੰਦਾ ਹੈ, ਜਿਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।"

"ਦੀਦੀ, ਠੀਕ ਕਿਹੈ, ਜਿਸ ਤਨ ਲਾਗੇ ਸੋਈ ਜਾਣੈ।"

"ਪਰ ਉਮਰੀ ਕਮਜ਼ੋਰੀ (age related dementia) ਵਿੱਚ ਰੋਜ਼ਾਨਾ ਜ਼ਿੰਦਗੀ ਵਿੱਚ ਜ਼ਿਆਦਾ ਫਰਕ ਨਹੀਂ ਪੈਂਦਾ, ਇਹ ਤਕਰੀਬਨ 48% ਤੱਕ, ਬਜ਼ੁਰਗਾਂ ਵਿੱਚ ਹੋ ਜਾਂਦੀ ਏ।

AD (Alzheimer Disease) ਦੋ ਤਰ੍ਹਾਂ ਦੀ ਹੁੰਦੀ ਏ:

EOAD (early onset alzheimer disease) ਅਤੇ

LOAD (late onset alzheimer disease)."

"ਦੀਦੀ, AD ਦੇ ਹੋਣ ਦੇ ਕੀ ਕਾਰਨ ਹਨ?"

"ਇਸ ਨਾਮੁਰਾਦ ਬਿਮਾਰੀ ਦਾ ਕੋਈ ਇੱਕ ਕਾਰਨ ਨਹੀਂ, ਬਲਕਿ ਕਈ ਯੋਗਦਾਨ ਪਾਉਣ ਵਾਲੇ ਕਾਰਨ ਹਨ।

1. ਸਭ ਤੋਂ ਜ਼ਿਆਦਾ ਅਸਰ ਹੈ ਵਧਦੀ ਉਮਰ ਦਾ, 65 ਦੀ ਉਮਰ ਤੋਂ ਬਾਅਦ ਹਰ ਪੰਜੀ ਸਾਲੀਂ। AD ਪੀੜਤਾਂ ਦੀ ਗਿਣਤੀ ਦੁੱਗਣੀ ਹੋ ਜਾਂਦੀ ਹੈ।

2. ਵੰਸ਼ਗਤ ਪ੍ਰਵਿਰਤ (gnetic predis position)- ਦੂਸਰਾ ਕਾਰਨ ਹੈ ਜੀਨਜ਼ ਕਰਕੇ

-LOAD: ਕਈ ਜੀਨਜ਼ ਇਸ ਦੇ ਲਈ ਜ਼ਿੰਮੇਵਾਰ ਹਨ, ਪਰ ਜ਼ਿਆਦਾ ਤੌਰ 'ਤੇ $APOE_4$ ਬਾਰੇ ਹੀ ਵਿਚਾਰ ਵਟਾਂਦਰਾ ਕੀਤਾ ਜਾਂਦੈ। ਜੇ ਇਹ gene ਇੱਕ ਮਾਪੇ ਤੋਂ ਹੀ ਮਿਲੇ ਤਾਂ ਇਸ ਬਿਮਾਰੀ ਦੇ ਹੋਣ ਦਾ 30% ਖਤਰਾ ਹੁੰਦੈ; ਪਰ ਜੇ ਦੋਹਾਂ ਮਾਪਿਆਂ ਤੋਂ ਮਿਲੇ ਤਾਂ ਇਸ ਦਾ ਖਤਰਾ 50% ਹੋ ਜਾਂਦੈ।

2023 ਵਿੱਚ JAMA ਵਿੱਚ ਆਈ ਰਿਪੋਰਟ ਮੁਤਾਬਕ, ਜੇ ਖੁਰਾਕ ਅਤੇ ਜੀਵਨ ਸ਼ੈਲੀ ਵਿੱਚ ਸ਼ੁਰੂਆਤ ਵਿੱਚ ਹੀ ਤਬਦੀਲੀਆਂ ਲਿਆਂਦੀਆਂ ਜਾਣ ਤਾਂ ਇਹ 100% ਰੋਕੀ ਜਾ ਸਕਦੀ ਏ।

-EOAD: ਇਹ LOAD ਤੋਂ ਥੋੜ੍ਹੀ ਵੱਖਰੀ ਹੈ। ਇਹ 65 ਸਾਲ ਦੀ ਉਮਰ ਤੋਂ ਪਹਿਲਾਂ ਹੁੰਦੀ ਏ ਅਤੇ LOAD ਤੋਂ ਜ਼ਿਆਦਾ ਖਤਰਨਾਕ ਹੁੰਦੀ ਹੈ। ਇਹ ਜਲਦੀ ਵਧਦੀ ਹੈ। ਇਸ ਕਰ ਕੇ ਪੀੜਤ ਦੀ ਉਮਰ (life expectancy) 2 ਤੋਂ 3 ਸਾਲ (LOAD ਮਰੀਜ਼ਾਂ ਨਾਲੋਂ) ਘੱਟ ਹੁੰਦੀ ਹੈ; ਯਾਦਦਾਸ਼ਤ ਦੀ ਤਕਲੀਫ ਘੱਟ, ਪਰ ਬੋਲੀ, ਵਿਹਾਰ, ਆਪਣੇ ਆਪ ਨੂੰ ਪਛਾਨਣ ਦੀ ਅਤੇ ਦੂਜਿਆਂ ਨੂੰ ਪਛਾਨਣ ਦੀ ਤਾਕਤ 'ਤੇ ਜ਼ਿਆਦਾ ਅਸਰ ਹੁੰਦੈ। ਇਸ ਨੂੰ FTD (fronto temporal dementia) ਵੀ ਕਹਿੰਦੇ ਨੇ। ਇਸ ਵਿੱਚ ਦਿਮਾਗ ਦੇ ਅਗਲੇ ਵਾਲੇ ਹਿੱਸੇ (frontal) ਯਾਨੀ ਕਿ ਮੱਥੇ ਦੇ ਪਿੱਛੇ ਅਤੇ ਪਾਸੇ ਵਾਲੇ (temporal), ਕੰਨਾਂ ਦੇ ਕੋਲ ਵਾਲੇ ਦਿਮਾਗ ਦੇ ਹਿੱਸੇ 'ਤੇ ਬਿਮਾਰੀ ਦਾ ਅਸਰ ਹੁੰਦੈ। ਇਹ ਖਾਨਦਾਨੀ ਬਿਮਾਰੀ ਹੈ। ਇਸ ਦਾ ਕੋਈ ਪੱਕਾ ਇਲਾਜ ਨਹੀਂ ਹੈ। ਇਹ 100% terminal ਹੈ।

ਸ਼ੁਕਰ ਏ ਰੱਬ ਦਾ, ਇਹ ਸਾਰੇ ਦਿਮਾਗੀ ਕਮਜ਼ੋਰੀ ਨਾਲ ਪੀੜਤ ਲੋਕਾਂ ਵਿੱਚੋਂ ਸਿਰਫ 2% ਨੂੰ ਹੀ ਇਸ ਤਰ੍ਹਾਂ ਦੀ ਦਿਮਾਗੀ ਕਮਜ਼ੋਰੀ ਹੁੰਦੀ ਏ।

3. ਲੰਮੇ ਅਰਸੇ ਦੀਆਂ ਬਿਮਾਰੀਆਂ AD ਕਰਨ ਵਿੱਚ ਦੂਸਰਾ ਕਾਫੀ ਮਹੱਤਵਪੂਰਨ ਕਾਰਨ ਹਨ ਇਹ ਬਿਮਾਰੀਆਂ।

4. ਚਯਪਾਚਯ ਦੀ ਗੜਬੜ (metabolie disorder) ਕਰਕੇ ਇਨਸੁਲਿਨ ਰਜਿਸਟੈਂਸ (IR) ਦੀ ਸ਼ੁਰੂਆਤ ਹੋ ਜਾਂਦੀ ਏ ਦਿਮਾਗ ਦੇ ਸੈੱਲ IR ਕਰਕੇ ਗੁਲੂਕੋਜ਼ ਇਸਤੇਮਾਲ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ। ਫਿਕਰ ਦੀ ਗੱਲ, ਉਹ ਕੀਟੋਨ ਬੌਡੀਜ਼ (ketone bodies, ਜਿਹੜਾ ਦਿਮਾਗ 'ਚ ਜ਼ਰੂਰਤ ਵੇਲੇ ਖੁਰਾਕ ਦਾ ਦੂਸਰਾ, ਯਾਨੀ back up ਤਰੀਕਾ ਹੈ) ਵੀ ਬਨਾਉਣ ਦੇ ਕਾਬਲ ਨਹੀਂ ਰਹਿੰਦੇ। ਦਿਮਾਗ ਵਿੱਚ ਊਰਜਾ (energy) ਦੀ ਘਾਟ ਦੀ ਸੰਕਟਕਾਲੀਨ ਸਥਿਤੀ (emergency situation) ਬਣ ਜਾਂਦੀ ਏ।

ਇਸ ਤੋਂ ਇਲਾਵਾ IR ਕਰਕੇ ਦਿਮਾਗ ਵਿੱਚ ਸੋਜ ਅਤੇ ਖੂਨ ਦੀਆਂ ਨਾੜੀਆਂ ਦੇ ਸੁਕੜਨ (narrow) ਹੋ ਜਾਣ ਨਾਲ ਵੀ ਸੈੱਲਾਂ ਤੱਕ ਘੱਟ ਖੁਰਾਕ ਪਹੁੰਚਦੀ ਏ। ਇਨ੍ਹਾਂ ਹੀ ਕਾਰਨਾਂ ਕਰਕੇ ਦਿਮਾਗ ਵਿੱਚ ਵਿਕਾਸ ਕਾਰਨ ਨਿਪੁੰਸ਼ਕਤਾ (growth factor dysfunction) ਹੋ ਜਾਂਦੈ। ਇਨ੍ਹਾਂ ਸਾਰਿਆਂ ਕਾਰਨਾਂ ਕਰਕੇ ਦਿਮਾਗੀ ਸੈੱਲ (neurons) ਮਰਨਾ ਸ਼ੁਰੂ ਹੋ ਜਾਂਦੇ ਨੇ। ਨਤੀਜਾ, ਦਿਮਾਗ ਛੋਟਾ ਹੋਣਾ (atrophy) ਸ਼ੁਰੂ ਹੋ ਜਾਂਦੈ। ਜਿਹੜੇ ਹਿੱਸੇ ਦੀ ਜ਼ਿੰਮੇਵਾਰੀ ਵਾਲਾ ਕੰਮ ਨਹੀਂ ਹੁੰਦਾ ਅਤੇ AD ਦੇ ਲੱਛਣ ਨਜ਼ਰ ਆਉਣ ਲੱਗ ਜਾਂਦੇ ਨੇ। ਦਿਮਾਗੀ ਸੈੱਲ (neurons) ਨਵੇਂ ਨਹੀਂ ਬਣ ਸਕਦੇ, ਇੱਕ ਵਾਰੀ ਮਰ ਗਏ ਤਾਂ ਗਏ (except ਇੱਕ ਦਿਮਾਗ ਦਾ ਹਿੱਸਾ, ਜਿਸ ਨੂੰ hippocampus ਕਹਿੰਦੇ ਹਾਂ, ਉਹ ਦਿਮਾਗ ਦੇ ਥੱਲੇ ਵਾਲੇ ਹਿੱਸੇ ਵਿੱਚ ਹੁੰਦੈ। ਸਿਰਫ ਇਸ ਵਿੱਚ ਹੀ ਨਵੇਂ ਨਿਊਰੋਨਜ਼ ਬਣ ਸਕਦੇ ਨੇ।)

IR ਦਾ ਇੰਨਾ ਜ਼ਿਆਦਾ ਅਸਰ AD ਕਰਨ ਵਿੱਚ ਹੋਣ ਕਰਕੇ ਕੋਈ ਸਾਇੰਸਦਾਨ AD ਨੂੰ Type 3 Diabetes ਵੀ ਕਹਿੰਦੇ ਨੇ (ਪਰ ਇਹ ਨਾਮ ਸਾਰੇ ਮੈਡੀਕਲ community ਵਿੱਚ ਨਹੀਂ ਮੰਨਿਆ ਗਿਆ ਅਜੇ।)

5. ਜੀਵਨ ਸ਼ੈਲੀ: AD ਕਰਨ ਵਿੱਚ ਇਸ ਪੰਜਵੇਂ ਕਾਰਨ ਦਾ ਵੱਡਾ ਹੱਥ ਹੈ। ਇਸ ਵਿੱਚ ਕਈ ਚੀਜ਼ਾਂ ਆ ਜਾਂਦੀਆਂ ਨੇ:

*ਸਭ ਤੋਂ ਜ਼ਿਆਦਾ ਪ੍ਰਭਾਵ ਹੈ ਖੁਰਾਕ ਦਾ। ਮਾੜੀ ਖੁਰਾਕ ਦਾ ਇਸਤੇਮਾਲ ਆਪਾਂ ਬੜੀ ਵਾਰੀ ਨਜ਼ਰਸਾਰ ਕਰ ਚੁਕੇ ਹਾਂ। ਅਲਟਰਾਪ੍ਰੋਸੈਸਡ ਖੁਰਾਕ, ਕਲਰਿੰਗਜ਼, ਐਡੀਟਿਵਜ, ਮਿੱਠੇ ਵਾਲੀ ਖੁਰਾਕ, ਬੁਰੇ ਤਰੀਕੇ ਨਾਲ ਤਿਆਰ ਕੀਤੀ ਅਤੇ ਬੁਰੇ ਤੇਲਾਂ ਦਾ ਇਸਤੇਮਾਲ ਵਗੈਰਾ ਨਾਲ ਬਣਾਈ ਹੋਈ ਖੁਰਾਕ।

*ਖੁਰਾਕ ਵਿੱਚ ਜ਼ਰੂਰੀ ਤੱਤਾਂ ਦੀ ਘਾਟ AD ਹੋਣ ਨਾਲ ਜੋੜੀ ਗਈ ਏ।

*ਵਿਟਾਮਨਜ਼ $B_1$, $B_6$ ਤੇ $B_{12}$ ਅਤੇ ਫੋਲੇਵ ਦੀ ਘਾਟ।

*ਓਮੇਗਾ-3 ਦੀ ਘਾਟ।

*ਵਿਟਾਮਨ D ਦੀ ਘਾਟ ਦੇਖੀ ਗਈ ਹੈ ਦੋਹਾਂ- AD ਅਤੇ ਉਮਰੀ ਦਿਮਾਗੀ ਕਮਜ਼ੋਰੀ ਵਿੱਚ।

*ਆਇਰਨ ਅਤੇ ਜਿੰਕ ਦੀ ਘਾਟ ਵੀ ਦਿਮਾਗ 'ਤੇ ਅਸਰ ਕਰ ਸਕਦੀ ਹੈ।

ਇਨ੍ਹਾਂ ਦੀ ਘਾਟ ਖੁਰਾਕ ਅਤੇ ਸਪਲੀਮੈਂਟ ਦੇ ਕੇ ਪੂਰੀ ਹੋ ਸਕਦੀ ਏ।

ਐਸੀਟਿਲਕੋਲੀਨ (acetylcholine) ਦਿਮਾਗ ਨੂੰ ਚਾਹੀਦੀ ਹੈ ਨਵੀਂ ਯਾਦਦਾਸ਼ਤ ਬਣਾਉਣ ਲਈ ਅਤੇ ਦੂਸਰੇ ਸੈੱਲਾਂ ਨਾਲ ਸਬੰਧ ਬਨਾਉਣ ਲਈ।

ਖੁਰਾਕ, ਜਿਵੇਂ ਕਰੂਸੀਫਰੈਸ ਸਬਜ਼ੀਆਂ, ਨਟਜ਼, ਬੀਜ, ਹੋਲ ਗਰੇਨਜ਼, ਅੰਡੇ ਅਤੇ ਦੁੱਧ ਦੀਆਂ ਬਣੀਆਂ ਚੀਜ਼ਾਂ ਮਦਦਗਾਰ ਹਨ।

ਕੋਲੀਨ ਸਪਲੀਮੈਂਟਜ਼ ਵੀ ਮਿਲਦੇ ਹਨ।

ਹੋਰ ਰਹਿਣ ਦੇ ਤਰੀਕੇ ਵਿੱਚ ਆ ਜਾਂਦੇ ਨੇ ਨਸ਼ੇ, ਜਿਵੇਂ

*ਧੂਮਰ (cigratte smoking).

*ਸ਼ਰਾਬ- ਜ਼ਿਆਦਾ ਜਾਂ ਜ਼ਿਆਦਾ ਵਕਤ ਲਈ ਪੀਣੀ।

*ਡਰੱਗਜ਼ ਦਾ ਇਸਤੇਮਾਲ ਕਰਨਾ।

*ਲੰਮੇ ਅਰਸੇ ਲਈ ਬਲੂ ਲਾਈਟ ਸਾਹਮਣੇ ਕੰਮ ਕਰਨਾ। ਮਤਲਬ ਸਕਰੀਨ ਟਾਈਮ- ਟੀਵੀ ਸਾਹਮਣੇ, ਫੋਨ 'ਤੇ ਜਾਂ ਆਈਪੈਡ 'ਤੇ।

*ਕਸਰਤ ਨਾ ਕਰਨਾ।

*ਨੀਂਦ ਪੂਰੀ ਨਾ ਹੋਣ ਕਾਰਨ, ਜਿਵੇਂ ਆਦਤਾਂ ਕਰਕੇ ਨੀਂਦ ਦੀ ਤਕਲੀਫ, ਸਾਹ ਦੀ ਤਕਲੀਫ, ਸਲੀਪ ਐਪਨੀਆ ਦੀ ਬਿਮਾਰੀ ਕਰਕੇ।

*ਅੱਖਾਂ ਦੀ ਤਕਲੀਫ- ਨਜ਼ਰ ਘਟ ਰਹੀ ਹੋਵੇ ਤਾਂ ਸੋਸ਼ਲ ਲਾਈਫ 'ਤੇ ਅਸਰ ਕਰਦੈ।

*ਕੰਨਾਂ ਦੀ ਪਰੋਬਲਮ- ਸੁਣਨ ਵਿੱਚ ਦਿੱਕਤ।

*ਤਣਾਅ- Stress, ਉਦਾਸੀ, ਇਨਫਲੇਮੇਸ਼ਨ, ਖੁਰਾਕ ਪ੍ਰਣਾਲੀ ਦੋਸਤ ਜਰਮਾਂ ਲਈ ਹਾਨੀਕਰਕ।

*ਇਕੱਲਾਪਨ- ਸੋਸ਼ਲ ਕਨੈਕਸ਼ਨ ਦੀ ਘਾਟ।

*ਮੋਟਾਪਨ- ਜ਼ਿਆਦਾ ਵਜ਼ਨ।

*ਇਨ੍ਹਾਂ ਸਾਰਿਆਂ ਦਾ ਨਕਾਰਾਤਮਿਕ (negative) ਅਸਰ ਦੇਖਿਆ ਗਿਐ ਦਿਮਾਗ 'ਤੇ।

6. ਖੁਰਾਕ ਪ੍ਰਣਾਲੀ ਦੇ (ਦੋਸਤ ਜਰਮ) ਰਾਹੀਂ ਕਈ ਤਰੀਕਿਆਂ ਨਾਲ ਦਿਮਾਗੀ ਸਿਹਤ ਉਪਰ ਖਤਰਨਾਕ ਅਸਰ ਪੈਂਦਾ ਏ।

*ਮੂੰਹ ਵਿੱਚ ਦੀ ਅੱਛੀ ਹਾਈਜੀਨ ਅਤੇ ਬਿਮਾਰੀ ਤੋਂ ਰਹਿਤ ਹੋਣਾ, ਸਾਡੀ ਸਿਹਤ ਲਈ ਅਤਿਅੰਤ ਜ਼ਰੂਰੀ ਹੈ। ਕਾਫੀ ਖੋਜ ਤੋਂ ਬਾਅਦ ਇਹ ਸਿੱਧ ਹੋ ਚੁੱਕਾ ਹੈ ਕਿ ਜਰਮ ਮੂੰਹ ਵਿੱਚੋਂ (gum disease ਜਾਂ ਪੈਰੀਓਡੌਂਟਲ ਇਨਫੈਕਸ਼ਨ ਕਰਕੇ) ਦਿਮਾਗ, ਦਿਲ ਅਤੇ ਬਾਕੀ ਹਿੱਸਿਆਂ ਵਿੱਚ ਖੂਨ ਰਾਹੀਂ ਜਾ ਕੇ ਭਾਰੀ ਨੁਕਸਾਨ ਪਹੁੰਚਾਉਂਦੇ ਨੇ। ਉਸ ਹਿੱਸੇ ਵਿੱਚ ਇਨਫੈਕਸ਼ਨ ਅਤੇ ਸੋਜ ਕਰਕੇ ਇਹ ਦਿਮਾਗ ਵਿੱਚ ਜਾ ਕੇ ਸੈੱਲਾਂ ਦੀ ਮੌਤ ਦਾ ਕਾਰਨ ਅਤੇ ਡੀਮੈਨਸ਼ੀਆ ਦਾ ਕਾਰਨ ਬਣ ਸਕਦੇ ਨੇ।

*ਮੂੰਹ ਵਿੱਚ ਦੋਸਤ ਜਰਮ ਵੀ ਹਨ, ਜੋ ਖੁਰਾਕ ਵਿਚਲੇ ਨਾਈਟਰੇਟ ਨੂੰ ਨਾਈਟਰਾਈਟ ਵਿੱਚ ਬਦਲ ਕੇ ਨਾਈਟਰਿਕ ਗੈਸ ਬਣਾਉਂਦੇ ਨੇ। ਇਹ ਗੈਸ ਖੂਨ ਦੀਆਂ ਨਾੜੀਆਂ ਨੂੰ ਚੌੜੀਆਂ ਕਰਕੇ, ਵੱਖਰੇ-ਵੱਖਰੇ ਅੰਗਾਂ, ਦਿਲ, ਦਿਮਾਗ ਨੂੰ ਜ਼ਿਆਦਾ ਖੁਰਾਕ ਅਤੇ ਔਕਸੀਜ਼ਨ ਪਹੁੰਚਾਉਣ ਵਿੱਚ ਮਦਦ ਕਰਦੀ ਏ। ਇਹ ਜਰਮ ਵਧੇ ਹੋਏ ਖੂਨ ਦੇ ਦੌਰੇ ਨੂੰ ਵੀ ਘਟਾ ਸਕਦੇ ਨੇ। ਦੋਸਤ ਜਰਮ, ਹਾਨੀਕਾਰਕ ਜਰਮਾਂ ਨੂੰ ਵੀ ਕਾਬੂ ਵਿੱਚ ਰੱਖਦੇ ਨੇ।

2023 ਵਿੱਚ 2 ਖੋਜਾਂ ਦੇ ਨਤੀਜੇ ਛਪੇ ਸਨ, ਜਿਨ੍ਹਾਂ ਵਿੱਚ ਲੋਕਾਂ ਨੇ ਐਂਟੀਬੈਕਟੀਰੀਅਲ ਮਾਊਥ ਵਾਸ਼ ਦਿਨ ਵਿੱਚ ਦੋ ਵਾਰੀ, ਤਿੰਨ ਕੁ ਸਾਲ ਇਸਤੇਮਾਲ ਕੀਤਾ ਸੀ। ਇਨ੍ਹਾਂ ਲੋਕਾਂ ਵਿੱਚ ਸ਼ੂਗਰ ਦੀ ਬਿਮਾਰੀ ਦਾ ਖਤਰਾ 49% ਵਧ ਗਿਆ ਸੀ, ਕਿਉਂਕਿ ਇਸ ਤਰ੍ਹਾਂ ਦੇ ਮਾਊਥ ਵਾਸ਼ ਨੇ ਅੱਛੇ ਜਰਮ ਵੀ ਮਾਰ ਦਿੱਤੇ, ਜਿਹੜੇ ਸਾਡੇ ਸ਼ੂਗਰ ਦੇ metabolism ਵਿੱਚ ਮਦਦਗਾਰ ਹੁੰਦੇ ਨੇ।

*ਇਹ ਮੂੰਹ ਦੇ ਜਰਮ ਸਾਡੀ ਖੁਰਾਕ ਪਸੰਦਗੀ 'ਤੇ ਵੀ ਅਸਰ ਕਰਦੇ ਨੇ, ਮਾੜੇ ਜਰਮ ਸਾਨੂੰ ਮਾੜੀ ਖੁਰਾਕ ਖਾਣ ਲਈ ਪ੍ਰੇਰਦੇ ਨੇ ਅਤੇ ਮਾੜੀ ਖੁਰਾਕ ਨਾਲ ਬਿਮਾਰੀਆਂ, ਤੇ ਇਹ ਸਾਈਕਲ ਚੱਲਦਾ ਰਹਿੰਦੈ, ਕਿਉਂਕਿ ਦਿਮਾਗ ਦੀ ਹਾਰਡ ਵਾਇਰਿੰਗ ਬਦਲ ਜਾਂਦੀ ਏ, ਅਰਸੇ ਨਾਲ।

*ਫਲੋਰਾਈਡ ਵਾਲੀ ਟੂਥ ਪੇਸਟ ਨਾਲ ਇਹ ਦੋਸਤ ਜਰਮ ਮਰ ਜਾਂਦੇ ਨੇ। ਟੂਥ ਪੇਸਟ ਬਿਨਾ ਫਲੋਰਾਈਡ ਦੇ ਵੀ ਮਿਲਦੇ ਨੇ। ਦੰਦਾਂ ਨੂੰ ਬਰੱਸ਼ ਕਰਨਾ, ਫਲੌਸ ਕਰਨਾ ਅਤੇ ਪਾਣੀ ਫਲੌਸ ਕਰਨਾ ਜ਼ਰੂਰੀ ਹੈ। ਬਾਲਗ ਬੰਦਿਆਂ ਨੂੰ ਫਲੋਰਾਈਡ ਟੂਥ ਪੇਸਟ ਦਾ ਕੋਈ ਲਾਭ ਨਹੀਂ ਹੁੰਦਾ।

*ਖੁਰਾਕ ਦੀ ਥੱਲੇ ਦੀ ਪ੍ਰਣਾਲੀ ਦੇ ਦੋਸਤ ਜਰਮਾਂ ਦੀ ਆਪਣੀ ਦਿਮਾਗੀ ਸਿਹਤ ਨੂੰ ਕਾਇਮ ਰੱਖਣ ਵਿੱਚ ਵੀ ਬਹੁਤ ਅਹਿਮ ਭੂਮਿਕਾ ਹੈ। ਇਨ੍ਹਾਂ ਬਾਰੇ ਪਿਛਲੀਆਂ ਮੁਲਾਕਾਤਾਂ ਵਿੱਚ ਵਿਸਥਾਰ ਨਾਲ ਆਪਾਂ ਵਿਚਾਰ ਕਰ ਚੁਕੇ ਹਾਂ ਅਤੇ ਉਨ੍ਹਾਂ ਦੇ ਫਾਇਦੇ ਵੀ।

7. ਲੰਮੇ ਅਰਸੇ ਦੀਆਂ ਗੁੱਝੀਆਂ ਸਕਰਮਣ (undiagnosed infections): ਇਹ ਆਮ ਤੌਰ 'ਤੇ ਅਸਪਸ਼ਟ ਹੁੰਦੇ ਨੇ, ਜਿਵੇਂ

EBV- ebsteinbar virus, ਹਰਪੀਜ਼ (HS), ਐਚ.ਆਈ.ਵੀ. (HIV), ਸਾਈਟੋਮਗੈਲਿਕ ਵਾਈਰਸ (cytomegalic virus), ਮਸੂੜਿਆਂ ਦੀਆਂ ਬਿਮਾਰੀਆ ਅਤੇ ਲਾਈਮ ਡਿਜ਼ੀਜ। ਇਨ੍ਹਾਂ ਕਰਕੇ ਥਕਾਵਟ, ਥੋੜ੍ਹਾ ਜਿਹਾ ਬੁਖਾਰ, ਜੋੜਾਂ ਦਾ ਦਰਦ, ਚਮੜੀ 'ਤੇ ਰੈਸ਼, ਨੀਂਦ ਦੀ ਖਰਾਬੀ, ਮਜਾਜ ਦੀ ਤਕਲੀਫ ਅਤੇ ਦਿਮਾਗੀ ਉਲਝਣ (brain fog) ਹੋ ਸਕਦੀ ਏ।

8. ਖੂਨ ਸੰਚਾਰ ਸਮੱਸਿਆ - Vascular: ਸਟਰੋਕ ਜਾਂ ਖੂਨ ਦੇ ਦੌਰੇ ਕਾਰਨ ਦਿਮਾਗ ਦੇ ਸੈੱਲਾਂ ਨੂੰ ਜ਼ਰੂਰਤ ਮੁਤਾਬਿਕ ਖੁਰਾਕ ਅਤੇ ਔਕਸੀਜ਼ਨ ਦੇ ਨਾ ਪਹੁੰਚਣ ਕਾਰਨ, ਦਿਮਾਗੀ ਸੈੱਲਾਂ ਦਾ ਨੁਕਸਾਨ ਹੋ ਜਾਂਦੈ।

9. ਹਾਦਸਾ (Trauma): ਦਿਮਾਗ ਦੇ ਹਿੱਸੇ 'ਤੇ ਹਾਦਸੇ (accident) ਦੇ ਅਸਰ ਕਰਕੇ ਨਿਊਰੋਂਨਜ਼ (ਦਿਮਾਗ ਦੇ ਸੈੱਲ) ਮਰ ਸਕਦੇ ਨੇ ਜਾਂ ਦਿਮਾਗ ਦਾ ਹਿੱਸਾ ਮਰ ਸਕਦੈ।

10. ਰਸਾਇਣ (hormones) ਦੀ ਘਾਟ ਜਾਂ ਤਬਦੀਲੀਆਂ ਦਾ ਅਸਰ ਵੀ ਦਿਮਾਗ 'ਤੇ ਹੁੰਦੈ, ਜਿਵੇਂ

-ਐਸਟਰੋਜਨਜ Estrogons

-ਟੈਸਟੋਸਟੀਰੋਨ Testosterone

-ਥਾਈਰੁਆਇਡ Thyroid ਹਾਰਮੋਨਜ਼


ਗਲੂਟਾਥਾਓਨ (glutathione) ਸਰੀਰ ਦਾ, ਖਾਸ ਕਰ ਕੇ ਦਿਮਾਗ ਦਾ ਇਹ ਮਾਸਟਰ ਐਂਟੀਓਕਸੀਡੈਂਟ ਹੈ, ਦਿਮਾਗ ਵਿੱਚ ਫਰੀ ਰੈਡੀਕਲ ਤੋਂ ਬਚਾਅ ਕਰਨ ਲਈ।

11. ਆਲੇ-ਦੁਆਲੇ ਦੀਆਂ ਟੌਕਸਿਨਜ਼: ਇਨ੍ਹਾਂ ਵਿੱਚ ਆ ਜਾਂਦੇ ਨੇ- ਹਰਬੀਸਾਈਡਜ਼, ਪੈਸਟੀਸਾਈਡਜ਼ (pesticides), ਮਾਈਕਰੋਪਲਾਸਟਿਕ (microplastics)

ਨਿੱਜੀ ਚੀਜ਼ਾਂ, ਜਿਵੇਂ ਕੌਸਮੈਟਿਕਜ਼, ਸਨ ਸਕਰੀਨ ਤੇ ਕਰੀਮਾਂ 'ਚ ਫਾਰਮੈਲਡੀਹਾਈਡ (formaldehyde), ਕੋਲਟਾਰਡਾਈਜ਼ (coaltardyes), ਪੈਰਾ ਬੈਨਜ, ਥੇਲੇਟਜ਼ (pthalates), PFAS ਕੈਮੀਕਲਜ਼, ਮਰਕਰੀ, ਲੈੱਡ ਅਤੇ ਆਰਸੈਨਿਕ ਵਗੈਰਾ ਪਾਏ ਜਾਂਦੇ ਨੇ। ਇਹ ਜ਼ਿਆਦਾ ਮਿਕਦਾਰ ਵਿੱਚ, ਕੁਝ ਦੇਰ ਤੱਕ ਇਸਤੇਮਾਲ ਕਰੀਏ ਤਾਂ ਦਿਮਾਗ 'ਤੇ ਹਾਨੀਕਾਰਕ ਅਸਰ ਪਾਉਂਦੇ ਨੇ। ਚੀਜ਼ਾਂ ਖਰੀਦਣ ਵੇਲੇ ingredient ਦੀ ਲਿਸਟ ਪੜ੍ਹ ਲੈਣੀ ਚਾਹੀਦੀ ਹੈ।

ਮਾਈਨਿੰਗ ਜਾਂ ਮੈਨੀਫੈਕਚੁਰਿੰਗ ਇੰਡਸਟਰੀ ਕਰਕੇ heavy metal ਦੀ ਆਲੇ-ਦੁਆਲੇ ਵਿੱਚ, ਧਰਤੀ, ਹਵਾ, ਪਾਣੀ ਅਤੇ ਖੁਰਾਕ ਵਿੱਚ ਮਿਲਾਵਟ ਹੋ ਜਾਂਦੀ ਏ। ਇਹ ਦਿਮਾਗ ਲਈ ਬਹੁਤ ਹਾਨੀਕਾਰਕ ਹਨ।

ਦਿਮਾਗ ਵਿੱਚ ਤਬਦੀਲੀਆਂ ਅਤੇ ਦਿਮਾਗੀ ਕਮਜ਼ੋਰੀ ਦੇ ਟੈਸਟਾਂ ਬਾਰੇ ਅਗਲੀ ਮੁਲਾਕਾਤ ਵਿੱਚ ਗੱਲਾਂ ਕਰਾਂਗੇ।"



(ਖੱਬੇ) ਤੰਦਰੁਸਤ ਦਿਮਾਗ ਅਤੇ (ਸੱਜੇ) ਅਲਜ਼ਾਈਮਰ ਪੀੜਤ ਦਿਮਾਗ ਦੀਆਂ ਨਿਸ਼ਾਨੀਆਂ

# ਜਗਰਾਵਾਂ ਦਾ ਪਿੜ 'ਜਗਰਾਏ ਨਾਈ' ਨੇ ਬੰਨ੍ਹਿਆ ਸੀ

**ਪਿੰਡ ਵਸਿਆ (25)**

**ਵਿਜੈ ਬੰਬੇਲੀ**
**ਫੋਨ: +91-9463439075**



*'ਪਿੰਡ ਵਸਿਆ' ਕਾਲਮ 'ਪੰਜਾਬੀ ਪਰਵਾਜ਼' ਵਿੱਚ ਸਾਲ ਭਰ ਤੋਂ ਛਪਦਾ ਰਿਹਾ ਹੈ, ਜਿਸ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਇਸ ਲੇਖ-ਲੜੀ ਦੀ ਨਿਰੰਤਰਤਾ ਵਿੱਚ ਅਸੀਂ ਦੋ ਦਰਜਨ ਲੇਖ ਪ੍ਰਕਾਸ਼ਿਤ ਕਰ ਚੁਕੇ ਹਾਂ। ਹਥਲਾ ਲੇਖ ਕੁਝ ਵਕਫੇ ਪਿੱਛੋਂ ਪ੍ਰਾਪਤ ਹੋਇਆ ਹੈ, ਜਿਸ ਦਾ ਕਾਰਨ ਇਹ ਹੈ ਕਿ ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਹਥਲੀ ਲਿਖਤ ਵਿੱਚ ਜਗਰਾਵਾਂ/ਜਗਰਾਓਂ ਦਾ ਪਿੜ ਬੰਨ੍ਹਣ ਦੀ ਸੰਖੇਪ ਗਾਥਾ ਪੇਸ਼ ਹੈ। -ਪ੍ਰਬੰਧਕੀ ਸੰਪਾਦਕ*

"ਮਾਲਵਾ ਸਿੱਖ ਇਤਿਹਾਸ" ਮੁਤਾਬਿਕ ਜਗਰਾਓਂ, ਜਿਹੜਾ ਹੁਣ ਵਿਗੜਦਾ ਸੰਵਰਦਾ ਜਗਰਾਵਾਂ, ਕਿਤੇ-ਕਿਤੇ ਜਗਰਾਉਂ ਵਜੋਂ ਸਨਦਬੱਧ ਹੋ ਗਿਆ ਹੈ, ਦੀ ਮੋੜ੍ਹੀ ਗੱਡਣ ਵਾਲਾ "ਜਗਰਾਏ" ਜਿਹੜਾ ਜਾਤ ਵਜੋਂ ਨਾਈ ਸੀ, ਨੇ ਗੱਡੀ ਸੀ। ਪੰਜਾਬ ਦਾ ਸ਼ਾਇਦ ਇਹ ਇੱਕੋ-ਇੱਕ ਪਿੰਡ ਹੈ, ਜਿਸਦਾ ਪਿੜ ਕਾਮਾ-ਸ਼ਿਲਪੀ (ਲਾਗੀ) ਦੇ ਇੱਕ ਜਾਏ ਨੇ, ਕਰੀਬ ਛੇ ਸਦੀਆਂ ਪਹਿਲਾਂ ਬੰਨ੍ਹਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਜਗਰਾਉਂ ਉਰਫ ਜਗਰਾਵਾਂ" ਦਾ ਪਹਿਲ-ਪਲੱਕੜਾ ਨਾਂ "ਜਗਰਾਏ" ਸੀ। ਮਗਰੋਂ ਇਸ 'ਤੇ ਮੰਝ ਰਾਜਪੂਤਾਂ ਦਾ ਕਬਜ਼ਾ ਹੋ ਗਿਆ। ਇਹ ਮੰਝ ਲਾਗਲੇ ਪ੍ਰਾਚੀਨ ਨਗਰ "ਹਠੂਰ" ਦੇ ਜੰਮੇ ਜਾਏ ਸਨ, ਜਿਹੜੇ ਮਗਰੋਂ ਸਥਿਤੀਆਂ-ਪ੍ਰਸਥਿਤੀਆਂ ਵੱਸ ਹਿੰਦੂਆਂ ਤੋਂ ਮੁਸਲਮਾਨ ਬਣ ਗਏ ਸਨ। ਮਗਰੋਂ ਵਸੇ "ਰਾਏਕੋਟ", ਜਿਸਦੇ ਬਾਨੀ-ਮਾਲਕ "ਰਾਏ ਕੱਲ੍ਹਾ" ਨੇ ਵੀ "ਹਠੂਰ" ਤੋਂ ਹੀ ਹਿਜ਼ਰਤ ਕੀਤੀ ਸੀ ਅਤੇ "ਜਗਰਾਓਂ" ਵੀ "ਹਠੂਰ" ਵਾਂਗ ਮਸ਼ਹੂਰ ਹੋ ਗਏ। ਦਰਅਸਲ, ਜਿੱਥੇ ਰਾਏਕੋਟ ਦੀ ਪੈਂਠ ਦਾ ਕਾਰਨ ਉਸਦੀ "ਰਾਏਕੋਟ ਰਿਆਸਤ" ਵਜੋਂ ਸਥਾਪਤੀ ਸੀ, ਉੱਥੇ "ਜਗਰਾਓਂ" ਦੀ ਪ੍ਰਸਿੱਧੀ ਦੇ ਕਾਰਨ ਉਸਦੀ ਭੂਗੋਲਿਕੀ ਤੇ ਆਵਾਜਾਈ ਸਥਿਤੀ, ਰਾਏਕੋਟ ਰਿਆਸਤ ਦੇ ਖਿੱਤੇ ਦੇ ਕਰੀਬ ਗੱਭੇ ਜਿਹੇ ਸਥਿਤ ਹੋਣ ਅਤੇ ਇਸਦੇ ਰਾਏਕੋਟ ਦੀ ਰਾਜਧਾਨੀ ਵਜੋਂ ਟਿਕੇ ਜਾਣ ਵੀ ਬਣੇ। ਹਾਲਾਂ ਕਿ ਮਗਰੋਂ ਇਹ ਖੇੜਾ ਕਈ ਆਰਥਿਕ ਅਤੇ ਪਹਿਲਾਂ ਇਤਿਹਾਸਕ-ਮਿਥਿਹਾਸਕ ਕਾਰਨਾਂ ਕਰਕੇ ਵੀ ਚਰਚਿਤ-ਦਰ-ਚਰਚਿਤ ਹੁੰਦਾ ਰਿਹਾ, "ਵਿੱਚ ਜਗਰਾਵਾਂ ਦੇ ਲੱਗਦੀ ਰੋਸ਼ਨੀ ਭਾਰੀ।"

ਕਈ ਕਾਰਨਾਂ ਕਰ ਕੇ ਜਗਰਾਵਾਂ ਹੌਲੀ-ਹੌਲੀ ਪਿੰਡ ਤੋਂ ਕਸਬਾ ਅਤੇ ਕਸਬੇ ਤੋਂ ਸ਼ਹਿਰ ਬਣ ਗਿਆ। ਦਰ-ਹਕੀਕਤ: ਇਸਨੂੰ ਕਿਲੇ ਅਤੇ ਸ਼ਹਿਰ ਦਾ ਰੂਪ ਚੜ੍ਹਨ ਦਾ ਕਾਰਨ "ਰਾਏ ਕੱਲ੍ਹਾ" ਵੱਲੋਂ ਰਾਜਧਾਨੀ ਵਜੋਂ ਇਸਦੀ ਸੁਰੱਖਿਆ ਲਈ ਕੀਤੀ ਮਜਬੂਤ ਚਾਰਦੀਵਾਰੀ ਬਣੀ। ਅੰਦਰ ਦਾਖਿਲ ਹੋਣ ਲਈ ਚਾਰ ਲੋਹ-ਦਰਵਾਜ਼ੇ, ਜਿਨ੍ਹਾਂ ਦੇ ਮੌਜੂਦਾ ਨਾਂ "ਸੱਯਦਾਂ ਦਰਵਾਜ਼ਾ", "ਫਿਲੀ" ਅਤੇ "ਦਾਣਾ ਮੰਡੀ" ਗੇਟ ਅਤੇ "ਕਮੇਟੀ ਦਰਵਾਜ਼ਾ" ਹਨ, ਤਾਮੀਰ ਕੀਤੇ ਗਏ ਸਨ ਜਾਂ ਮਗਰੋਂ ਹੋਂਦ 'ਚ ਆਏ ਜਾਂ ਕਾਰ-ਵਿਹਾਰ ਪੱਖੋਂ ਮਗਰੋਂ ਨਵ ਨਾਮ-ਕਰਨ ਹੋਏ ਸਨ। ਵੱਡ ਅਕਾਰੀ, ਮੁੱਖ ਦਰਵਾਜ਼ਾ "ਕਮੇਟੀ ਗੇਟ" ਹੈ, ਜਿਹੜਾ ਆਪਣੀ ਮਹੱਤਤਾ, ਵਿਲੱਖਣਤਾ ਅਤੇ ਵਿਸ਼ਾਲਤਾ ਕਾਰਨ ਅੱਜ ਵੀ ਜਿਉਂਦਾ-ਜਾਗਦਾ ਹੈ। ਹਾਂ; ਪੰਜ-ਛੇ ਫੁੱਟ ਚੌੜੀ ਉਸ ਚਾਰਦੀਵਾਰੀ, ਜਿਸਦੇ ਕਿਤੇ ਅੰਦਰ-ਕਿਤੇ ਬਾਹਰ ਹਮਲਾਵਰਾਂ/ਧਾੜਵੀਆਂ ਦਾ ਲਾਂਘਾ ਰੋਕਣ ਲਈ ਇੱਕ ਡੂੰਘੀ ਜਲ-ਖਾਲੀ ਵੀ ਪੁੱਟੀ ਗਈ ਸੀ, ਦੇ ਕਿਤੇ-ਕਿਤੇ ਅਵਸ਼ੇਸ ਹੁਣ ਵੀ ਮੌਜੂਦ ਹਨ। ਉਪਰੰਤ ਜਿੱਥੇ ਪਾਣੀ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਜਲ ਡਿੱਗੀਆਂ ਉਸਾਰੀਆਂ ਗਈਆਂ ਅਤੇ ਇੱਕ ਧੜਵੈਲ ਖੂਹ ਪੁੱਟਿਆ ਗਿਆ, ਉੱਥੇ ਤ੍ਰਿਵੈਣੀਆਂ ਵੀ ਸਥਾਪਿਤ ਕੀਤੀਆਂ ਗਈਆਂ, "ਜਗਰਾਵਾਂ ਠੰਡੀਆਂ ਛਾਵਾਂ।"




ਜਦ ਵੱਡਾ ਘੱਲੂਘਾਰਾ, 1762 ਈ., ਵਾਪਰਿਆ ਤਦ ਜਗਰਾਓਂ ਦਾ ਮਾਲਕ ਰਾਏ ਕੱਲ੍ਹਾ ਦਾ ਪੋਤਾ "ਰਾਏ ਅਲਿਆਸ ਉਰਫ ਚੌਧਰੀ ਅੱਲਾ ਯਾਰ" ਬਾਲਦ ਰਾਏ ਅਹਿਮਦ ਸੀ। ਆਪਣੇ ਪੁਰਖਿਆਂ, ਜਿਹੜੇ ਸਿੱਖ-ਆਸਥਾ ਰੱਖਦੇ ਸਨ, ਦੇ ਉਲਟ ਇਸਨੇ ਮੁਗਲ ਧਾੜਵੀਆਂ ਦੀ ਮਦਦ ਕਰਕੇ ਸਿੱਖ ਵਿਰੋਧ ਖੱਟ ਲਿਆ। ਸਿੱਟਾ; ਪਹਿਲਾਂ ਇਸ ਰਿਆਸਤ (ਅਤੇ ਜਗਰਾਵਾਂ) ਉੱਤੇ ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਕਬਜ਼ਾ ਕਰ ਲਿਆ; ਮਗਰੋਂ ਸਮਾਂ ਪਾ ਇਹ ਖਿੱਤਾ ਸ. ਫਤਿਹ ਸਿੰਘ ਆਹਲੂਵਾਲੀਏ ਨੇ ਬਗਲ ਲਿਆ। ਉਪਰੰਤ; ਇਸ ਖੇੜੇ ਅਤੇ ਇਸਦੀ ਜੁਗਲਬੰਦੀ ਨੂੰ ਚਾਰ ਭਾਗਾਂ (ਅਗਵਾੜਾਂ) ਵਿੱਚ ਤਕਸੀਮ ਕਰ ਦਿੱਤਾ ਗਿਆ: ਅਗਵਾੜ ਲੋਪੋਂ, ਅਗਵਾੜ ਗੁਜਰਾਂ, ਅਗਵਾੜ ਲਧਾਈ ਅਤੇ ਅਗਵਾੜ ਡਾਲਾ। ਦਰਅਸਲ ਪਹਿਲੇ ਤਿੰਨ ਅਗਲਵੰਡੀ ਵਸੇ ਹੋਏ ਅਤੇ ਚੌਥਾ ਕੁਝ ਦੂਰ ਵੱਸਦਾ ਡਾਲਾ ਚਾਰ ਵੱਖੋ-ਵੱਖਰੇ ਪਿੰਡ ਹਨ। ਇਹੀ ਨਹੀਂ; ਆਲੇ-ਦੁਆਲੇ ਦੇ ਕਈ ਹੋਰ ਪਿੰਡ (ਜਗਰਾਓਂ ਦੇ ਕੋਠੇ), ਜਿਵੇਂ: ਕੋਠੇ ਫਤਿਹਦੀਨ, ਕੋਠੇ ਰਾਹਲਾਂ, ਕੋਠੇ ਬੱਗੂ, ਕੋਠੇ ਜੀਵਾਂ ਅਤੇ ਕੋਠੇ ਸ਼ੇਰ ਯੰਗ ਆਦਿ ਇਸੇ ਨਗਰ ਵਿੱਚੋਂ ਉਠ ਕੇ ਵਸੇ ਜਾਂ ਕੰਮ-ਧੰਦੇ (ਖੇਤੀ ਆਦਿ) ਮੂਜ਼ਬ, ਉਥੇ ਵਸੇਬ ਹੋਈ। ਪਹਿਲੇ ਚਾਰ (ਅਗਵਾੜ) ਅਤੇ ਇਹ ਪੰਜੇ (ਕੋਠੇ) ਹੁਣ ਸੁਤੰਤਰ ਅਤੇ ਆਪੋ-ਆਪਣਾ ਬਸੀਮਾ (ਖੇਤਰੀ-ਜੂਹ) ਤੇ ਹੱਦਬਸਤ ਨੰਬਰ ਦੇ ਸੁਤੰਤਰ ਮਾਲਕ ਹਨ, "ਨਹੀਂ ਈਨ ਕਿਸੇ ਦੀ ਮੰਨਦੇ, ਪੁੱਤ ਜਗਰਾਵਾਂ ਦੇ।"

ਪਹਿਲ-ਪਲੱਕੜਿਆਂ ਵਿੱਚ ਮੁਸਲਮਾਨੀ ਪ੍ਰਧਾਨਤਾ ਵੱਸ ਤੇ ਮੁਸਲਿਮ ਮਾਨਸਿਕਤਾ ਭਾਰੂ ਰਹੀ ਹੋਣ ਕਾਰਨ, ਇਸ ਸ਼ਹਿਰ ਵਿੱਚ ਬਹੁਤੇ ਆਸਥਾ-ਸੱਥਲ ਵੀ ਮੁਸਲਿਮ-ਜਲੌਅ ਹਨ। ਖਰੀ ਗੱਲ ਇਹ ਕਿ ਤਵਾਰੀਖੀ ਸਹਿਹੋਂਦ ਅਤੇ ਭਾਈਚਾਰਕ ਉੱਤਮਤਾ ਵਜੋਂ ਹਿੰਦੂ-ਸਿੱਖ, ਦੋਵੇਂ ਧਿਰਾਂ ਹੀ ਇਨ੍ਹਾਂ ਨਾਇਕਾਂ ਜਾਂ ਮੁਸਲਿਮ ਅਧਿਆਤਮਵਾਦੀਆਂ ਨੂੰ ਸਦੀਆਂ ਤੋਂ ਨਮਨ ਹੁੰਦੇ ਆ ਰਹੇ ਹਨ। ਮਜਾਰਾਂ ਉੱਤੇ ਲੱਗਦੇ ਮੇਲੇ, ਖਾਸ ਕਰ ਜਗਰਾਵਾਂ ਦਾ ਰੋਸ਼ਨੀ ਮੇਲਾ ਜਗਤ ਪ੍ਰਸਿੱਧ ਹੈ। ਇਹ ਨਗਰ ਮੇਲਿਆਂ-ਕਵਾਲਾਂ, ਗੁਮੰਤਰੀਆਂ ਅਤੇ ਮੇਲਿਆਂ 'ਚ ਖੜਕਦੀ ਰਹੀ ਡਾਂਗ ਕਾਰਨ ਵੀ ਚਰਚਿਤ ਰਿਹਾ, "ਅਰਜਨ ਵੈਲੀ ਨੇ, ਪੈਰ ਗੱਡ ਕੇ ਗੰਡਾਸੀ ਮਾਰੀ।"


ਇਹ ਨਗਰ ਕਵੀਆਂ-ਲੇਖਕਾਂ ਅਤੇ ਬਹੁ-ਤਨਜੀਮਾਂ ਦੇ ਦੇਸ਼ਭਗਤਾਂ ਵਜੋਂ ਵੀ ਬੜਾ ਉਘਾ ਰਿਹਾ, ਵੰਨਗੀ ਵਜੋਂ ਵਕਤਾ ਅਚਾਰੀਆ ਜੀ, ਕਵੀ ਸਦਰਦੀਨ ਅਤੇ ਗ਼ਦਰੀ ਬਾਬਾ ਅਰਜਨ ਸਿੰਘ ਤੇ ਸ਼ਹੀਦ ਹਾਫਿਜ਼ ਅਬਦੁੱਲਾ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਮੁੱਕਦੀ ਗੱਲ; "ਜਗਰਾਵਾਂ ਹਿੰਦੂ-ਸਿੱਖ-ਮੁਸਲਿਮ ਏਕਤਾ ਦਾ ਮੁਜੱਸਮਾ ਰਿਹਾ ਹੈ", ਹੁਣ ਵੀ ਹੈ।

# ਧਿਆਨ ਨਾਲ ਸੁਣੋ



## ਇੱਕ ਪਿਆਰ ਕਹਾਣੀ

**ਅੰਗਰੇਜ਼ੀ ਕਹਾਣੀਕਾਰ: ਉਰਨਾ ਬੋਸ**
**ਅਨੁਵਾਦ: ਰਵਿੰਦਰ ਸਿੰਘ ਸੋਢੀ, ਕੈਲਗਰੀ (ਕੈਨੇਡਾ)**
**ravindersodhi@gmail.com**



ਮੈਂ ਧਿਆਨ ਨਾਲ ਸੁਣ ਰਹੀ ਸੀ, ਦੂਰ ਕਿਤੇ ਹਵਾ ਦੇ ਗੂੰਜਣ ਦੀ ਆਵਾਜ਼। ਕੀ ਹਵਾ ਨੂੰ ਨਹੀਂ ਸੀ ਪਤਾ ਕਿ ਮੈਂ ਕੁਝ ਦੇਰ ਇਕੱਲਿਆਂ ਰਹਿਣਾ ਚਾਹੁੰਦੀ ਸੀ?

ਮੈਂ ਉਸ ਹਨੇਰੀ ਖੱਡ ਵਿੱਚ ਕੁਝ ਹੋਰ ਸਰਕ ਗਈ। ਮੈਂ ਇੱਕ ਅਜਿਹੇ ਡਰਾਉਣੇ ਚਿੱਕੜ ਵਿੱਚ ਇਕੱਲੀ ਹੀ ਰਹਿਣਾ ਚਾਹੁੰਦੀ ਸੀ। ਮੈਨੂੰ ਨਹੀਂ ਪਤਾ ਮੈਂ ਉਸ ਹਾਲਤ ਵਿੱਚ ਕਿੰਨੀ ਦੇਰ ਪਈ ਰਹੀ? ਪੂਰਾ ਹਨੇਰਾ। ਹੋ ਸਕਦਾ ਹੈ ਕੁਝ ਮਿੰਟ, ਕੁਝ ਘੰਟੇ। ਸਮੇਂ ਦੀ ਲਗਾਤਾਰ ਟਿਕ-ਟਿਕ ਅਤੇ ਅਣਚਾਹੀ ਹੋਂਦ ਦੀ ਕੋਈ ਅਹਿਮੀਅਤ ਨਹੀਂ ਸੀ, ਖ਼ਾਸਕਰ ਜਦੋਂ ਤੁਸੀਂ ਇਕੱਲੇ ਰਹਿਣਾ ਚਾਹੁੰਦੇ ਹੋਵੋ।

ਸਿਰਫ ਇਕੱਲੀ ਹੀ ਨਹੀਂ ਸੀ ਰਹਿਣਾ ਚਾਹੁੰਦੀ, ਮੇਰੀ ਤਾਂ ਇੱਛਾ ਸੀ ਕਿ ਮੈਨੂੰ ਭੁਲਾ ਦਿੱਤਾ ਜਾਵੇ। ਮੈਂ ਚਾਹੁੰਦੀ ਸੀ ਕਿ ਮੇਰਾ ਨਾਂ, ਮੇਰੀ ਪਹਿਚਾਣ, ਮੇਰਾ ਸਰੀਰ ਅਤੇ ਮੇਰੀ ਹੋਂਦ ਦੀ ਹਰ ਨਿਸ਼ਾਨੀ ਜ਼ਿੰਦਗੀ ਦੇ ਨਕਸ਼ੇ ਤੋਂ ਮਿਟ ਜਾਵੇ। ਸਮੇਂ ਦੇ ਵਿਸ਼ਾਲ ਹੱਥ ਮੇਰੀ ਹਸਤੀ ਮਿਟਾ ਦੇਣ ਅਤੇ ਜਾਂ ਆਪਣੇ ਕੰਢਿਆਂ ਨਾਲ ਖਹਿੰਦਾ ਪਾਣੀ ਮੈਨੂੰ ਆਪਣੇ ਨਾਲ ਹੀ ਰੋਹੜ ਕੇ ਲੈ ਜਾਵੇ। ਸਾਡੇ ਛੋਟਾ ਜਿਹਾ ਬੰਦਰਗਾਹ ਵਾਲਾ ਸ਼ਹਿਰ, ਜੋ ਨਾ ਖਤਮ ਹੋਣ ਵਾਲੇ ਅਰੇਬੀਅਨ ਸਮੁੰਦਰ ਵੱਲ ਦੇਖ ਰਿਹਾ ਸੀ, ਤੋਂ ਮੇਰਾ ਨਾਂ ਮਿਟ ਜਾਵੇ। ਰਤਨਾਗਿਰੀ, ਮਹਾਰਾਸ਼ਟਰ ਵਿੱਚ ਸਾਡਾ ਛੋਟਾ ਜਿਹਾ ਬੰਦਰਗਾਹ ਵਾਲਾ ਆਪਣਾ ਸ਼ਹਿਰ, ਜਿਸ ਨੂੰ ਮੈਂ ਆਪਣਾ ਘਰ ਕਹਿਣਾ ਸਿੱਖ ਗਈ ਸੀ।

ਮੈਂ ਉਸ ਖੂਹ ਵਿੱਚ ਹੋਰ ਕੁਝ ਦੇਰ ਪਿਆ ਰਹਿਣਾ ਚਾਹੁੰਦੀ ਸੀ। ਇਹ ਰਤਨਾਗਿਰੀ ਦਾ ਉਹ ਖੂਹ ਨਹੀਂ ਸੀ, ਜਿੱਥੋਂ ਲੋਕ ਪਾਣੀ ਲੈਂਦੇ ਸੀ। ਇਹ ਪੁਰਾਣਾ ਖੂਹ ਸੀ, ਜਿਸ ਨੂੰ ਅੱਜ ਕੱਲ ਵਰਤਿਆ ਨਹੀਂ ਸੀ ਜਾਂਦਾ ਅਤੇ ਇਹ ਅੰਗਰੇਜ਼ਾਂ ਦੀ ਹਕੂਮਤ ਸਮੇਂ ਦੀਆਂ ਇਮਾਰਤਾਂ ਦੇ ਖੰਡਰ ਵਾਂਗ ਸੀ, ਜੋ ਰੁੱਖਾਂ ਅਤੇ ਵਹਿਮਾਂ-ਭਰਮਾਂ ਨਾਲ ਭਰਿਆ ਹੋਇਆ ਸੀ। ਇਸ ਸੁੱਕੇ ਖੂਹ ਨੂੰ ਲੋਕ ਭੁੱਲ ਚੁੱਕੇ ਸਨ। ਮੇਰੇ ਲਈ ਇਸ ਤੋਂ ਵਧੀਆ ਜਗਾ ਹੋਰ ਕਿਹੜੀ ਹੋ ਸਕਦੀ ਸੀ, ਮੈਂ ਵੀ ਕਿਸੇ ਕੰਮ ਦੀ ਨਹੀਂ ਸੀ ਅਤੇ ਚੰਗਾ ਸੀ ਕਿ ਭੁਲਾ ਦਿੱਤੀ ਜਾਵਾਂ। ਆਪਣੇ ਛੋਟੇ ਸ਼ਹਿਰ ਦੀਆਂ ਯਾਦਾਂ ਵਿੱਚੋਂ ਮਿਟਾ ਦਿੱਤੀ ਜਾਵਾਂ ਜਾਂ ਖਤਮ ਹੋ ਜਾਵਾਂ।

ਮੈਨੂੰ ਲੱਗਿਆ ਕਿ ਕੋਈ ਚੀਜ਼ ਮੇਰੇ ਉਪਰ ਰੀਂਗ ਰਹੀ ਹੈ। ਮੈਂ ਉਸਦੇ ਕੰਬਦੇ ਛੋਟੇ ਪੈਰਾਂ ਦੀ ਡਗਮਗਾਉਂਦੀ ਚਾਲ ਨੂੰ ਮਹਿਸੂਸ ਕਰ ਰਹੀ ਸੀ। ਪਹਿਲਾਂ ਤਾਂ ਮੈਂ ਉਸ ਨੂੰ ਝਾੜਨ ਦਾ ਇਰਾਦਾ ਕੀਤਾ, ਪਰ ਜਦੋਂ ਮੈਂ ਅਜਿਹਾ ਨਾ ਕਰ ਸਕੀ ਤਾਂ ਉਸ ਵੱਲ ਦੇਖਿਆ। ਇਹ ਤਾਂ ਅਸਲ ਵਿੱਚ ਇੱਕ ਰੱਸੀ ਸੀ, ਜੋ ਮੇਰੀਆਂ ਝਰੀਟਾਂ ਵਾਲੇ ਗਿੱਟੇ ਉਪਰ ਲਮਕ ਰਹੀ ਸੀ ਅਤੇ ਇਸਦਾ ਦੂਜਾ ਸਿਰਾ ਕਿਸੇ ਨੇ ਪਕੜਿਆ ਹੋਇਆ ਸੀ, ਜਿਸ ਨੂੰ ਭਾਵੇਂ ਮੇਰਾ ਪਤਾ ਨਹੀਂ ਸੀ, ਪਰ ਲੱਭ ਰਿਹਾ ਸੀ। ਪੱਕਾ ਪਤਾ ਨਾ ਹੋਣ ਦੇ ਬਾਵਜੂਦ ਡਟਿਆ ਹੋਇਆ ਸੀ।

ਮੈਨੂੰ ਸਮੇਂ ਦਾ ਕੁਝ ਵੀ ਪਤਾ ਨਹੀਂ ਸੀ, ਪਰ ਜਦੋਂ ਮੈਂ ਅੱਖਾਂ ਖੋਲ੍ਹੀਆਂ ਤਾਂ ਰਤਨਾਗਿਰੀ ਦੇ ਸਭ ਤੋਂ ਵੱਡੇ ਰੱਸੇ ਬਣਾਉਣ ਵਾਲੇ ਦਾ ਮੁੰਡਾ ਰਾਜੂ, ਮੇਰੇ ਵੱਲ ਝਾਕ ਰਿਹਾ ਸੀ। ਉਸ ਦੀਆਂ ਅੱਖਾਂ ਵਿੱਚ ਚਮਕ ਸੀ। ਰਾਜੂ ਦੀਆਂ ਅੱਖਾਂ ਤੋਂ ਇਹ ਦਿਖ ਰਿਹਾ ਸੀ, ਜਿਵੇਂ ਉਸ ਨੂੰ ਇਹ ਪਤਾ ਹੋਵੇ ਕਿ ਮੇਰੇ ਅੰਕਲ ਨੇ ਹੀ ਮੇਰੇ ਨਾਲ ਮੂੰਹ ਕਾਲਾ ਕੀਤਾ ਸੀ।



ਮੈਂ ਰਾਜੂ ਦੀਆਂ ਅੱਖਾਂ ਵੱਲ ਦੁਬਾਰਾ ਦੇਖਿਆ ਕਿ ਉਨ੍ਹਾਂ ਵਿੱਚ ਮੇਰੇ ਲਈ ਮਜ਼ਾਕ, ਤਰਸ, ਸਰਮ ਜਾਂ ਕੋਈ ਹਾਂ-ਮੁਖੀ ਭਾਵਨਾ, ਕੀ ਹੈ? ਹੈਰਾਨੀ ਹੈ ਕਿ ਉਸ ਦੀਆਂ ਕਾਲੀਆਂ, ਭੂਰੀਆਂ ਅੱਖਾਂ ਵਿੱਚ ਅਜਿਹਾ ਕੁਝ ਵੀ ਨਹੀਂ ਸੀ। ਰਾਜੂ ਨੇ ਸਿਰਫ ਇੱਕ ਗੱਲ ਹੀ ਕਹੀ, "ਰਤਨਾ, ਮੇਰੀ ਗੱਲ ਧਿਆਨ ਨਾਲ ਸੁਣ। ਤੇਰੇ ਅੰਕਲ ਨੂੰ ਸ਼ਰਮ ਆਉਣੀ ਚਾਹੀਦੀ ਹੈ, ਤੈਨੂੰ ਨਹੀਂ।"

ਰਾਜੂ ਦੇ ਇਹ ਸ਼ਬਦ ਵਾਰ-ਵਾਰ ਮੇਰੇ ਦਿਮਾਗ ਵਿੱਚ ਗੂੰਜ ਰਹੇ ਸਨ।

ਮੈਨੂੰ ਆਪਣੀ ਅੰਦਰਲੀ ਅਵਾਜ਼ ਸਾਫ ਸੁਣ ਰਹੀ ਸੀ, "ਭਾਵੇਂ ਕੁਝ ਦੇਰ ਪਹਿਲਾਂ ਮੈਂ ਮਰ ਜਾਣਾ ਚਾਹੁੰਦੀ ਸੀ।" ਮੈਂ ਇੱਕ ਵਾਰ ਫੇਰ ਧਿਆਨ ਨਾਲ ਸੁਣਿਆ, ਇਸ ਵਾਰ ਹਵਾ ਨੂੰ। ਹਵਾ ਬੜੀ ਸ਼ਾਂਤੀ ਨਾਲ ਵਗ ਰਹੀ ਸੀ। ਕੀ ਹਵਾ ਨੂੰ ਇਹ ਪਤਾ ਸੀ, ਉਸ ਪਲ-ਛਿਣ ਵਿੱਚ ਹੀ ਪਿਆਰ ਦੀ ਇੱਕ ਚਿੰਗਾਰੀ ਮੇਰੇ ਅੰਦਰ ਪੈਦਾ ਹੋ ਗਈ ਸੀ, ਠੀਕ ਉਸ ਰੱਸੀ ਦੀ ਤਰ੍ਹਾਂ ਜਿਸ ਨਾਲ ਰਾਜੂ ਨੇ ਇੱਕ ਕੁੜੀ ਨੂੰ ਹਨੇਰੇ, ਸਿਲ੍ਹੇ, ਵਾਪਿਸ ਨਾ ਆਉਣ ਵਾਲੇ ਖੂਹ ਵਿੱਚੋਂ ਬਾਹਰ ਖਿੱਚਿਆ ਸੀ, ਜੋ ਆਤਮ ਹੱਤਿਆ ਦਾ ਹੀ ਰੂਪ ਸੀ।

ਪੰਜ ਦਿਨਾਂ ਬਾਅਦ ਜਦੋਂ ਰਾਜੂ ਨੇ ਪਿੰਡ ਦੇ ਬਜ਼ੁਰਗਾਂ ਨੂੰ ਦੱਸਿਆ, "ਰਤਨਾ ਦੇ ਅੰਕਲ ਨੂੰ ਸ਼ਰਮ ਆਉਣੀ ਚਾਹੀਦੀ ਹੈ, ਰਤਨਾ ਨੂੰ ਨਹੀਂ", ਮੈਂ ਗੁੱਸੇ ਨਾਲ ਕੰਬ ਰਹੀ ਸੀ। ਮੇਰੇ ਅੰਦਰਲੀ ਸ਼ਰਮ ਨੇ ਇੱਕ ਨਵੀਂ ਰੌਸ਼ਨੀ ਦੀ ਸ਼ਕਲ ਅਖਤਿਆਰ ਕਰ ਲਈ ਸੀ, ਇੱਕ ਸਮਝ, ਇੱਕ ਨਵੀਂ ਰੌਸ਼ਨੀ ਦੀ ਕਿਰਨ।

ਰਤਨਾਗਿਰੀ ਦੀ ਰਤਨਾ ਲਗਾਤਾਰ ਰਤਨਾਗਿਰੀ ਹੀ ਰਹਿ ਰਹੀ ਸੀ। ਹਾਂ, ਉਹ ਮੈਂ ਹੀ ਹਾਂ, ਇੱਕ ਕੁੜੀ ਜਿਸਦਾ ਪੁਨਰ-ਜਨਮ ਖੂਹ ਦੀ ਕੁੱਖ ਵਿੱਚ ਹੋਇਆ ਸੀ, ਕਿਉਂ ਕਿ ਇੱਕ ਰਾਜੂ ਨਾਂ ਦੇ ਮੁੰਡੇ ਨੇ ਇੱਕ ਵਾਕ ਵਿੱਚ ਹੀ ਉਸ ਨੂੰ ਸ਼ਰਮ, ਪਿਆਰ ਅਤੇ ਨਵੀਂ ਰੌਸ਼ਨੀ ਬਾਰੇ ਕੁਝ ਦੱਸਿਆ ਸੀ, ਜੋ ਉਸਨੇ ਜ਼ਿੰਦਗੀ ਦੇ 19 ਸਾਲਾਂ ਦੌਰਾਨ ਸਿੱਖਿਆ ਸੀ।

---

ਹੁਣ ਰਾਜੂ ਅਤੇ ਮੇਰੀ ਇੱਕ ਬੇਟੀ ਹੈ। ਮੇਰੀ 17 ਸਾਲ ਦੀ ਧੀ ਜਿਹੜੀ ਹਮੇਸ਼ਾ ਹੀ ਪਿਆਰ ਬਾਰੇ ਉਤਸੁਕ ਰਹਿੰਦੀ ਹੈ, ਅੱਜ ਸਵੇਰੇ ਕਹਿਣ ਲੱਗੀ, "ਮਾਂ ਮੈਨੂੰ ਕਿਵੇਂ ਪਤਾ ਲਵੇਗਾ ਕਿ ਪਿਆਰ ਕਦੋਂ ਹੋ ਗਿਆ?"

"ਤੈਨੂੰ ਧਿਆਨ ਨਾਲ ਸੁਣਨਾ ਪਏਗਾ-ਬਹੁਤ, ਬਹੁਤ ਧਿਆਨ ਨਾਲ", ਮੈਂ ਆਪਣੇ ਬੀਤ ਚੁੱਕੇ ਸਮੇਂ ਦੀਆਂ ਯਾਦਾਂ ਵਿੱਚ ਗੁਆਚਦੇ ਹੋਏ ਕਿਹਾ, ਜਦੋਂ ਮੇਰੀ ਧੀ ਅਜੇ ਪੈਦਾ ਵੀ ਨਹੀਂ ਸੀ ਹੋਈ। ਉਸ ਨੇ ਚਿਹਰੇ 'ਤੇ ਮੁਸਕਰਾਹਟ ਲਿਆਉਂਦਿਆਂ ਪੁੱਛਿਆ, "ਇਸਦਾ ਕੀ ਮਤਲਬ ਹੋਇਆ ਬਹੁਤ, ਬਹੁਤ ਧਿਆਨ ਨਾਲ?" ਉਸਨੇ ਸਿੱਧਾ ਮੇਰੀਆਂ ਅੱਖਾਂ 'ਚ ਦੇਖਦੇ ਹੋਏ ਕਿਹਾ।


ਉਸ ਵੇਲੇ ਮੈਂ ਸੋਚਿਆ ਕਿ ਉਸ ਨੂੰ ਸਭ ਕੁਝ ਦੱਸ ਦਿਆਂ, ਜੋ ਮੈਨੂੰ ਉਸ ਉਮਰ ਵਿੱਚ ਕਿਸੇ ਨੇ ਨਹੀਂ ਸੀ ਦੱਸਿਆ। "ਬੱਚੂ, ਇਹ ਤੈਨੂੰ ਆਪਣੇ ਦਿਲ ਦੇ ਧੁਰ ਅੰਦਰ ਤੋਂ ਸਿੱਖਣਾ ਪਏਗਾ।" ਉਹ ਹੱਸ ਪਈ, "ਫੇਰ?" ਮੈਂ ਵੀ ਹੱਸ ਪਈ ਅਤੇ ਫੇਰ ਉਸਦੀ ਗੱਲ ਤੋਂ ਇਸ਼ਾਰਾ ਲੈ ਕੇ ਬੋਲੀ, "ਫੇਰ ਹਵਾ ਹੌਲੀ ਜਿਹੀ ਰੁਮਕੇਗੀ ਅਤੇ ਉਸੇ ਪਲ, ਪਿਆਰ ਦੀ ਇੱਕ ਝਲਕ ਅਛੋਪਲੇ ਅਤੇ ਅਣਜਾਣੇ ਢੰਗ ਨਾਲ ਤੇਰੇ ਕੋਲ ਆਏਗੀ," ਮੈਂ ਹੌਲੀ ਜਿਹੀ ਕਿਹਾ ਤਾਂ ਜੋ ਇਹ ਸ਼ਬਦ ਉਸ ਸਤਾਰਾਂ ਸਾਲਾਂ ਦੀ ਬੇਟੀ ਦੇ ਰੋਮ-ਰੋਮ 'ਚ ਸਮਾ ਜਾਣ। ਮੈਂ ਉਸ ਦੀਆਂ ਡੂੰਘੀਆਂ ਕਾਲੀਆਂ-ਭੂਰੀਆਂ ਅੱਖਾਂ ਨੂੰ ਨਿਹਾਰ ਰਹੀ ਸੀ।

ਮੈਂ ਉਸ ਨੂੰ ਇੱਕ ਵਿਰਾਸਤ ਸੌਂਪ ਰਹੀ ਸੀ-ਜੋ ਹਰ ਮਾਂ ਨੂੰ ਆਪਣੀ ਧੀ ਨੂੰ ਦੇਣੀ ਚਾਹੀਦੀ ਹੈ-ਸੁਨਹਿਰੀ ਲਾਲ ਰਤਨਾਂ ਨਾਲ ਸਜੀ ਹੋਈ ਵਿਰਾਸਤ, ਜੀਵਣ ਨੂੰ ਸੁਣਨਾ ਸਿੱਖਣਾ, ਕਿਉਂਕਿ ਜੀਵਣ, ਜਿਵੇਂ ਮੈਂ ਸਮਝ ਸਕੀ ਹਾਂ, ਸਾਡੇ ਨਾਲ ਹਮੇਸ਼ਾ ਗੱਲ ਕਰਦਾ ਹੈ। ਹਮੇਸ਼ਾ।

# ਸਰਹੱਦ ਦੇ ਆਰ-ਪਾਰ ਗੂੰਜਦੀਆਂ ਆਵਾਜ਼ਾਂ

**ਦੁੱਖੜੇ ਬਟਵਾਰੇ ਦੇ**

**ਸਾਂਵਲ ਧਾਮੀ**
**ਫੋਨ:+91-9781843444**



*ਪੰਜਾਬ ਦੇ ਟੋਟੇ ਹੋਇਆਂ ਨੂੰ ਪੌਣੀ ਸਦੀ ਤੋਂ ਉਤੇ ਦਾ ਸਮਾਂ ਬੀਤ ਗਿਆ ਹੈ। ਓਸ ਕੁਲਹਿਣੀ ਰੁੱਤੇ, ਜੋ ਦਿਲ ਟੁੱਟੇ ਉਨ੍ਹਾਂ ਦਾ ਹਿਸਾਬ ਕੌਣ ਕਰ ਸਕਦੈ? ਬਹੁਤੇ ਲੋਕ ਪੁਰਾਣੀਆਂ ਸਾਂਝਾਂ ਨੂੰ ਯਾਦ ਕਰਦੇ-ਕਰਦੇ, ਕਬਰਾਂ ਅਤੇ ਸਿਵਿਆ ਦੇ ਰਾਹ ਪੈ ਚੁੱਕੇ ਨੇ; ਪਰ ਕਿਤੇ ਨਾ ਕਿਤੇ ਉਦੋਂ ਦੀਆਂ ਪਈਆਂ ਭਾਈਚਾਰਕ ਸਾਂਝਾਂ ਦੀ ਗੂੰਜ ਦੋਹਾਂ ਪੰਜਾਬਾਂ ਦੀ ਫਿਜ਼ਾ ਵਿੱਚ ਹੁਣ ਵੀ ਗੂੰਜਦੀ ਹੈ। ਬਹੁਤੇ ਲੋਕ ਹਾਲੇ ਵੀ ਇਸ ਮਲਾਲ ਵਿੱਚ ਹਨ ਕਿ ਸੰਨ ਸੰਤਾਲੀ ਦੇ ਬਟਵਾਰੇ ਸਮੇਂ ਉਨ੍ਹਾਂ ਦਾ ਬੜਾ ਕੁਝ ਗੁਆਚ ਗਿਆ ਤੇ ਵੱਸਦੇ-ਰਸਦੇ ਟੱਬਰਾਂ ਨੂੰ ਮਜਬੂਰ ਉੱਠਣ ਦਾ ਫ਼ੈਸਲਾ ਲੈਣਾ ਪਿਆ ਸੀ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।*



ਜਲੰਧਰ ਜ਼ਿਲ੍ਹੇ ਦੀ ਤਹਿਸੀਲ ਆਦਮਪੁਰ ਦਾ ਦਰਮਿਆਨਾ ਜਿਹਾ ਪਿੰਡ ਹੈ: ਮਨਸੂਰਪੁਰ ਬਡਾਲਾ। ਇਸ ਪਿੰਡ ਦੀਆਂ ਦੋ ਪੱਤੀਆਂ ਹਨ। ਸੰਤਾਲ਼ੀ ਤੋਂ ਪਹਿਲਾਂ ਮਨਸੂਰਪੁਰ ਪੱਤੀ 'ਚ ਗੁੱਜਰ ਤੇ ਬਡਾਲੇ 'ਚ ਨਾਰੂ ਰਾਜਪੂਤ ਵੱਸਦੇ ਸਨ। ਬਡਾਲਾ ਪੱਤੀ ਦਾ ਅੱਲ੍ਹਾ ਬਖ਼ਸ਼ ਖ਼ਾਕਸਾਰ ਪਾਰਟੀ ਦਾ ਸਿਰਕੱਢ ਲੀਡਰ ਹੁੰਦਾ ਸੀ। ਇਹ ਪੰਜ ਭਰਾ ਸਨ। ਵੱਡਾ ਭਰਾ ਮੁਖਤਿਆਰ ਖੇਤੀ-ਬਾੜੀ ਮਹਿਕਮੇ 'ਚ ਅਫ਼ਸਰ ਸੀ। ਇਸ ਨਾ਼ਲੋਂ ਛੋਟਾ ਇਲਾਹੀ ਬਖ਼ਸ਼ ਫੌਜ 'ਚ ਮੇਜਰ ਸੀ ਤੇ ਦੋਵੇਂ ਛੋਟੇ ਭਰਾ ਜਲੰਧਰ ਦੇ ਡੀ.ਏ.ਵੀ. ਕਾਲਜ 'ਚ ਪੜ੍ਹਦੇ ਸਨ।

ਅੱਲ੍ਹਾ ਬਖ਼ਸ਼ ਘੋੜੀ 'ਤੇ ਸਵਾਰ ਹੋ ਕੇ ਪਿੰਡਾਂ 'ਚ ਜਾਂਦਾ। ਲੋਕਾਂ ਨੂੰ ਆਜ਼ਾਦੀ ਦੇ ਸੰਘਰਸ਼ 'ਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਦਾ। ਉਹਦੇ ਯਾਰ ਸਿੱਖ ਹੁੰਦੇ ਸਨ ਤੇ ਬਹੁਤੇ ਨੇੜਲੇ ਪਿੰਡਾਂ ਦੋਲੀਕੇ ਅਤੇ ਦੂਹੜਿਆਂ ਤੋਂ ਸਨ। ਮਨਸੂਰਪੁਰ ਬਡਾਲੇ 'ਚ ਸਿੱਖਾਂ ਦੇ ਦੋ ਹੀ ਘਰ ਸਨ, ਜੋ ਮਿਸਲਾਂ ਵੇਲੇ ਮੋਗੇ ਨੇੜਲੇ ਕਿਸੇ ਪਿੰਡ ਤੋਂ ਆਣ ਕੇ ਇੱਥੇ ਵਸੇ ਸਨ। ਇਨ੍ਹਾਂ ਵਿੱਚੋਂ ਇਕਾਨਵੇਂ ਕੁ ਵਰ੍ਹਿਆਂ ਦੇ ਮਲਕੀਅਤ ਸਿੰਘ ਟਿਵਾਣਾ ਹੁਰੀਂ ਬੀਤੇ ਵਕਤ ਦੀ ਕਹਾਣੀ ਸੁਣਾਉਣ ਲਈ ਮੈਨੂੰ ਮਿਲ ਗਏ ਸਨ।

ਅੱਲ੍ਹਾ ਬਖ਼ਸ਼ ਦਾ ਨਿਕਾਹ ਇਸੀ ਪਿੰਡ ਦੇ ਲੰਬੜਦਾਰ ਦੀ ਧੀ ਇਕਬਾਲ ਬੇਗਮ ਉਰਫ਼ ਬਾਲੋ ਨਾ਼ਲ ਹੋਇਆ ਸੀ। ਬਾਲੋ ਹੁਰੀਂ ਤਿੰਨ ਭੈਣਾਂ ਅਤੇ ਇੱਕ ਭਰਾ ਸੀ। ਇਨ੍ਹਾਂ ਦਾ ਬਾਪ ਦਸ ਕੁ ਕਿਲ੍ਹਿਆਂ ਦਾ ਮਾਲਕ ਸੀ, ਪਰ ਅੱਲ੍ਹਾ ਬਖ਼ਸ਼ ਦੇ ਪਿਉ ਦੀ ਜ਼ਮੀਨ ਸੌ ਕਿੱਲੇ ਦੇ ਕਰੀਬ ਸੀ ਅਤੇ ਉਹ ਸੱਤ ਖੂਹਾਂ ਦਾ ਮਾਲਕ ਸੀ।

ਖ਼ਾਕਸਾਰ ਪਾਰਟੀ ਵੰਡ ਦੇ ਬਰਖ਼ਿਲਾਫ਼ ਸੀ। ਅੱਲ੍ਹਾ ਬਖ਼ਸ਼ ਪਾਕਿਸਤਾਨ ਨਹੀਂ ਸੀ ਜਾਣਾ ਚਾਹੁੰਦਾ। ਸੋ ਸੰਤਾ਼ਲੀ ਦੇ ਅਗਸਤ ਮਹੀਨੇ ਉਹ ਟੱਬਰ ਸਮੇਤ ਪਿੰਡ 'ਚ ਟਿਕਿਆ ਰਿਹਾ ਸੀ। ਆ਼ਲੇ-ਦੁਆਲੇ ਦੇ ਪਿੰਡਾਂ 'ਚ ਧਾੜਵੀਆਂ ਤੇ ਲੁਟੇਰਿਆਂ ਨੂੰ ਸਮਝਾਉਂਦਾ ਰਿਹਾ ਸੀ। ਸਿੱਖਾਂ-ਹਿੰਦੂਆਂ ਦੀ ਟੋਲੀ 'ਚ ਉਹ ਇਕੱਲਾ ਮੁਸਲਮਾਨ ਹੁੰਦਾ ਸੀ। ਸ਼ਾਇਦ ਉਨ੍ਹਾਂ ਦਾ ਟੱਬਰ ਟਿਕਿਆ ਰਹਿੰਦਾ, ਪਰ ਧਾੜਵੀਆਂ ਦੀ ਗਿਣਤੀ ਦਿਨੋਂ-ਦਿਨ ਵੱਧਦੀ ਜਾ ਰਹੀ ਸੀ। ਇਲਾਕੇ ਦੇ ਮੁਸਲਮਾਨ ਜੱਟਾਂ ਦੇ ਮਸ਼ਹੂਰ ਪਿੰਡਾਂ ਆਲਮਗੀਰ, ਦੋਰਾਵਾਂ ਤੇ ਕੋਹਜਿਆਂ 'ਤੇ ਹਮਲਾ ਹੋਇਆ ਤਾਂ ਇਸ ਟੱਬਰ ਨੇ ਵੀ ਉੱਠਣ ਦਾ ਫ਼ੈਸਲਾ ਕਰ ਲਿਆ ਸੀ। ਉਨ੍ਹਾਂ ਫ਼ੌਜੀ ਟਰੱਕ ਮੰਗਵਾ ਲਏ ਸਨ। ਅੱਲ੍ਹਾ ਬਖ਼ਸ਼ ਨਾ਼ਲ ਜਾਣ ਨੂੰ ਨਹੀਂ ਸੀ ਮੰਨਿਆ, ਸਗੋਂ ਮੌਕੇ 'ਤੇ ਘਰੋਂ ਖਿਸਕ ਗਿਆ ਸੀ। ਉਸਦੀ ਪਤਨੀ ਬਾਲੋ ਨੇ ਵੀ ਉਸਤੋਂ ਬਗੈਰ ਟਰੱਕ 'ਚ ਬੈਠਣ ਤੋਂ ਇਨਕਾਰ ਕਰ ਦਿੱਤਾ ਸੀ।

ਬਾਕੀਆਂ ਨੂੰ ਜਲੰਧਰ ਕੈਂਪ 'ਚ ਪਹੁੰਚਾ ਕੇ ਮੇਜਰ ਇਲਾਹੀ ਬਖ਼ਸ਼ ਟਰੱਕ ਲੈ ਕੇ ਫਿਰ ਪਿੰਡ ਵੱਲ ਮੁੜਿਆ ਸੀ। ਬੀਬੀ ਇਕਬਾਲ ਬੇਗਮ ਦੇ ਕੁੱਛੜ ਸਾਲ ਕੁ ਦਾ ਜਾਵੇਦ ਸੀ। ਇਹ ਨਾਂ ਅੱਲ੍ਹਾ ਬਖ਼ਸ਼ ਦੇ ਸਿੱਖ ਦੋਸਤਾਂ ਨੇ ਰੱਖਿਆ ਸੀ। ਮਨਸੂਰਪੁਰ ਤੇ ਦੂਹੜਿਆਂ ਦੇ ਵਿਚਕਾਰ ਜਿਹੇ ਸਿੱਖਾਂ ਦੀ ਟੋਲੀ 'ਚ ਬੀਬੀ ਬਾਲੋ ਨੇ ਅੱਲ੍ਹਾ ਬਖ਼ਸ਼ ਨੂੰ ਜਾ ਲੱਭਿਆ ਸੀ। ਉਸਨੂੰ ਬਾਹੋਂ ਫੜ ਕੇ ਟਰੱਕ ਵੱਲ ਖਿੱਚਦਿਆਂ ਉਹ ਗੁੱਸੇ 'ਚ ਬੋਲੀ ਸੀ, "ਜੇ ਨਹੀਂ ਜਾਣਾ ਤਾਂ ਆਪਣਾ ਮੁੰਡਾ ਚੁੱਕ ਲੈ।"

ਨਾ ਚਾਹੁੰਦੇ ਹੋਏ ਵੀ ਅੱਲ੍ਹਾ ਬਖ਼ਸ਼ ਟਰੱਕ 'ਤੇ ਚੜ੍ਹ ਗਿਆ ਸੀ। ਉਹ ਜਲੰਧਰ ਤੱਕ ਡੁਸਕਦਾ ਰਿਹਾ ਸੀ। ਉਸਦਾ ਮਨਸੂਰਪੁਰ ਬਡਾਲਾ ਤੇ ਜਾਨ ਤੋਂ ਪਿਆਰੇ ਯਾਰ ਸਦਾ ਲਈ ਵਿਛੜ ਗਏ ਸਨ। ਉਹ ਪਿੰਡ ਬਹੁਤ ਦੂਰ ਰਹਿ ਗਏ ਸਨ, ਜਿਨ੍ਹਾਂ ਪਿੰਡਾਂ ਦੇ ਕਿਸਾਨ ਉਸਦੀ ਘੋੜੀ ਮੂਹਰੇ ਛੋਲਿਆਂ ਦੇ ਢੇਰ ਲਗਾ ਦਿੰਦੇ ਸਨ। ਇਹ ਉਹ ਆਜ਼ਾਦੀ ਬਿਲਕੁਲ ਨਹੀਂ ਸੀ, ਜਿਸ ਲਈ ਉਹ ਜੇਲ੍ਹਾਂ ਕੱਟਦਾ ਰਿਹਾ ਸੀ।

ਗੁੱਜਰਾਂਵਾਲਾ ਦੇ ਕਿਲਾ ਦੀਦਾਰ ਸਿੰਘ ਲਾਗਲੇ ਪਿੰਡ ਚਾਹਲ ਕਲਾਂ 'ਚ ਅੱਲਾ ਬਖ਼ਸ਼ ਦੇ ਟੱਬਰ ਨੂੰ ਸਭ ਨਾ਼ਲੋਂ ਵੱਡਾ ਘਰ ਅਲਾਟ ਹੋ ਗਿਆ ਸੀ। ਜ਼ਮੀਨ ਬਦਲੇ ਜ਼ਮੀਨ ਵੀ ਮਿਲ ਗਈ ਸੀ। ਜ਼ਿੰਦਗੀ ਹੌ਼ਲੀ-ਹੌ਼ਲੀ ਪੈਰਾਂ 'ਤੇ ਆਉਣ ਲੱਗ ਪਈ ਸੀ। ਉੱਜੜ ਕੇ ਆਏ ਲੋਕਾਂ ਦੀ ਮਹਿਫ਼ਿਲ ਦਾ ਰੂਹ-ਏ-ਰਵਾਂ ਅੱਲ੍ਹਾ ਬਖ਼ਸ਼ ਬਹੁਤੀਆਂ ਗੱਲਾਂ ਆਪਣੇ ਇਲਾਕੇ 'ਦੋਨੇ' ਦੀਆਂ ਕਰਦਾ। ਆਪਣੇ ਸਿੱਖ ਦੋਸਤਾਂ ਦੀਆਂ ਕਹਾਣੀਆਂ ਸੁਣਾਉਂਦਾ। ਖ਼ਾਕਸਾਰ ਪਾਰਟੀ ਦੀਆਂ ਸਰਗਰਮੀਆਂ ਕਾਰਨ ਕੱਟੀਆਂ ਜੇਲ੍ਹਾਂ ਦੇ ਕਿੱਸੇ ਦੱਸਦਾ। ਉਸਦੀਆਂ ਗੱਲਾਂ ਸੁਣਨ 'ਚ ਰੁੱਝੇ ਲੋਕ ਰੋਟੀ ਖਾਣੀ ਭੁੱਲ ਜਾਂਦੇ ਸਨ।

ਉਹ ਜਾਵੇਦ, ਜਿਸਦਾ ਨਾਂ ਉਸਦੇ ਸਿੱਖ ਦੋਸਤਾਂ ਨੇ ਰੱਖਿਆ ਸੀ, ਦੁਨੀਆਂ ਤੋਂ ਛੇਤੀਂ ਤੁਰ ਗਿਆ ਸੀ। ਉਸ ਤੋਂ ਬਾਅਦ ਜਦੋਂ ਪੁੱਤਰ ਨੇ ਜਨਮ ਲਿਆ ਤਾਂ ਅੱਲ੍ਹਾ ਬਖ਼ਸ਼ ਉਸਦਾ ਨਾਂ ਆਪਣੇ ਸਿੱਖ ਦੋਸਤ ਵਾ਼ਲਾ ਰੱਖਣਾ ਚਾਹੁੰਦਾ ਸੀ। ਉਸਦੀ ਬੇਗਮ ਨਹੀਂ ਸੀ ਮੰਨੀ। ਇਸ ਤੋਂ ਬਾਅਦ ਉਸਦੇ ਘਰ ਤਿੰਨ ਪੁੱਤਰ ਹੋਰ ਪੈਦਾ ਹੋਏ। ਇਕਬਾਲ ਬੇਗਮ ਨੇ ਚਾਰਾਂ ਦੇ ਨਾਂ ਮੁਸਲਮਾਨਾਂ ਵਾ਼ਲੇ ਰੱਖੇ। ਅੱਲ੍ਹਾ ਬਖ਼ਸ਼ ਨੇ ਆਪਣੇ ਯਾਰਾਂ ਦੇ ਨਾਂ 'ਤੇ ਉਨ੍ਹਾਂ ਦੇ ਵੱਖਰੇ ਨਾਂ ਰੱਖੇ ਹੋਏ ਸਨ। ਫਰਿਆਦ ਖਾਂ ਦਾ ਬੰਤਾ ਸਿੰਘ, ਮੁਨੱਵਰ ਖਾਂ ਦਾ ਕਿਸ਼ਨ ਸਿੰਘ, ਤਾਰਿਕ ਮਹਿਮੂਦ ਖਾਂ ਦਾ ਉਗਾਜਰ ਸਿੰਘ ਤੇ ਬਹਿਬਲ ਖਾਂ ਦਾ ਟਹਿਲ ਸਿੰਘ।

"ਓਏ ਟਹਿਲ ਸਿਹਾਂ, ਇਧਰ ਆ ਓਏ।" ਉਸਦੀ ਆਵਾਜ਼ ਸ਼ਗਨ ਸਿੰਘ ਚਾਹਲ ਦੇ ਘਰ ਅੰਦਰ ਗੂੰਜਦੀ ਰਹਿੰਦੀ। ਉਹ ਸ਼ਗਨ ਸਿੰਘ, ਜਿਸ ਕੋ਼ਲੋਂ ਸੰਤਾ਼ਲੀ ਨੇ ਚਾਹਲ ਕਲਾਂ ਵਾ਼ਲਾ ਘਰ ਖੋਹ ਲਿਆ ਸੀ। ਕੋਈ ਪੈਂਤੀ ਕੁ ਵਰ੍ਹਿਆਂ ਬਾਅਦ, ਸ਼ਗਨ ਸਿੰਘ ਵ੍ਹੀਲ ਚੇਅਰ 'ਤੇ ਬੈਠ ਆਪਣਾ ਉਹ ਘਰ ਵੇਖਣ ਗਿਆ ਸੀ।

"ਜੀਣਾ ਤਾਂ ਨਸੀਬ ਨਹੀਂ ਹੋਇਆ, ਕਾਸ਼ ਮੈਂ ਇੱਥੇ ਮਰ ਸਕਦਾ!" ਇਹ ਆਖ ਭੁੱਬੀਂ ਰੋ ਪਿਆ ਸੀ ਉਹ।

"ਤੁਹਾਡਾ ਘਰ ਹੈ ਸਰਦਾਰ ਜੀ। ਤੁਸੀਂ ਜੰਮ-ਜੰਮ ਰਹੋ, ਘਰ ਆਪਣੇ।" ਉਸਨੂੰ ਬਾਹਵਾਂ 'ਚ ਲੈਂਦਿਆ ਮੌਲਾ ਬਖ਼ਸ਼ ਵੀ ਰੋ ਪਿਆ ਸੀ। ਉਸਨੂੰ ਮਨਸੂਰਪੁਰ ਬਡਾਲੇ ਵਾ਼ਲਾ ਘਰ ਯਾਦ ਆ ਗਿਆ ਸੀ। ਉਹ ਘਰ ਜਿਸ 'ਚ ਲਾਇਲਪੁਰ ਦੇ ਸਭ ਨਾ਼ਲੋਂ ਵੱਡੇ ਚੱਕ ਡਿਜ਼ਕੋਟ ਤੋਂ ਗਏ ਮਾਣਕੀਏ ਢਿੱਲੋਂ ਵਸ ਰਹੇ ਸਨ।

ਅੱਲ੍ਹਾ ਬਖ਼ਸ਼ ਨੂੰ ਦੁਨੀਆਂ ਤੋਂ ਗਿਆਂ ਦਸ ਵਰ੍ਹੇ ਗੁਜ਼ਰ ਗਏ ਨੇ। ਬੀਬੀ ਬਾਲੋ ਦਾ ਭਰਾ ਖੁਰਸ਼ੈਦ ਤੇ ਸਭ ਨਾ਼ਲੋਂ ਵੱਡੀ ਭੈਣ ਵੀ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੇ ਹਨ। ਵਿਚਕਾਰਲੀਆਂ ਦੋਵੇਂ ਭੈਣਾਂ ਬੀਬੀ ਬਾਲੋ ਤੇ ਹਮੀਦਾ ਪਿੰਡ ਚਾਹਲ ਕਲਾਂ ਵਿੱਚ ਵੱਸਦੀਆਂ ਪਈਆਂ ਨੇ। ਮੈਂ ਇਨ੍ਹਾਂ ਦੋਹਾਂ ਭੈਣਾਂ ਦੀ ਗੱਲਬਾਤ, ਉਨ੍ਹਾਂ ਦੇ ਸਾਬਕਾ ਗੁਆਂਢੀ ਮਲਕੀਅਤ ਸਿੰਘ ਹੁਰਾਂ ਨਾ਼ਲ ਕਰਵਾਈ।

ਗੱਲਾਂ ਕਰਦੇ-ਕਰਦੇ ਇਹ ਬਜ਼ੁਰਗ ਪੌਣੀ ਸਦੀ ਪਿਛਾਂਹ ਵੱਲ ਪਰਤ ਗਏ। ਇਹ ਦੋਵੇਂ ਮਲਕੀਅਤ ਸਿੰਘ ਦੀਆਂ ਭੈਣਾਂ ਦੀਆਂ ਸਹੇਲੀਆਂ ਹੁੰਦੀਆਂ ਸਨ। ਉਨ੍ਹਾਂ ਇੱਕ-ਇੱਕ ਸਹੇਲੀ ਦਾ ਨਾਂ ਲੈ ਕੇ ਹਾਲ-ਚਾਲ ਪੁੱਛਿਆ। ਇੱਧਰੋਂ ਮੌਤ ਦੀਆਂ ਮਨਹੂਸ ਖ਼ਬਰਾਂ ਅਤੇ ਓਧਰੋਂ ਹਉਕੇ ਹੁੰਗਾਰਾ ਭਰਦੇ ਰਹੇ।

"ਤੈਨੂੰ ਯਾਦ ਆ ਮਲਕੀਅਤ, ਅਸੀਂ ਬਹੁਤ ਸੋਹਣੀਆਂ ਹੁੰਦੀਆਂ ਸਾਂ। ਲੋਕਾਂ ਕਹਿਣਾ ਲੰਬੜ ਦੀਆਂ ਕੁੜੀਆਂ ਨੂੰ ਤਾਂ ਸੁੱਕੇ ਟੁੱਕਰ ਵੀ ਲੱਗੀ ਜਾਂਦੇ ਆ। ਬੜਾ ਆਸਰਾ ਰਿਹਾ, ਤੁਹਾਡੇ ਟੱਬਰ ਦਾ। ਜਦੋਂ ਕੋਹਜਿਆਂ 'ਤੇ ਹਮਲਾ ਹੋਇਆ ਤਾਂ ਅਸੀਂ ਤੁਹਾਡੇ ਘਰ ਲੁਕੇ ਸਾਂ। ਅਗਲੇ ਦਿਨ ਕੁਝ ਬੰਦੇ ਸਾਡੇ ਪਿੰਡ ਵੀ ਆ ਗਏ ਸੀ। ਚਾਚੀ ਸ਼ੈਦ ਕਿਤੇ ਗਈ ਹੋਈ ਸੀ, ਉਸ ਦਿਨ। ਮੈਂ ਹੀ ਮੱਝ ਚੋਈ ਸੀ। ਚਾਚਾ ਨਾ਼ਲ ਗਿਆ ਸੀ ਮੇਰੇ। ਬਹੁਤ ਉਦਾਸ ਸੀ ਉਹ। ਕਹਿਣ ਲੱਗਾ- ਧੀਏ, ਸੋਚਿਆ ਨਹੀਂ ਸੀ, ਤੁਹਾਨੂੰ ਇਉਂ ਉੱਜੜ ਕੇ ਜਾਣਾ ਪਵੇਗਾ। ਮੈਂ ਰੋਣ ਲੱਗ ਪਈ ਸਾਂ। ਚਾਚਾ ਵੀ ਡੁਸਕਦਾ ਹੋਇਆ ਪਿੱਛੇ-ਪਿੱਛੇ ਤੁਰਦਾ ਆ ਰਿਹਾ ਸੀ। ਉਸ ਦਿਨ ਪਹਿਲੀ ਤੇ ਆਖ਼ਰੀ ਵਾਰ ਮੈਂ ਤੁਹਾਡੇ ਚੌਂਕੇ 'ਤੇ ਚੜ੍ਹੀ ਸਾਂ। ਮੈਂ ਹੀ ਦੁੱਧ ਗਰਮ ਕੀਤਾ ਸੀ। ਚਾਚੇ ਨੇ ਤੇ ਸੁਰਜੀਤ ਨੇ ਸਾਰਿਆਂ ਨੂੰ ਵਰਤਾਇਆ ਸੀ। ਸਮਝਾ-ਬੁਝਾ ਕੇ ਚਾਚੇ ਨੇ ਹਮਲਾਵਰ ਮੋੜ ਦਿੱਤੇ ਸੀ!" ਹਮੀਦਾ ਬੀਬੀ ਫੁੱਟ-ਫੁੱਟ ਕੇ ਰੋ ਪਈ ਸੀ। ਮਲਕੀਅਤ ਸਿੰਘ ਹੁਰਾਂ ਦੀਆਂ ਅੱਖਾਂ 'ਚ ਵੀ ਅੱਥਰੂ ਛਲਕ ਆਏ ਸਨ।

"ਹੁਣ ਮੇਰਾ ਚੂ਼ਲਾ ਉਤਰਿਆ ਪਿਆ। ਮੇਰੇ ਕੋ਼ਲੋਂ ਤੁਰ ਨਹੀਂ ਹੁੰਦਾ, ਮਲਕੀਤ!" ਹਮੀਦਾ ਬੀਬੀ ਅਗਾਂਹ ਬੋਲੀ ਸੀ।

"ਮੇਰੀਆਂ ਲੱਤਾਂ ਕਿਹੜੀਆਂ ਕੰਮ ਕਰਦੀਆਂ ਨੇ, ਹਮੀਦਾ! ਏਧਰ ਵੀ ਤੁਰਨਾ ਮੁਸ਼ਕਲ ਹੋਇਆ ਪਿਆ!" ਫਿੱਕਾ ਜਿਹਾ ਹੱਸਦਿਆਂ ਮਲਕੀਅਤ ਸਿੰਘ ਹੁਰਾਂ ਜਵਾਬ ਦਿੱਤਾ ਸੀ।

ਕੋਈ ਡੇਢ ਘੰਟਾ ਉਹ ਪੁਰਾਣੇ ਪਿੰਡ, ਆਪਸੀ ਮੋਹ ਅਤੇ ਤੁਰ ਗਏ ਚਿਹਰਿਆਂ ਦੀਆਂ ਗੱਲਾਂ ਕਰਦੇ ਰਹੇ ਸਨ। ਬਹੁਤੀਆਂ ਗੱਲਾਂ ਅੱਲ੍ਹਾ ਬਖ਼ਸ਼ ਦੀ ਟੌਹਰ ਤੇ ਉਸਦੇ ਪਿੰਡ ਅਤੇ ਇਲਾਕੇ ਨਾ਼ਲ ਮੋਹ ਦੀਆਂ ਹੁੰਦੀਆਂ ਰਹੀਆਂ ਸਨ। ਉਨ੍ਹਾਂ ਦੀਆਂ ਗੱਲਾਂ ਸੁਣਦਿਆਂ, ਮੈਂ ਵੀ ਅੰਦਰੋਂ-ਅੰਦਰੀਂ ਰੋਂਦਾ ਰਿਹਾ ਸਾਂ।

ਪੰਜਾਬ ਦੇ ਟੋਟੇ ਹੋਇਆਂ ਪੌਣੀ ਸਦੀ ਲੰਘ ਗਈ ਹੈ। ਓਸ ਕੁਲਹਿਣੀ ਰੁੱਤੇ, ਜੋ ਦਿਲ ਟੁੱਟੇ ਉਨ੍ਹਾਂ ਦਾ ਹਿਸਾਬ ਕੌਣ ਕਰ ਸਕਦੈ? ਬਹੁਤੇ ਲੋਕ ਪੁਰਾਣੀਆਂ ਸਾਂਝਾਂ ਨੂੰ ਯਾਦ ਕਰਦੇ-ਕਰਦੇ, ਕਬਰਾਂ ਅਤੇ ਸਿਵਿਆ ਦੇ ਰਾਹ ਪੈ ਚੁੱਕੇ ਨੇ। ਅਗਰ ਕੋਈ ਮਹਿਸੂਸ ਕਰ ਸਕੇ ਤਾਂ ਅੱਲ੍ਹਾ ਬਖ਼ਸ਼ ਵਰਗੇ ਸੱਚੇ-ਸੁੱਚੇ ਪੰਜਾਬੀਆਂ ਦੀਆਂ, ਪੁੱਤਰਾਂ ਦੇ ਬਹਾਨੇ ਯਾਰਾਂ ਨੂੰ ਮਾਰੀਆਂ ਆਵਾਜ਼ਾਂ, ਅੱਜ ਵੀ ਸਰਹੱਦ ਦੇ ਆਰ-ਪਾਰ ਗੂੰਜ ਰਹੀਆਂ ਨੇ।

# ਆਬਰੂ

**ਸ਼ਬਦੋ ਵਣਜਾਰਿਓ**

**ਪਰਮਜੀਤ ਢੀਂਗਰਾ**
**ਫੋਨ:+91-9417358120**



ਆਮ ਵਰਤੋਂ ਵਿੱਚ ਆਉਣ ਵਾਲੇ ਸ਼ਬਦਾਂ ਵਿੱਚ ਆਬਰੂ ਅਕਸਰ ਵਰਤਿਆ ਜਾਂਦਾ ਹੈ। ਪੰਜਾਬੀ ਵਿੱਚ ਇਹਦੇ ਨਾਲ ਇੱਜ਼ਤ ਸ਼ਬਦ ਜੋੜ ਕੇ ਇੱਜ਼ਤ-ਆਬਰੂ ਵਰਤ ਲਿਆ ਜਾਂਦਾ ਹੈ। ਮੂਲ ਰੂਪ ਵਿੱਚ ਇਹ ਫ਼ਾਰਸੀ ਦਾ ਸ਼ਬਦ ਹੈ। ਅਰਬੀ-ਫ਼ਾਰਸੀ-ਪੰਜਾਬੀ ਕੋਸ਼ ਅਨੁਸਾਰ 'ਆਬਰੂ-ਫ਼. ਆਬ=ਚਮਕ+ਫ਼ਾ. ਰੂ=ਚੇਹਰਾ।' ਇਸਦਾ ਸ਼ਬਦੀ ਅਰਥ ਹੈ- ਚਿਹਰੇ ਦਾ ਨੂਰ, ਮੁਖੜੇ ਦੀ ਚਮਕ; ਤੇ ਰੂਪਕੀ ਅਰਥ ਹੈ- ਇੱਜ਼ਤ, ਨੇਕਨਾਮੀ, ਕਦਰ, ਵਡਿਆਈ, ਸਾਖ, ਇਤਬਾਰ, ਸ਼ਰਮ, ਲਾਜ। ਆਮ ਬੋਲ-ਚਾਲ ਵਿੱਚ 'ਆਬਰੋ' ਹੈ। ਆਬਰੂਦਾਰ 'ਫ਼ਾ। ਆਬਰੂ=ਇੱਜ਼ਤ+ ਫ਼ਾ. ਦਾਰ=ਰੱਖਣ ਵਾਲਾ/ ਅਰਥਾਤ ਇੱਜ਼ਤਦਾਰ। ਦਾਰ ਮੂਲ ਫ਼ਾਰਸੀ ਕਿਰਿਆ ਹੈ 'ਦਾਸ਼ਤਨ=ਰੱਖਣਾ—>ਮੁਜ਼ਾਰਿਅ=ਦਾਰਦ—>ਦਾਰ= ਰੱਖਣ ਵਾਲਾ/ ਜਿਵੇਂ ਇੱਜ਼ਤਦਾਰ, ਜ਼ੋਰਦਾਰ, ਚੋਬਦਾਰ, ਕਬੀਲਦਾਰ, ਹਯਾਦਾਰ ਆਦਿ।

ਦਿਲਗੀਰ ਕੋਸ਼ ਵਿੱਚ 'ਆ+ਭਰੂ' ਦਾ ਇੱਕ ਅਰਥ ਭਰਵੱਟੇ ਕੀਤਾ ਗਿਆ ਹੈ, ਕਿਉਂਕਿ ਭਰਵੱਟੇ ਵੀ ਚਿਹਰੇ ਦੀ ਸ਼ਾਨ ਨੂੰ ਪ੍ਰਗਟ ਕਰਦੇ ਹਨ। ਮੂਲ ਰੂਪ ਵਿੱਚ ਇਹ 'ਆਬ+ਈ+ਰੂ' ਹੈ। 'ਰੂ' ਦਾ ਅਰਥ ਚਿਹਰੇ ਦੀ ਆਬ ਜਾਂ ਚਮਕ ਕੀਤਾ ਜਾਂਦਾ ਹੈ। ਯੋਗਿਕ ਬਣਨ ਕਰਕੇ 'ਈ' ਖਾਰਜ ਹੋ ਗਿਆ ਤੇ ਆਬਰੂ ਰਹਿ ਗਿਆ।

ਫ਼ਾਰਸੀ ਵਿੱਚ ਦੋ 'ਆਬ' ਸ਼ਬਦ ਹਨ। ਇੱਕ ਦਾ ਸੰਬੰਧ ਸੰਸਕ੍ਰਿਤ ਦੇ /ਅਪ੍/= ਪਾਣੀ ਨਾਲ ਹੈ, ਜਿਸਦਾ ਇਕ ਰੂਪ 'ਆਪ' ਵੀ ਹੈ, ਜੋ ਸੰਸਕ੍ਰਿਤ ਵਿੱਚੋਂ ਚਲ ਕੇ ਇਰਾਨ ਦੀ ਪ੍ਰਾਚੀਨ ਭਾਸ਼ਾ ਜ਼ੇਂਦ ਜਾਂ ਅਵੇਸਤਾ ਵਿੱਚ ਗਿਆ ਤੇ ਫਿਰ ਪਹਿਲਵੀ ਵਿੱਚ। ਪਹਿਲਵੀ ਤੋਂ ਪ੍ਰਾਚੀਨ ਫ਼ਾਰਸੀ ਨੇ ਗ੍ਰਹਿਣ ਕੀਤਾ ਤੇ ਜਿੱਥੇ ਇਹਦਾ ਰੂਪ 'ਆਵ' ਹੋ ਗਿਆ। ਫਿਰ ਆਧੁਨਿਕ ਫ਼ਾਰਸੀ ਵਿੱਚ ਇਹ 'ਆਬ' ਬਣ ਗਿਆ। ਉਰਦੂ ਵਿੱਚ ਆਬ-ਓ-ਹਵਾ, ਆਬ-ਹਵਾ ਵਿੱਚ ਇਹ ਪਾਣੀ ਦਾ ਬੋਧਕ ਆਬ ਹੈ। ਆਬਰੂ ਵਿੱਚ 'ਆਬ' ਦਾ ਸੰਬੰਧ ਪਾਣੀ ਬੋਧਕ ਨਾਲ ਨਹੀਂ ਸਗੋਂ ਦੂਸਰੇ 'ਆਬ' ਨਾਲ ਹੈ। ਇਹ ਵੀ ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸਦਾ ਵਿਕਾਸ 'ਆਭਾ' ਤੋਂ ਹੋਇਆ ਹੈ। ਸੰਸਕ੍ਰਿਤ ਆਭਾ ਦਾ ਰੂਪ ਯੋਗਿਕ ਸ਼ਬਦਾਂ ਦੇ ਅੰਤ 'ਤੇ ਆਭ ਹੋ ਜਾਂਦਾ ਹੈ, ਜਿਵੇਂ ਅਭਿਤਾਬ ਅਰਥਾਤ ਉਹ, ਜਿਸਦੀ ਆਭਾ ਨੂੰ ਮਾਪਿਆ ਨਹੀਂ ਜਾ ਸਕਦਾ ਜਾਂ ਬਹੁਤ ਜ਼ਿਆਦਾ ਆਭਾ ਵਾਲਾ ਵਿਅਕਤੀ।

ਇਸ ਤਰ੍ਹਾਂ ਸੰਸਕ੍ਰਿਤ 'ਆਭ' ਦੇ ਅਨੁਕੂਲ ਫ਼ਾਰਸੀ ਆਬ ਵਰਤਿਆ ਜਾਂਦਾ ਹੈ, ਜਿਸਦੇ ਲੱਖਣਾ ਮੂਲਕ ਅਰਥ ਹਨ- ਆਭਾ, ਚਮਕ, ਮਹਿਮਾ, ਗੌਰਵ, ਮੋਤੀ, ਰਤਨ, ਤਲਵਾਰ, ਚਮਕਦਾਰ, ਸੰਕੋਚੀ ਆਦਿ। ਮੁੱਖ ਜਾਂ ਚਿਹਰੇ ਦੇ ਰੂਪ ਵਿੱਚ ਮੁੱਖ ਦੀ ਰੌਣਕ, ਮੁੱਖ ਮੰਡਲ ਦੀ ਚਮਕ ਆਦਿ ਅਰਥ ਇਸਨੂੰ ਦਿੱਤੇ ਗਏ। ਸਨਮਾਨਿਤ ਪਦਵੀ ਵਜੋਂ ਵੀ ਇਹਨੂੰ ਮਾਨਤਾ ਮਿਲੀ। ਇਸ ਤਰ੍ਹਾਂ ਇਹਦੇ ਦੋ ਅਰਥ ਵਿਕਸਤ ਹੋਏ- ਪਹਿਲਾ, ਕਿਸੇ ਵੱਡੇ ਵੱਲੋਂ ਸਨਮਾਨਿਤ ਕੀਤਾ ਜਾਣਾ, ਜਾਂ ਸਨਮਾਨ ਪ੍ਰਾਪਤੀ। ਦੂਜਾ ਕਿਸੇ ਫੌਜ ਜਾਂ ਨਗਰ ਦਾ ਮੁਖੀ। ਆਬਰੂ ਨਾਲ ਕਿਰਿਆ ਪਦ ਜੋੜ ਕੇ ਆਬਰੂ ਦਾਦਨ ਜਾਂ ਆਬਰੂ ਕਰਦਨ ਵਰਗੇ ਸ਼ਬਦ ਬਣਾਏ ਜਾਂਦੇ ਹਨ। ਕਰਦਨ (=ਸਨਮਾਨ ਜਾਂ ਆਦਰ ਸਤਿਕਾਰ ਕਰਨਾ) ਇਸੇ ਲੜੀ ਵਿੱਚ 'ਆਬਰੂ-ਏ-ਸ਼ਹਿਰ' ਨਗਰ ਦਾ ਗੌਰਵ ਭਾਵ ਮੈਜਿਸਟਰੇਟ। ਆਬਰੂ-ਏ-ਅਸਕਰ ਭਾਵ ਫੌਜ ਦਾ ਸਨਮਾਨ ਜਾਂ ਫੌਜ ਦਾ ਮੁਖ ਕਮਾਂਡਰ।

ਫ਼ਾਰਸੀ ਆਬਰੂ ਦੇ ਬਰਾਬਰ ਸੰਸਕ੍ਰਿਤ ਦਾ ਸ਼ਬਦ 'ਛਵੀ' ਦੇਖਿਆ ਜਾ ਸਕਦਾ ਹੈ, ਜਿਸਦਾ ਮੂਲ ਅਰਥ ਹੈ- ਚਮੜੀ, ਖਾਲ, ਜਿਲਦ, ਚਰਮ ਆਦਿ। ਇਸ ਵਿੱਚ ਵੀ ਅਰਥ ਵਿਕਾਸ ਹੋਇਆ ਹੈ ਤੇ ਇਹ ਅੱਗੇ ਜਾ ਕੇ ਚਮੜੀ, ਜਿਲਦ ਜਾਂ ਚਮੜੀ ਦੇ ਰੰਗ ਦਾ ਬੋਧਕ ਬਣਿਆ। ਇਸਤੋਂ ਵੀ ਅੱਗੇ ਜਾ ਕੇ ਇਹ ਸੁੰਦਰਤਾ ਤੇ ਚਮਕ ਦਾ ਬੋਧਕ ਬਣ ਗਿਆ। ਅੱਜ ਕੱਲ੍ਹ ਹਰ ਇੱਕ ਦੀ ਨਜ਼ਰ ਆਪਣੀ ਛਵੀ ਜਾਂ ਨੁਹਾਰ 'ਤੇ ਰਹਿੰਦੀ ਹੈ। ਇਸ ਤਰ੍ਹਾਂ ਇਹ ਸ਼ਬਦ ਵਿਕਾਸ ਕਰਦਾ ਕਈ ਅਰਥਾਂ ਦਾ ਧਾਰਨੀ ਬਣਿਆ।

# ਆਰਥਿਕ ਉਤਪਾਦਕਤਾ ਨੂੰ ਢਾਅ ਲਾ ਰਿਹਾ 'ਡਿਜ਼ੀਟਲ ਨਸ਼ਾ'

ਜਾਣਕਾਰੀ

ਅਸ਼ਵਨੀ ਚਤਰਥ
ਫੋਨ:+91-6284220595



ਅਜੋਕੇ ਆਧੁਨਿਕ ਯੁੱਗ ਵਿੱਚ ਤਕਨਾਲੋਜੀ ਦੀ ਵਰਤੋਂ ਅਤੇ ਇਸ ਦਾ ਪ੍ਰਭਾਵ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਲਗਾਤਾਰ ਵਧੀ ਜਾ ਰਿਹਾ ਹੈ। ਖ਼ਾਸ ਕਰਕੇ ਪਿਛਲੇ ਦੋ ਦਹਾਕਿਆਂ ਵਿੱਚ ਇਸ ਦੀ ਵਰਤੋਂ ਤੇਜ਼ੀ ਨਾਲ ਵਧੀ ਹੈ। ਤਕਨਾਲੋਜੀ ਮਨੁੱਖ ਦੇ ਹਰੇਕ ਕੰਮ ਵਿੱਚ ਦਿਨੋ-ਦਿਨ ਆਪਣੇ ਪੈਰ ਪਸਾਰੀ ਜਾ ਰਹੀ ਹੈ। ਜਿੱਥੇ ਤਕਨਾਲੋਜੀ ਨਾਲ ਸਾਡੇ ਕੰਮ ਕਾਜ ਕਾਫ਼ੀ ਹੱਦ ਤੱਕ ਸੌਖੇ ਹੋ ਰਹੇ ਹਨ ਅਤੇ ਕੰਮ ਦੀ ਯੋਗਤਾ ਤੇ ਸਮਰੱਥਾ ਵੀ ਵੱਧ ਰਹੀ ਹੈ, ਉੱਥੇ ਹੀ ਇਹ ਆਮ ਆਦਮੀ ਨੂੰ ਆਲਸੀ ਅਤੇ ਕਮਜ਼ੋਰ ਵੀ ਕਰੀ ਜਾ ਰਹੀ ਹੈ। ਇੱਕ ਹੋਰ ਨਾਂਹ-ਪੱਖੀ ਪ੍ਰਭਾਵ, ਜੋ ਤਕਨਾਲੋਜੀ ਦੇ ਵਧਣ ਨਾਲ ਸਾਡੇ ਸਾਹਮਣੇ ਆਇਆ ਹੈ, ਉਹ ਹੈ ਕਿ ਇਸ ਨਾਲ ਨੌਜਵਾਨ ਲੜਕੇ-ਲੜਕੀਆਂ ਨੂੰ ਮਿਲਣ ਵਾਲੇ ਰੁਜ਼ਗਾਰ ਵਿੱਚ ਕਾਫ਼ੀ ਕਮੀ ਆਈ ਹੈ।

ਸਭ ਤੋਂ ਮਾੜਾ ਜੋ ਪ੍ਰਭਾਵ ਇਸ ਦਾ ਸਮਾਜ 'ਚ ਵੇਖਣ ਨੂੰ ਮਿਲਿਆ ਹੈ, ਉਹ ਹੈ ਲੋਕਾਂ ਨੂੰ ਹੋ ਰਿਹਾ 'ਇੰਟਰਨੈੱਟ ਦਾ ਨਸ਼ਾ' ਜਾਂ 'ਤਕਨਾਲੋਜੀ ਦਾ ਨਸ਼ਾ' ਜਾਂ 'ਡਿਜ਼ੀਟਲ ਨਸ਼ਾ।' ਇਸ ਨਸ਼ੇ ਤੋਂ ਭਾਵ ਹੈ ਕਿ ਸਮਾਜ ਦਾ ਹਰ ਵਰਗ ਅਤੇ ਹਰ ਵਿਅਕਤੀ ਤਕਨਾਲੋਜੀ ਦੀਆਂ ਵਸਤਾਂ ਜਿਵੇਂ ਸਮਾਰਟ ਫ਼ੋਨ, ਲੈਪਟਾਪ, ਕੰਪਿਊਟਰ, ਟੈਬਲੇਟ ਅਤੇ ਇੰਟਰਨੈੱਟ ਦੀਆਂ ਵੱਖ-ਵੱਖ ਸਾਈਟਾਂ ਆਦਿ ਦੀ ਲੋੜ ਅਨੁਸਾਰ ਜਾਂ ਬੇਲੋੜੀ ਵਰਤੋਂ ਕਰੀ ਜਾ ਰਿਹਾ ਹੈ। ਫ਼ੋਨ ਦੀ ਲੰਮਾ ਸਮਾਂ ਵਰਤੋਂ ਕਰਦਿਆਂ ਲੋਕ ਲੰਮੀਆਂ ਕਾਲਾਂ ਕਰਦੇ ਹਨ, ਗੇਮਾਂ ਖੇਡਦੇ ਹਨ, ਚੈਟਿੰਗ ਕਰਦੇ ਹਨ ਅਤੇ ਇੰਟਰਨੈੱਟ ਦੀਆਂ ਐਪਾਂ ਜਿਵੇਂ ਫ਼ੇਸਬੁੱਕ, ਇੰਸਟਾਗ੍ਰਾਮ, ਵ੍ਹੱਟਸਐਪ ਆਦਿ ਦੀ ਜਾਇਜ਼-ਨਾਜਾਇਜ਼ ਵਰਤੋਂ ਕਰਦੇ ਹਨ। ਬੱਚਿਆਂ ਅਤੇ ਅੱਲ੍ਹੜ ਉਮਰ ਦੇ ਲੜਕੇ-ਲੜਕੀਆਂ ਵੱਲੋਂ ਡਿਜ਼ੀਟਲ ਐਪਾਂ ਉੱਤੇ ਸਮਾਂ ਬਰਬਾਦ ਕਰਨਾ, ਮਾਪਿਆਂ ਲਈ ਇੱਕ ਚਿੰਤਾ ਦਾ ਵਿਸ਼ਾ ਬਣਿਆ ਰਹਿੰਦਾ ਹੈ।

ਸਮਝਣ ਦੀ ਲੋੜ ਹੈ ਕਿ ਦੂਜੇ ਨਸ਼ਿਆਂ ਦੀ ਤਰ੍ਹਾਂ 'ਡਿਜ਼ੀਟਲ ਨਸ਼ਾ' ਵੀ ਲੋਕਾਂ ਦੇ ਰੋਜ਼ਾਨਾ ਜੀਵਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਮਾਹਿਰਾਂ ਵੱਲੋਂ ਇੱਕਠੇ ਕੀਤੇ ਗਏ ਅੰਕੜਿਆਂ 'ਚ ਦੱਸਿਆ ਗਿਆ ਹੈ ਕਿ ਸਮਾਜ ਦਾ ਇੱਕ ਆਮ ਆਦਮੀ ਦਿਨ ਵਿੱਚ ਔਸਤਨ 150 ਵਾਰ ਮੋਬਾਈਲ ਨੂੰ ਖੋਲ੍ਹਦਾ ਤੇ ਬੰਦ ਕਰਦਾ ਹੈ। ਇੱਕ ਸਰਵੇ 'ਚ ਇਹ ਵੀ ਵੇਖਿਆ ਗਿਆ ਹੈ ਕਿ ਸਮਾਰਟ ਫ਼ੋਨ ਦੇ ਮਾਲਕਾਂ ਵਿੱਚੋਂ ਅੱਧੇ ਦੇ ਕਰੀਬ ਲੋਕ ਹਰ ਵੇਲੇ 'ਔਨ-ਲਾਈਨ' ਰਹਿੰਦੇ ਹਨ- ਭਾਵ ਉਹ ਆਪਣੀ ਜ਼ਿੰਦਗੀ ਦੇ ਹੋਰ ਜ਼ਰੂਰੀ ਕੰਮਾਂ ਦੀ ਤਰ੍ਹਾਂ ਮੋਬਾਈਲ ਉੱਤੇ ਮੈਸੇਜਾਂ ਦੇ ਭੇਜਣ ਨੂੰ ਅਤੇ ਨਵੇਂ ਆਏ ਮੈਸੇਜਾਂ ਦੇ ਪੜ੍ਹਨ ਨੂੰ ਵੀ ਰੋਜ਼ਾਨਾ ਜੀਵਨ ਦਾ ਹੀ ਇੱਕ ਅਹਿਮ ਕੰਮ ਸਮਝਦੇ ਹਨ। ਇਹ ਵੀ ਡਿਜ਼ੀਟਲ ਨਸ਼ੇ ਦਾ ਇੱਕ ਅਹਿਮ ਲੱਛਣ ਹੈ। ਡਿਜ਼ੀਟਲ ਨਸ਼ੇ ਲਈ ਕਾਫ਼ੀ ਹੱਦ ਤੱਕ ਸਮਾਰਟ ਫ਼ੋਨਾਂ ਦੇ ਉਤਪਾਦਕ ਵੀ ਜ਼ਿੰਮੇਵਾਰ ਹਨ, ਕਿਉਂਕਿ ਉਨ੍ਹਾਂ ਵੱਲੋਂ ਫ਼ੋਨ ਬਣਾ ਹੀ ਇਸ ਤਰੀਕੇ ਦੇ ਦਿੱਤੇ ਗਏ ਹਨ ਕਿ ਫ਼ੋਨ ਦਾ ਮਾਲਕ ਹਰ ਵੇਲੇ ਇਸ ਨਾਲ ਚੰਬੜਿਆ ਹੀ ਰਹਿੰਦਾ ਹੈ। ਫ਼ੋਨ ਵਿੱਚ ਘੜੀ, ਕੈਲਕੁਲੇਟਰ, ਈ-ਮੇਲ, ਯੂ-ਟਿਊਬ ਤੇ ਗਾਣੇ, ਮੈਪ ਭਾਵ ਨਕਸ਼ਾ ਲੱਭਣ ਦੀ ਸੁਵਿਧਾ, ਕੈਲੰਡਰ, ਕੈਮਰਾ, ਨੋਟ-ਪੈਡ, ਗੂਗਲ ਲੈਂਜ਼, ਡਿਕਸ਼ਨਰੀ, ਔਨ ਲਾਈਨ ਪੈਸੇ ਦਾ ਭੁਗਤਾਨ ਕਰਨ ਦੀ ਸਹੂਲਤ, ਬੈਕਿੰਗ ਦੀ ਸੁਵਿਧਾ, ਏ.ਸੀ. ਦਾ ਰਿਮੋਟ ਅਤੇ ਫ਼ੋਟੋਆਂ ਸੰਭਾਲ ਕੇ ਰੱਖਣ ਲਈ ਗੈਲਰੀ ਆਦਿ ਜਿਹੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਆਦਮੀ ਕਿਸੇ ਨਾ ਕਿਸੇ ਕੰਮ 'ਚ ਰੁੱਝਿਆ ਰਹਿ ਸਕਦਾ ਹੈ।

ਡਿਜ਼ੀਟਲ ਨਸ਼ੇ ਦੇ ਕੁਝ ਮਾੜੇ ਪ੍ਰਭਾਵ ਹਨ ਜਿਵੇਂ ਰੋਜ਼ਾਨਾ ਜੀਵਨ ਦੇ ਆਮ ਕੰਮਾਂ ਤੋਂ ਕਿਨਾਰਾ ਕਰਨਾ, ਸਮਾਜਿਕ ਕੰਮਾਂ ਨੂੰ ਅਣਗੌਲਿਆ ਕਰਨਾ, ਪਰਿਵਾਰ ਨਾਲ ਇੰਟਰਨੈੱਟ ਦੀ ਵਰਤੋਂ ਪ੍ਰਤੀ ਝੂਠ ਬੋਲਣਾ, ਲਮੇਂ ਸਮੇਂ ਲਈ ਤਕਨਾਲੋਜੀ ਯੰਤਰਾਂ ਦੀ ਵਰਤੋਂ ਕਰਨਾ, ਡਰਾਈਵਿੰਗ ਦੌਰਾਨ ਮੋਬਾਈਲ ਦੀ ਵਰਤੋਂ ਕਰਨਾ ਅਤੇ ਮਾਂ-ਪਿਓ ਵੱਲੋਂ ਦਸੇ ਗਏ ਕੰਮਾਂ ਪ੍ਰਤੀ ਅਵੇਸਲਾ ਰਹਿਣਾ ਆਦਿ।

ਕੰਪਿਊਟਰ ਅਤੇ ਮੋਬਾਈਲ ਦੀ ਜ਼ਿਆਦਾ ਵਰਤੋਂ ਕਰਨ ਨਾਲ ਆਦਮੀ ਦਾ 'ਪੋਸਚਰ' ਭਾਵ ਖੜ੍ਹੇ ਹੋਣ ਜਾਂ ਬੈਠਣ ਦਾ ਢੰਗ ਗ਼ਲਤ ਹੋ ਜਾਂਦਾ ਹੈ, ਜੋ ਕਿ ਸਮਾਂ ਪਾ ਕੇ ਸਰੀਰਕ ਕਰੂਪਤਾ ਦਾ ਰੂਪ ਧਾਰਨ ਕਰ ਲੈਂਦਾ ਹੈ। ਲੰਮਾ ਸਮਾਂ ਮੋਬਾਈਲ ਜਾਂ ਕੰਪਿਊਟਰ ਦੀ ਵਰਤੋਂ ਕਰਨ ਨਾਲ ਆਦਮੀ ਦੀ ਨੀਂਦ ਵਿੱਚ ਰੁਕਾਵਟ ਪੈਦਾ ਹੋਣ ਲਗਦੀ ਹੈ। ਤਕਨਾਲੋਜੀ ਦੀ ਲੰਮਾ ਸਮਾਂ ਵਰਤੋਂ ਕਰਨ ਨਾਲ ਸਰੀਰਕ ਸਰਗਰਮੀ ਘੱਟ ਜਾਂਦੀ ਹੈ, ਜਿਸ ਨਾਲ ਮੋਟਾਪਾ ਹੋਣਾ, ਸ਼ੂਗਰ ਅਤੇ ਦਿਲ ਤੇ ਖ਼ੂਨ ਦੀਆਂ ਨਾੜੀਆਂ ਸਬੰਧੀ ਰੋਗ ਲੱਗ ਜਾਂਦੇ ਹਨ। ਅੱਜ ਕੱਲ੍ਹ ਸੋਸ਼ਲ ਮੀਡੀਆ ਦੇ ਵਰਤਣ ਦਾ ਰੁਝਾਨ ਕਾਫ਼ੀ ਵੱਧ ਚੁੱਕਾ ਹੈ। ਭਾਵੇਂ ਕਿ ਸੋਸ਼ਲ ਮੀਡੀਆ ਦਾ ਮੰਤਵ ਲੋਕਾਂ ਨੂੰ ਨੇੜੇ ਲਿਆਉਣਾ ਹੁੰਦਾ ਹੈ, ਪਰ ਇਸ ਦਾ ਪ੍ਰਭਾਵ ਤਾਂ ਉਲਟ ਹੀ ਵੇਖਣ ਨੂੰ ਮਿਲ ਰਿਹਾ ਹੈ- ਭਾਵ ਇਹ ਲੋਕਾਂ ਨੂੰ ਸਮਾਜ ਨਾਲ ਜੋੜਨ ਦੀ ਬਜਾਏ ਇਕੱਲਾਪਣ ਪੈਦਾ ਕਰੀ ਜਾ ਰਿਹਾ ਹੈ। ਮੋਬਾਈਲ ਅਤੇ ਇੰਟਰਨੈੱਟ ਦੀ ਜ਼ਿਆਦਾ ਵਰਤੋਂ ਲੋਕਾਂ ਵਿੱਚ ਉਦਾਸੀ ਅਤੇ ਚਿੰਤਾ ਪੈਦਾ ਕਰ ਰਹੀ ਹੈ। ਇਹ ਗੱਲ ਬੱਚਿਆਂ ਉੱਤੇ ਖ਼ਾਸ ਕਰਕੇ ਢੁੱਕਦੀ ਹੈ। ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਬੱਚਿਆਂ ਵਿੱਚ ਇੱਕਲਾਪਾ, ਉਦਾਸੀ, ਚਿੰਤਾ, ਨਿਰਾਸ਼ਾ, ਇਕਾਗਰਤਾ 'ਚ ਕਮੀ ਆਉਣਾ ਅਤੇ ਨਾਂਹ ਪੱਖੀ ਸੋਚ ਜਿਹੇ ਨਕਾਰਵਾਦੀ ਗੁਣ ਪੈਦਾ ਹੋ ਜਾਂਦੇ ਹਨ।

ਲੈਪਟਾਪ, ਟੈਬਲੇਟ ਅਤੇ ਸਮਾਰਟਫੋਨ ਦੀ ਲੰਮਾ ਸਮਾਂ ਵਰਤੋਂ ਕਰਨ ਨਾਲ ਅੱਖਾਂ 'ਤੇ ਜ਼ੋਰ ਪੈਂਦਾ ਹੈ, ਜਿਸ ਨਾਲ ਸਿਰ ਦਰਦ, ਗਰਦਨ ਅਤੇ ਮੋਢਿਆਂ 'ਚ ਦਰਦ ਜਿਹੀਆਂ



ਅਲਾਮਤਾਂ ਵੇਖਣ ਨੂੰ ਮਿਲਦੀਆਂ ਹਨ। ਮਾਹਿਰਾਂ ਵੱਲੋਂ ਇਸ ਦੇ ਹੱਲ ਲਈ ਹਰ ਵੀਹ ਮਿੰਟ ਦੇ ਲੈਪਟਾਪ ਵਰਤਣ ਮਗਰੋਂ ਥੋੜ੍ਹੀ ਦੇਰ ਆਰਾਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਡਿਜ਼ੀਟਲ ਨਸ਼ੇ ਦਾ ਸਮਾਜਿਕ ਰਿਸ਼ਤਿਆਂ ਉੱਤੇ ਵੀ ਨਕਾਰਾਤਮਕ ਅਸਰ ਪੈਂਦਾ ਹੈ। ਇਸ ਨਸ਼ੇ ਕਾਰਨ ਬੱਚਿਆਂ ਦੀ ਇਕਾਗਰਤਾ ਭੰਗ ਹੁੰਦੀ ਹੈ, ਇਸ ਲਈ ਉਹ ਮਾਪਿਆਂ ਦੀ ਗੱਲ ਨੂੰ ਸਹੀ ਤਰੀਕੇ ਨਾਲ ਨਹੀਂ ਸੁਣਦੇ ਹਨ, ਜਿਸ ਨਾਲ ਬੱਚਿਆਂ ਦੇ ਮਾਪਿਆਂ ਨਾਲ ਰਿਸ਼ਤੇ ਅਣਸੁਖਾਵੇਂ ਹੋ ਜਾਂਦੇ ਹਨ।

ਡਿਜ਼ੀਟਲ ਨਸ਼ੇ ਨੂੰ ਸ਼ੁਰੂ ਕਰਨ ਵਿੱਚ ਕੁਝ ਹੱਦ ਤੱਕ ਤਾਂ ਛੋਟੇ ਬੱਚਿਆਂ ਦੇ ਮਾਪੇ ਵੀ ਕਿਤੇ ਨਾ ਕਿਤੇ ਜ਼ਿੰਮੇਵਾਰ ਹੁੰਦੇ ਹਨ। ਮਾਪੇ ਬੱਚਿਆਂ ਨੂੰ ਦੁੱਧ ਪਿਆਉਣ ਲਈ, ਖਾਣਾ ਖੁਆਉਣ ਜਾਂ ਸੁਵਾਉਣ ਲਈ ਬੱਚਿਆਂ ਨੂੰ ਮੋਬਾਈਲ 'ਤੇ ਆਹਰੇ ਲਾਈ ਰੱਖਦੇ ਹਨ, ਜੋਕਿ ਬਾਅਦ ਵਿੱਚ ਬੱਚਿਆਂ ਲਈ ਇੱਕ ਬੁਰੀ ਆਦਤ ਬਣ ਜਾਂਦੀ ਹੈ। ਹੌਲੀ ਹੌਲੀ ਬੱਚਿਆਂ ਦੀ ਆਦਤ ਏਨੀ ਪੱਕੀ ਹੋ ਜਾਂਦੀ ਹੈ ਕਿ ਉਹ ਜਾਗਦੇ ਸਮੇਂ ਹਰ ਵੇਲੇ ਮੋਬਾਈਲ ਨਾਲ ਚੰਬੜੇ ਰਹਿੰਦੇ ਹਨ, ਇੱਥੋਂ ਤੱਕ ਕਿ ਉਹ ਬਾਥਰੂਮ ਜਾਣ ਤੱਕ ਵੀ ਮੋਬਾਈਲ ਨੂੰ ਨਾਲ ਲੈ ਕੇ ਜਾਣ ਦੇ ਆਦਿ ਹੋ ਜਾਂਦੇ ਹਨ। ਸਕੂਲਾਂ-ਕਾਲਜਾਂ ਦੇ ਬੱਚਿਆਂ ਲਈ ਤਾਂ ਤਕਨਾਲੋਜੀ ਦੀਆਂ ਐਪਾਂ ਪੜ੍ਹਾਈ ਵਿੱਚ ਮਦਦਗਾਰ ਹੁੰਦੀਆਂ ਹਨ, ਪਰ ਇਹ ਐਪਾਂ ਨੌਜਵਾਨ ਬੱਚਿਆਂ ਨੂੰ ਆਪਣੇ ਵੱਲ ਏਨਾ ਆਕਰਸ਼ਿਤ ਕਰ ਲੈਂਦੀਆਂ ਹਨ ਕਿ ਇਹ ਬੱਚੇ ਆਪਣੇ ਮਾਂ-ਪਿਓ ਅਤੇ ਆਲੇ-ਦੁਆਲੇ ਤੋਂ ਅੱਡਰੇ-ਅੱਡਰੇ ਰਹਿਣ ਲੱਗ ਜਾਂਦੇ ਹਨ, ਜਿਸ ਨਾਲ ਉਹ ਡਿਜ਼ੀਟਲ ਮਸ਼ੀਨਾਂ ਦੇ ਗੁਲਾਮ ਬਣ ਜਾਂਦੇ ਹਨ। ਅਧਖੜ੍ਹ ਜਾਂ ਬਿਰਧ ਉਮਰ ਦੇ ਲੋਕਾਂ ਲਈ ਮੋਬਾਈਲ ਇਕਲਾਪੇ ਨੂੰ ਦੂਰ ਕਰਨ ਦਾ ਅਤੇ ਵਿਹਲੇ ਰਹਿੰਦਿਆਂ ਸਮੇਂ ਨੂੰ ਬਤੀਤ ਕਰਨ ਦਾ ਇੱਕ ਸਾਧਨ ਹੋ ਸਕਦਾ ਹੈ।

ਕੋਵਿਡ-19 ਮਹਾਂਮਾਰੀ ਨੇ ਡਿਜ਼ੀਟਲ ਨਸ਼ੇ ਨੂੰ ਵਧਾਓਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਲਾਕ-ਡਾਊਨ ਦੌਰਾਨ ਲੋਕਾਂ ਨੇ ਆਪਣੇ ਖ਼ਾਲੀ ਸਮੇਂ ਨੂੰ ਬਿਤਾਉਣ ਲਈ ਮੋਬਾਈਲ ਅਤੇ ਇੰਟਰਨੈੱਟ ਦੀਆਂ ਐਪਾਂ ਦਾ ਸਹਾਰਾ ਲਿਆ ਸੀ। ਇਹੋ ਐਪਾਂ ਹੁਣ ਡਿਜ਼ੀਟਲ ਨਸ਼ੇ ਦਾ ਰੂਪ ਧਾਰਨ ਕਰ ਚੁੱਕੀਆਂ ਹਨ- ਭਾਵ ਲੋਕਾਂ ਨੂੰ ਇਨ੍ਹਾਂ ਦੀ ਪੱਕੀ ਆਦਤ ਪੈ ਚੁੱਕੀ ਹੈ। ਰੀਲਾਂ ਬਣਾ ਕੇ ਫ਼ੇਸਬੁੱਕ, ਯੂ-ਟਿਊਬ ਅਤੇ ਇੰਟਰਨੈੱਟ ਦੀਆਂ ਹੋਰ ਸਾਈਟਾਂ 'ਤੇ ਪਾਉਣਾ ਲੋਕਾਂ ਦਾ ਸ਼ੌਕ ਬਣ ਚੁੱਕਾ ਹੈ। ਲੋਕ ਕਿਸੇ ਵੀ ਸਮਾਗਮ ਵਿੱਚ ਜਾ ਕੇ ਪ੍ਰੋਗਰਾਮ ਦਾ ਅਨੰਦ ਮਾਣਨ ਦੀ ਬਜਾਏ ਉੱਥੇ ਸੈਲਫ਼ੀਆਂ ਲੈ ਕੇ, ਫ਼ੋਟੋਆਂ ਖਿੱਚ ਕੇ ਜਾਂ ਰੀਲਾਂ ਬਣਾ ਕੇ ਸੋਸ਼ਲ ਸਾਈਟਾਂ 'ਤੇ ਪਾਉਣ ਪਿੱਛੇ ਸ਼ੁਦਾਈ ਹੋਏ ਫਿਰਦੇ ਹਨ।

---

ਸੱਚੋ-ਸੱਚ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਮੌਤ ਦਾ ਮਹੱਤਵ

ਸਿਆਣਿਆਂ ਦਾ ਕਥਨ ਹੈ, 'ਜਿਊਣਾ ਝੂਠ ਤੇ ਮਰਨਾ ਸੱਚ।' ਇਹ ਚਾਰ ਲਫ਼ਜ਼ਾਂ ਦਾ ਕਥਨ ਆਪਣੇ ਅੰਦਰ ਸਮੁੰਦਰ ਦੀ ਡੂੰਘਾਈ ਤੋਂ ਵੀ ਗਹਿਰਾ ਸੰਦੇਸ਼ ਲੁਕੋਈ ਬੈਠਾ ਹੈ। ਭਾਰਤੀ ਸਮਾਜ ਅੰਦਰ ਜਿੰਨੇ ਵੀ ਪੀਰ, ਪੈਗ਼ੰਬਰ, ਸੰਤ, ਮਹਾਂਪੁਰਖ ਜਾਂ ਧਾਰਮਿਕ ਆਗੂ ਹੋਏ ਹਨ, ਉਨ੍ਹਾਂ ਸਭ ਨੇ ਹੀ ਮੌਤ ਨੂੰ ਜ਼ਿੰਦਗੀ ਦਾ ਪਹਿਲਾ ਤੇ ਅੰਤਿਮ ਸੱਚ ਆਖ ਕੇ ਵਡਿਆਇਆ ਹੈ। ਸਭ ਨੇ ਸੰਸਾਰਕ ਪਦਾਰਥਾਂ ਅਤੇ ਰਿਸ਼ਤਿਆਂ ਨੂੰ ਨਾਸ਼ਮਾਨ ਦੱਸਦਿਆਂ ਅਖ਼ੀਰ ਵਿੱਚ ਸਭ ਦੇ ਪੰਚ ਤੱਤਾਂ ਵਿੱਚ ਵਿਲੀਨ ਹੋ ਜਾਣ ਦਾ ਹੋਕਾ ਦਿੱਤਾ ਹੈ। ਇਸ ਤੋਂ ਇਹ ਸਾਫ਼ ਪਤਾ ਚੱਲਦਾ ਹੈ ਕਿ ਹਰੇਕ ਮਹਾਂਪੁਰਖ ਨੇ ਮਨੁੱਖ ਨੂੰ ਸਦਾ ਹੀ ਮੌਤ ਨੂੰ ਚੇਤੇ ਰੱਖਣ ਦੀ ਤਾਕੀਦ ਕੀਤੀ ਹੈ। ਇਸ ਪ੍ਰਥਾਇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਖ਼ਦੀ ਹੈ, "ਕਾਲ ਬਿਆਲ ਜਿਉ ਪਰਿਉ ਡੋਲਹਿ ਮੁਖ ਪਸਾਰਹਿ ਨੀਤ॥ ਆਜ ਕਾਲ ਫੁਨ ਤੋਹਿ ਗ੍ਰਸ ਹੈ ਸਮਝ ਰਾਖੋ ਚੀਤ॥" ਭਾਵ ਕਾਲ ਰੂਪੀ ਮੌਤ ਮਨੁੱਖ ਦੇ ਸਿਰ 'ਤੇ ਸਦਾ ਹੀ ਬਿਰਾਜਮਾਨ ਰਹਿੰਦੀ ਹੈ ਤੇ ਫਿਰ ਇੱਕ ਦਿਨ ਝਪੱਟਾ ਮਾਰ ਕੇ ਮਨੁੱਖ ਦੇ ਪ੍ਰਾਣ ਕੱਢ ਲੈਂਦੀ ਹੈ। ਜੇ ਮੌਤ ਹੀ ਜ਼ਿੰਦਗੀ ਦਾ ਅੰਤਿਮ ਸੱਚ ਹੈ ਤਾਂ ਮਨੁੱਖ ਮੌਤ ਤੋਂ ਐਨਾ ਡਰਦਾ ਕਿਉਂ ਹੈ?

ਦਰਅਸਲ ਸੰਸਾਰ ਮੋਹ-ਮਾਇਆ ਨਾਲ ਨੱਕੋ-ਨੱਕ ਭਰਿਆ ਪਿਆ ਹੈ। ਇਹ ਰਿਸ਼ਤਿਆਂ ਦਾ ਮੋਹ ਅਤੇ ਮਾਇਆ ਰੂਪੀ ਦੁਨਿਆਵੀ ਪਦਾਰਥਾਂ ਦੀ ਖਿੱਚ ਮਨੁੱਖ ਨੂੰ ਜਨਮ ਤੋਂ ਮਰਨ ਤੱਕ ਮੋਹ-ਮਾਇਆ ਦੇ ਬੰਧਨ ਤੋਂ ਮੁਕਤ ਨਹੀਂ ਹੋਣ ਦਿੰਦੀ। ਇਸ ਲਈ ਮਨੁੱਖ ਪਦਾਰਥਾਂ ਦੀ ਨਾਸ਼ਮਾਨਤਾ ਅਤੇ ਰਿਸ਼ਤਿਆਂ ਦੇ ਸੁਆਰਥਾਂ ਨੂੰ ਸਮਝਦਾ ਹੋਇਆ ਵੀ ਸਾਰੀ ਉਮਰ ਇਸੇ 'ਮੋਹ' ਤੇ 'ਮਾਇਆ' ਨੂੰ ਸਾਂਭਣ ਵਿੱਚ ਹੀ ਲੱਗਾ ਰਹਿੰਦਾ ਹੈ ਅਤੇ ਅਖ਼ੀਰ ਵਿੱਚ ਉਸਨੂੰ ਇਹ ਹਕੀਕਤ ਸਮਝ ਆਉਂਦੀ ਹੈ ਕਿ ਇਸ ਸੰਸਾਰ ਤੋਂ ਜਾਣ ਲੱਗਿਆਂ ਮਹਾਂਬਲੀ ਸਿਕੰਦਰ ਵੀ ਖ਼ਾਲੀ ਹੱਥ ਹੀ ਗਿਆ ਸੀ। ਮੌਤ ਦੀ ਹਕੀਕਤ ਤੋਂ ਵਾਕਿਫ਼ ਮਨੁੱਖ ਅਮਰ ਹੋਣ ਦਾ ਭਰਮ ਪਾਲ ਲੈਂਦਾ ਹੈ ਤੇ ਝੂਠ-ਫ਼ਰੇਬ ਬੋਲਦਾ ਪਾਪ ਕਰਮ ਕਰੀ ਜਾਂਦਾ ਹੈ। ਮੌਤ ਦੇ ਵਕਤ ਜਦੋਂ ਪਤਨੀ, ਧੀਆਂ-ਪੁੱਤਰ, ਹੋਰ ਸਾਕ ਸਬੰਧੀ ਤੇ ਦੋਸਤ ਮਿੱਤਰ ਸਭ ਸਾਥ ਛੱਡ ਜਾਂਦੇ ਹਨ ਤੇ ਕੋਈ ਵੀ ਮਰਨ ਵਾਲੇ ਦੇ ਨਾਲ ਜਾਣ ਲਈ ਤਿਆਰ ਨਹੀਂ ਹੁੰਦਾ ਹੈ ਤਾਂ ਮਨੁੱਖ ਨੂੰ ਜੀਵਨ ਦਾ ਸੱਚ ਸਮਝ ਆਉਂਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ, "ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥ ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥" ਭਾਵ ਮਨੁੱਖ ਦੀ ਪਤਨੀ, ਜੋ ਸਾਰੀ ਉਮਰ ਉਸਦੇ ਹਰੇਕ ਦੁੱਖ-ਸੁੱਖ ਵਿੱਚ ਉਸਦੇ ਨਾਲ ਰਹੀ ਹੁੰਦੀ ਹੈ, ਮੌਤ ਆਉਣ 'ਤੇ ਉਹ ਵੀ ਸਾਥ ਛੱਡ ਜਾਂਦੀ ਹੈ। ਸਾਰੀ ਉਮਰ ਦੀ ਜਮ੍ਹਾਂ ਪੂੰਜੀ ਇੱਕ ਵੀ ਸੁਆਸ ਵਧਾ ਨਹੀਂ ਪਾਉਂਦੀ। ਸੋ ਮੌਤ ਤਾਂ ਇੱਕ ਦਿਨ ਸਭ ਨੂੰ ਆ ਹੀ ਜਾਣੀ ਹੈ, ਇਸ ਲਈ ਉਸਦਾ ਸਾਹਮਣਾ ਕਰਨ ਦੀ ਹਿੰਮਤ ਗੁਰੂ ਤੋਂ ਮੰਗਣੀ ਚਾਹੀਦੀ ਹੈ।

ਸਮੂਹ ਸੰਤਾਂ-ਮਹਾਂਪੁਰਖਾਂ ਅਤੇ ਦੇਸ਼ ਭਗਤਾਂ ਨੇ ਆਪਣੇ ਬਚਨਾਂ ਤੇ ਕਰਮਾਂ ਰਾਹੀਂ ਇਹ ਵਾਰ ਵਾਰ ਸਾਬਿਤ ਕੀਤਾ ਹੈ ਕਿ ਮੌਤ ਦਾ ਡਰ ਕਾਇਰਾਂ ਨੂੰ ਹੁੰਦਾ ਹੈ ਜਾਂ ਫਿਰ ਮੋਹ-ਮਾਇਆ ਵਿੱਚ ਫਸੇ ਮਨੁੱਖਾਂ ਨੂੰ। ਸੰਤ ਜਨ ਤਾਂ ਮਰਨ ਉਪਰੰਤ ਆਪਣੇ 'ਪ੍ਰੀਤਮ' ਵਿੱਚ, ਉਸ 'ਪਰਮ ਜੋਤ' ਵਿੱਚ ਲੀਨ ਹੋ ਜਾਣ ਦਾ ਅਨੰਦ ਲੈਂਦੇ ਹਨ ਤੇ ਦੇਸ਼ ਭਗਤ ਆਪਣੀ ਮਾਤਭੂਮੀ ਲਈ ਮੌਤ ਨੂੰ ਗਲੇ ਲਗਾ ਕੇ ਖ਼ੁਸ਼ ਹੁੰਦੇ ਹਨ। ਸੰਤਾਂ ਲਈ ਮੌਤ ਇਸ ਸੰਸਾਰ ਦੇ ਆਵਾਗਵਣ ਦੇ ਚੱਕਰ ਦੀ ਸਮਾਪਤੀ ਹੁੰਦਾ ਹੈ।

ਇਸ ਸੰਸਾਰ ਦੇ ਵਾਸੀਆਂ ਨੇ ਜੇਕਰ ਮੌਤ ਦੇ ਮਹੱਤਵ ਨੂੰ ਸਮਝਣਾ ਹੈ ਤਾਂ ਉਨ੍ਹਾਂ ਨੂੰ ਕੁਝ ਤੱਥ ਬੜੀ ਡੂੰਘਾਈ ਅਤੇ ਗੰਭੀਰਤਾ ਨਾਲ ਵਿਚਾਰਨੇ ਪੈਣਗੇ। ਪਹਿਲੀ ਗੱਲ ਤਾਂ ਇਹ ਹੈ ਕਿ ਮੌਤ ਨੂੰ ਅਟੱਲ ਸੱਚਾਈ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ, ਕਿਉਂਕਿ ਇਸ ਸ੍ਰਿਸ਼ਟੀ ਦੇ ਨਿਯਮਾਂ ਅਨੁਸਾਰ ਜੋ ਜਨਮਿਆ ਹੈ, ਉਹ ਮਰੇਗਾ ਅਤੇ ਜੋ ਉਪਜਿਆ ਹੈ, ਉਹ ਬਿਨਸੇਗਾ। ਦੂਜੀ ਗੱਲ, ਮੌਤ ਕਿਉਂਕਿ ਉਸ ਪਰਮ ਪਿਤਾ ਪਰਮਾਤਮਾ ਦੀ ਕ੍ਰਿਤ ਹੈ, ਇਸ ਲਈ ਉਸਨੂੰ ਸ਼ਾਂਤ ਭਾਵ ਨਾਲ ਸਵੀਕਾਰਨਾ ਚਾਹੀਦਾ ਹੈ। ਮੌਤ ਅਸਲ ਵਿੱਚ ਹਰੇਕ ਅੰਤਰ ਨੂੰ ਮਿਟਾ ਕੇ ਸਭ ਨੂੰ ਪ੍ਰਾਪਤ ਹੁੰਦੀ ਹੈ। ਇਹ ਕਿਸੇ ਦਾ ਲਿਹਾਜ਼ ਨਹੀਂ ਕਰਦੀ ਹੈ ਤੇ ਕਿਸੇ 'ਤੇ ਵੀ ਕੋਈ ਤਰਸ ਖਾ ਕੇ ਕਿਸੇ ਨੂੰ ਕੋਈ ਰਿਆਇਤ ਨਹੀਂ ਦਿੰਦੀ ਹੈ। ਇਸ ਪ੍ਰਥਾਇ ਗੁਰਬਾਣੀ ਦਾ ਬੜਾ ਖ਼ੂਬਸੂਰਤ ਫ਼ੁਰਮਾਨ ਹੈ, "ਮਲਕਲ ਮਉਤ ਜਾ ਆਵਸੀ ਸਭ ਦਰਵਾਜੇ ਭੰਨਿ॥"

ਮੌਤ ਦਾ ਅਗਲਾ ਗੁਣ ਇਹ ਹੈ ਕਿ ਸਮੇਂ, ਸਥਾਨ ਅਤੇ ਅਹੁਦੇ ਦੀ ਪਰਵਾਹ ਨਹੀਂ ਕਰਦੀ ਹੈ। ਸੰਸਾਰਕ ਜੀਵਨ ਦਾ ਅੰਤ ਕਰਨ ਵਾਲੀ ਇਹ ਮੌਤ ਪਾਪੀਆਂ ਨੂੰ ਵੀ ਆਉਂਦੀ ਹੈ ਤੇ ਧਰਮੀਆਂ ਨੂੰ ਵੀ। ਸੰਸਾਰ ਦੇ ਹਰੇਕ ਜੀਵ ਨੂੰ ਮੌਤ ਦੀ ਅਟੱਲਤਾ ਅਤੇ ਆਗਮਨ ਨੂੰ ਸਵੀਕਾਰਨਾ ਚਾਹੀਦਾ ਹੈ ਤੇ ਹਰੇਕ ਕਰਮ ਕਰਦੇ ਸਮੇਂ ਅਤੇ ਹਰੇਕ ਸੁਆਸ ਨਾਲ ਮੌਤ ਨੂੰ ਯਾਦ ਰੱਖਣਾ ਚਾਹੀਦਾ ਹੈ, ਕਿਉਂਕਿ ਮਨੁੱਖ ਦੀ ਹਕੀਕਤ ਕੇਵਲ ਐਨੀ ਹੈ ਕਿ 'ਦਮ' ਆ ਗਿਆ ਤਾਂ 'ਆਦਮੀ' ਤੇ ਜੇ ਦਮ ਨਾ ਆਇਆ ਤਾਂ 'ਮੁਰਦਾ' ਭਾਵ ਆਏ ਸਾਹ ਅਤੇ ਨਾ ਆਏ ਸਾਹ ਵਿਚਲਾ ਅੰਤਰ ਹੀ ਮਨੁੱਖੀ ਜੀਵਨ ਦੀ ਅਸਲੀਅਤ ਹੈ। ਜੋ ਵਿਅਕਤੀ ਮੌਤ ਨੂੰ ਸਦਾ ਹੀ ਚੇਤੇ ਰੱਖਦੇ ਹਨ, ਉਹ ਕੋਈ ਵੀ ਬੁਰਾ ਲਫ਼ਜ਼ ਨਹੀਂ ਬੋਲਦੇ ਹਨ, ਬੁਰਾ ਵੇਖ਼ ਜਾਂ ਸੁਣ ਨਹੀਂ ਸਕਦੇ ਤੇ ਕਿਸੇ ਦਾ ਬੁਰਾ ਕਰ ਵੀ ਨਹੀਂ ਸਕਦੇ। ਉਨ੍ਹਾਂ ਦਾ ਜੀਵਨ ਅੰਮ੍ਰਿਤ ਜਲ ਦੀ ਤਰ੍ਹਾਂ ਪਾਕ-ਸਾਫ਼ ਹੁੰਦਾ ਹੈ ਤੇ ਉਹ ਸਹਿਜ ਅਵਸਥਾ ਵਿੱਚ ਜੀਵਨ ਬਤੀਤ ਕਰਦਿਆਂ ਅਤੇ ਜੀਵਨ ਦੀ ਹਰੇਕ ਚੰਗੀ ਤੇ ਮਾੜੀ ਘਟਨਾ ਨੂੰ ਪਰਮਾਤਮਾ ਦੀ ਖੇਡ ਮਨਜ਼ੂਰ ਕਰਦਿਆਂ ਬਿਨਾ ਕਿਸੇ ਗਿਲੇ-ਸ਼ਿਕਵੇ ਦੇ ਜੀਵਨ ਜਿਊਂਦੇ ਹਨ। ਉਹ ਮੌਤ ਦੇ ਆਉਣ 'ਤੇ ਰੋਣ ਜਾਂ ਕੁਰਲਾਉਣ ਦੀ ਥਾਂ ਮੁਸਕਰਾਉਂਦਿਆਂ ਤੇ 'ਅਨੰਦ' ਦੀ ਅਵਸਥਾ ਵਿੱਚ ਪਰਮੇਸ਼ਰ ਦੇ ਚਰਨਾਂ ਵਿੱਚ ਅਭੇਦ ਹੋ ਜਾਂਦੇ ਹਨ।

ਮੌਤ ਦਾ ਅਗਲਾ ਮਹੱਤਵ ਇਸ ਗੱਲ ਵਿੱਚ ਹੈ ਕਿ ਜੇਕਰ ਸੰਸਾਰ ਵਿੱਚ ਕਿਸੇ ਨੂੰ ਮੌਤ ਆਵੇਗੀ ਹੀ ਨਾ ਤਾਂ ਇਸ ਸੰਸਾਰ ਦੀ ਹਾਲਤ ਕੀ ਹੋਵੇਗੀ? ਜੇਕਰ ਇੱਥੇ ਪੀੜ੍ਹੀ-ਦਰ-ਪੀੜ੍ਹੀ ਸਭ ਲੋਕ ਜ਼ਿੰਦਾ ਹੀ ਰਹਿਣਗੇ ਤਾਂ ਇਸ ਸੰਸਾਰ ਦੀ ਆਬਾਦੀ ਐਨੀ ਕੁ ਵਧ ਜਾਏਗੀ ਕਿ ਰਹਿਣ ਲਈ ਥਾਂ, ਖਾਣ ਲਈ ਭੋਜਨ ਅਤੇ ਪੀਣ ਲਈ ਪਾਣੀ ਤੱਕ ਮਿਲਣਾ ਮੁਸ਼ਕਿਲ ਹੋ ਜਾਏਗਾ। ਇਹ ਸੰਸਾਰ ਇੱਕ 'ਕੁੰਭੀ ਨਰਕ' ਦਾ ਰੂਪ ਧਾਰਨ ਕਰ ਲਏਗਾ। ਇਸ ਲਈ ਪ੍ਰਕਿਰਤੀ ਦਾ ਨੇਮ ਬਿਲਕੁਲ ਜਾਇਜ਼ ਹੈ ਕਿ ਇਸ ਸੰਸਾਰ ਦਾ ਸੰਤੁਲਨ ਬਣਾਉਣ ਲਈ ਕਿਸੇ ਜੀਵ ਨੂੰ ਇਸ ਸੰਸਾਰ ਵਿੱਚ ਆਉਣਾ ਤੇ ਕਿਸੇ ਦੂਜੇ ਜੀਵ ਨੂੰ ਇਸ ਸੰਸਾਰ ਤੋਂ ਜਾਣਾ ਹੀ ਪਏਗਾ। ਸੋ ਮੌਤ ਰਾਹੀਂ ਪਰਮਾਤਮਾ ਦੀ ਕੋਸ਼ਿਸ਼ ਇਸ ਸੰਸਾਰ ਨੂੰ ਰਹਿਣ ਲਾਇਕ ਬਣਾਈ ਰੱਖਣ ਦੀ ਹੈ ਤੇ ਪਰਮਾਤਮਾ ਦੀ ਇਸ ਕੋਸ਼ਿਸ਼ ਦਾ ਵਿਰੋਧ ਜਾਂ ਨਿੰਦਾ ਹਰਗਿਜ਼ ਵੀ ਨਹੀਂ ਕਰਨੀ ਚਾਹੀਦੀ ਹੈ।

ਵਿਦਵਾਨਾਂ ਦਾ ਮੱਤ ਹੈ ਕਿ ਮੌਤ ਅਸਲ ਵਿੱਚ ਅੰਤ ਨਹੀਂ ਹੈ। ਜੇਕਰ ਆਪਣੇ ਜੀਵਨ ਕਾਲ ਵਿੱਚ ਅਸੀਂ ਸ਼ੁਭ ਅਮਲ ਕੀਤੇ ਹਨ ਤਾਂ ਉਨ੍ਹਾਂ ਸ਼ੁਭ ਅਮਲਾਂ ਸਦਕਾ ਅਸੀਂ ਮੌਤ ਤੋਂ ਬਾਅਦ ਵੀ ਯੁਗਾਂ ਤੱਕ ਇਸ ਸੰਸਾਰ ਵਿੱਚ ਯਾਦ ਰੱਖੇ ਜਾਂਦੇ ਹਾਂ। ਮੌਤ ਕੇਵਲ ਸਰੀਰ ਦਾ ਅੰਤ ਕਰ ਸਕਦੀ ਹੈ, ਪਰ ਚੰਗੀ ਸੋਚ ਅਤੇ ਸ਼ੁਭ ਕਰਮਾਂ ਦਾ ਅੰਤ ਕਰਨਾ ਮੌਤ ਦੇ ਵੀ ਵੱਸ ਵਿੱਚ ਨਹੀਂ ਹੈ। ਭਲੇ ਪੁਰਖਾਂ ਨੂੰ ਸੰਸਾਰ 'ਅਮਰ' ਹੀ ਮੰਨਦਾ ਹੈ। ਇਸਦੇ ਨਾਲ ਹੀ ਮੌਤ ਸਬੰਧੀ ਇੱਕ ਦ੍ਰਿਸ਼ਟੀਕੋਣ ਇਹ ਵੀ ਹੈ ਕਿ ਜੋ ਵੀ ਸ਼ਖ਼ਸ ਇਸ ਸੰਸਾਰ ਵਿੱਚ ਜੀਵਿਤ ਹੁੰਦਾ ਹੋਇਆ ਵੀ 'ਮਰ' ਜਾਂਦਾ ਹੈ, ਓਹੀ ਪ੍ਰਭੂ-ਪਰਮੇਸ਼ਵਰ ਨੂੰ ਭਾਉਂਦਾ ਹੈ। ਇਸ 'ਜੀਵਿਤ ਮਰਨ' ਦਾ ਅਰਥ ਹੈ ਕਿ ਸੰਸਾਰ ਵਿੱਚ ਵਿਚਰਦਿਆਂ ਤੇ ਸੰਸਾਰ ਦੇ ਸਾਰੇ ਕਾਰ ਵਿਹਾਰ ਕਰਦਿਆਂ ਵੀ ਸੰਸਾਰ ਪ੍ਰਤੀ ਕਿਸੇ ਤਰ੍ਹਾਂ ਦੀ ਖਿੱਚ ਨਾ ਰੱਖਣਾ। ਸੰਸਾਰ ਦੀ ਮੋਹ ਮਾਇਆ ਤੋਂ ਨਿਰਲੇਪ ਰਹਿਣ ਵਾਲੇ ਸ਼ਖ਼ਸ ਨੂੰ ਸੰਸਾਰ ਛੱਡਣ ਵੇਲੇ ਦੁੱਖ, ਭੈਅ ਜਾਂ ਵੈਰਾਗ ਮਹਿਸੂਸ ਨਹੀਂ ਹੁੰਦਾ ਹੈ। ਉਹ ਤਾਂ ਜਿਊਂਦੇ ਜੀਅ ਹੀ ਇਸ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਚੁੱਕਾ ਹੁੰਦਾ ਹੈ। ਇਸ ਲਈ ਜੀਵਿਤ ਹੁੰਦੇ ਹੋਏ ਵੀ 'ਮ੍ਰਿਤਕ' ਵਾਂਗ ਵਿਚਰਨਾ ਹੀ ਜੀਵਨ ਦਾ ਅਸਲ ਸਾਰ ਹੈ। ਮੌਤ ਤੋਂ ਡਰਨ ਦੀ ਥਾਂ ਸ਼ੁਭ ਕਰਮ ਕਰਦਿਆਂ ਸੰਸਾਰ 'ਚ ਵਿਚਰਨਾ ਚਾਹੀਦਾ ਹੈ। ਮੌਤ ਦੀ ਹਕੀਕਤ ਨੂੰ ਸਵੀਕਾਰ ਕਰਕੇ ਜਿਊਣਾ ਹੀ ਅਸਲ ਜ਼ਿੰਦਗੀ ਹੈ ਤੇ ਇੱਕ ਸ਼ਾਂਤ, ਖ਼ੁਸ਼ਹਾਲ ਅਤੇ ਸੁਥਰੀ ਜ਼ਿੰਦਗੀ ਬਿਤਾਉਣ ਲਈ ਇਸ ਹਕੀਕਤ ਨੂੰ ਸਵੀਕਾਰਨ ਦੀ ਕੋਸ਼ਿਸ਼ ਹਰੇਕ ਸ਼ਖ਼ਸ ਨੂੰ ਕਰ ਹੀ ਲੈਣੀ ਚਾਹੀਦੀ ਹੈ!

ਤਰਜ਼-ਏ-ਜ਼ਿੰਦਗੀ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



# ਮਨੁੱਖ: ਹਕੀਕਤ ਤੋਂ ਭੱਜਦਾ, ਭਰਮ ਵਿੱਚ ਫ਼ਸਦਾ

*ਇਸ ਕਾਲਮ 'ਤਰਜ਼-ਏ-ਜ਼ਿੰਦਗੀ' ਵਿੱਚ ਲੇਖਕ ਨੇ ਕਈ ਤਲਖ਼ ਹਕੀਕਤਾਂ ਦਾ ਸ਼ੀਸ਼ਾ ਦਿਖਾਇਆ ਹੈ, ਜੋ ਸਾਡੇ ਨਾਲ ਜੁੜੀਆਂ ਹੋਈਆਂ ਹਨ ਅਤੇ ਸਾਡੇ ਇਰਦ-ਗਿਰਦ ਪਰਛਾਵੇਂ ਵਾਂਗ ਰਹਿੰਦੀਆਂ ਹਨ। ਇਹ ਕੇਹੀ ਵਿਡੰਬਨਾ ਹੈ ਕਿ ਵਕਤ ਦੇ ਹੱਥਾਂ ਵਿੱਚ ਖੇਡ ਰਿਹਾ ਮਨੁੱਖ ਵਕਤ ਨੂੰ ਹੀ ਆਪਣੀ ਗ੍ਰਿਫ਼ਤ ਵਿੱਚ ਲੈਣਾ ਚਾਹੁੰਦਾ ਹੈ; ਜਦਕਿ ਸੱਚ ਅਤੇ ਭਰਮ ਦੇ ਦੋ ਪੁੜਾਂ ਵਿੱਚ ਮਨੁੱਖ ਦੀ ਬੇਸ਼ਕੀਮਤੀ ਜ਼ਿੰਦਗੀ ਪਿਸ ਕੇ ਰਹਿ ਜਾਂਦੀ ਹੈ। ਅਸੀਂ ਭੁੱਲ ਜਾਂਦੇ ਹਾਂ ਕਿ ਮਿੱਟੀ ਦੇ ਪੁਤਲੇ ਨੇ ਮਿੱਟੀ ਵਿੱਚ ਮਿਲ ਕੇ ਹੀ ਸੁਰਖ਼ਰੂ ਹੋਣਾ ਹੈ। ਲੇਖਕ ਦੀ ਨਸੀਹਤ ਹੈ ਕਿ ਜੇਕਰ ਹੋ ਸਕੇ ਤਾਂ ਥੋੜ੍ਹਾ ਸਬਰ, ਸ਼ੁਕਰ, ਸੰਤੋਖ, ਸਹਿਜ ਅਤੇ ਸੰਜਮ ਰੱਖਣ ਦਾ ਹੁਨਰ ਸਿੱਖਣ ਦਾ ਯਤਨ ਕਰੀਏ; ਇੰਜ ਕੀਤਿਆਂ ਕੁਝ ਦੁਸ਼ਵਾਰੀਆਂ ਤਾਂ ਆਪੇ ਘਟ ਜਾਣਗੀਆਂ...*



ਰਿਸ਼ੀਵਰ ਨੇ ਆਪਣੇ ਅਨੁਯਾਈਆਂ ਨੂੰ ਪ੍ਰਵਚਨ ਕਰਦਿਆਂ ਫ਼ੁਰਮਾਇਆ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ, ਉਹ ਪਲਕ ਝਪਕਦਿਆਂ ਬੜੀ ਆਸਾਨੀ ਨਾਲ ਦਾ ਗਫ਼ਲਤ ਅਤੇ ਗਲਤਫ਼ਹਿਮੀਆਂ ਦਾ ਸ਼ਿਕਾਰ ਬਣ ਜਾਂਦਾ ਹੈ। ਕਦੇ ਉਹ ਸੱਪ ਨੂੰ ਰੱਸੀ ਤੇ ਕਦੇ ਰੱਸੀ ਨੂੰ ਸੱਪ ਸਮਝ ਲੈਂਦਾ ਹੈ। ਕਦੇ-ਕਦੇ ਉਹ ਆਪਣੀ ਕਿਸੇ ਜ਼ਿੱਦ ਨੂੰ ਪੁਗਾਉਣਾ ਹੀ ਆਪਣੀ ਮੰਜ਼ਿਲ ਸਮਝ ਲੈਂਦਾ ਹੈ ਤੇ ਕਦੇ ਉਹ ਆਪਣੀ ਮੰਜ਼ਿਲ ਦੇ ਐਨ ਕਰੀਬ ਜਾ ਕੇ ਆਪਣੀ ਮੰਜ਼ਿਲ ਦਾ ਸਿਰਨਾਵਾਂ ਹੀ ਭੁੱਲ ਜਾਂਦਾ ਹੈ। ਆਪਣੀ ਅਕਲ ਉੱਤੇ ਗੁਮਾਨ ਕਰਨ ਦਾ ਆਦੀ ਹੋ ਚੁੱਕਾ ਹਰ ਮਨੁੱਖ ਕਦੇ ਵੀ ਕਿਸੇ ਦੀ ਸਿਆਣੀ ਮੱਤ ਨੂੰ ਆਸਾਨੀ ਨਾਲ ਆਪਣੇ ਪੱਲੇ ਨਹੀਂ ਬੰਨਦਾ ਹੈ। ਇਨਸਾਨ ਦੀ ਇਹ ਫ਼ਿਤਰਤ ਹੈ ਕਿ ਉਹ ਆਪਣੇ ਚੰਚਲ ਸੁਭਾਅ ਦੇ ਅਨੁਸਾਰ ਬੜੀ ਛੇਤੀ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਾ ਹੈ।

ਆਪਣੇ ਕਿਸੇ ਮੁਫ਼ਾਦ ਦੀ ਖ਼ਾਤਰ ਜਾਂ ਫਿਰ ਆਪਣੇ ਕਿਸੇ ਹਦਫ਼ ਨੂੰ ਹਾਸਲ ਕਰਨ ਲਈ ਉਹ ਸਧਾਰਨ ਤੌਰ ਉੱਪਰ ਕੋਈ ਵੀ ਹਰਬਾ ਇਸਤੇਮਾਲ ਕਰਨ ਵਿੱਚ ਰੰਚਕ ਮਾਤਰ ਵੀ ਸੰਕੋਚ ਨਹੀਂ ਕਰਦਾ ਹੈ। ਲੋਕ ਆਪਣੀ ਛੋਟੀ ਜਿਹੀ ਹਯਾਤੀ ਦੌਰਾਨ ਦੁਨੀਆਂ ਭਰ ਦੀਆਂ ਖੁਸ਼ੀਆਂ ਨਾਲ ਆਪਣੀ ਝੋਲੀ ਨੂੰ ਭਰਨ ਦੇ ਖ਼ਾਹਿਸ਼ਮੰਦ ਹੁੰਦੇ ਹਨ, ਲੇਕਿਨ ਆਪਣੀ ਨਫ਼ਸ ਦੇ ਗ਼ੁਲਾਮ ਇਹ ਲੋਕ ਆਪਣੀ ਨਫ਼ਸ ਦੇ ਹੱਥੋਂ ਹਾਰ ਕੇ ਜਦੋਂ ਉਹ ਦੁਨੀਆਂ ਨੂੰ ਜਿੱਤਣ ਲਈ ਨਿਕਲਦੇ ਹਨ ਤਾਂ ਅੰਤ ਵਿੱਚ ਉਨ੍ਹਾਂ ਦੇ ਹੱਥ ਫਿਰ ਵੀ ਖ਼ਾਲੀ ਹੀ ਰਹਿੰਦੇ ਹਨ। ਆਪਣੇ ਹਿਰਦਿਆਂ ਵਿੱਚ ਦੂਜਿਆਂ ਦੇ ਪ੍ਰਤੀ ਗਿਲੇ ਸ਼ਿਕਵੇ ਰੱਖਣ ਵਾਲੇ ਲੋਕ ਅਕਸਰ ਆਪਣੇ ਅੰਦਰ ਦੂਸਰਿਆਂ ਪ੍ਰਤੀ ਸਮੋਈ ਨਫ਼ਰਤ ਦੇ ਬੋਝ ਹੇਠ ਇੱਕ ਦਿਨ ਖ਼ੁਦ ਆਪ ਹੀ ਦੱਬ ਜਾਂਦੇ ਹਨ। ਦੂਸਰਿਆਂ ਦੇ ਐਬ ਗਿਣਨ ਵਾਲੇ ਲੋਕ ਆਪਣੇ ਗਿਰੇਬਾਨ ਵਿੱਚ ਝਾਤ ਮਾਰਨ ਪਿੱਛੋਂ ਸ਼ਰਮਸਾਰ ਹੁੰਦੇ ਹੋਏ ਅਕਸਰ ਦਿਖਾਈ ਦਿੰਦੇ ਹਨ।

ਰਿਸ਼ੀਵਰ ਨੇ ਆਪਣੇ ਅਨੁਯਾਈਆਂ ਨੂੰ ਇਸ ਗੱਲ ਉੱਪਰ ਵੀ ਗੌਰ ਕਰਨ ਲਈ ਕਿਹਾ ਕਿ ਇਸ ਛੋਟੀ ਜਿਹੀ ਜ਼ਿੰਦਗੀ ਵਿੱਚ ਕਦੇ ਵੀ ਤੈਸ਼ ਵਿੱਚ ਆ ਕੇ ਆਪਣੇ ਕੱਦ ਤੋਂ ਵੱਡੇ ਦਾਅਵੇ ਨਾ ਕਰੋ। ਹਮੇਸ਼ਾ ਇਹ ਯਾਦ ਰੱਖੋ ਕਿ ਮਿੱਟੀ ਦੇ ਪੁਤਲੇ ਨੇ ਮਿੱਟੀ ਵਿੱਚ ਮਿਲ ਕੇ ਹੀ ਸੁਰਖ਼ਰੂ ਹੋਣਾ ਹੈ। ਜੇਕਰ ਹੋ ਸਕੇ ਤਾਂ ਥੋੜ੍ਹਾ ਸਬਰ, ਸ਼ੁਕਰ, ਸੰਤੋਖ, ਸਹਿਜ ਅਤੇ ਸੰਜਮ ਰੱਖਣ ਦਾ ਹੁਨਰ ਸਿੱਖਣ ਦਾ ਯਤਨ ਕਰੋ। ਇਹ ਸੰਸਾਰ ਆਪਣੇ ਆਪ ਵਿੱਚ ਸਭ ਤੋਂ ਵੱਡਾ ਛਲਾਵਾ ਹੈ। ਜਿਨ੍ਹਾਂ ਨੂੰ ਅਸੀਂ ਆਪਣੇ ਸਮਝਦੇ ਹਾਂ, ਉਹ ਸਾਡੇ ਨਾਲ ਮਹਿਜ਼ ਆਪਣੀਆਂ ਗਰਜ਼ਾਂ ਕਾਰਨ ਹੀ ਜੁੜੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਅਸੀਂ ਆਪਣੇ ਪ੍ਰਤੀਦਵੰਦੀ ਜਾਂ ਵਿਰੋਧੀ ਅਤੇ ਅਜਨਬੀ ਜਾਂ ਬੇਗਾਨਾ ਸਮਝਦੇ ਹਾਂ, ਉਹ ਮਹਿਜ਼ ਨਜ਼ਰੀਏ ਦੇ ਧੋਖੇ ਤੋਂ ਵਧ ਕੇ ਕੁਝ ਨਹੀਂ ਹੁੰਦੇ ਹਨ। ਜਿਨ੍ਹਾਂ ਪਰਛਾਵਿਆਂ ਪਿੱਛੇ ਅਸੀਂ ਸਾਰੀ ਉਮਰ ਭਟਕਦੇ ਹੋਏ ਗੁਜ਼ਾਰ ਦਿੰਦੇ ਹਾਂ, ਉਨ੍ਹਾਂ ਦਾ ਆਪਣਾ ਕਿਤੇ ਕੋਈ ਵਜੂਦ ਹੀ ਨਹੀਂ ਹੁੰਦਾ ਹੈ। ਜਿਹੜੀਆਂ ਖੁਸ਼ੀਆਂ ਨੂੰ ਮਾਣਨਾ ਸਾਡਾ ਖਵਾਬ ਹੁੰਦਾ ਹੈ, ਉਨ੍ਹਾਂ ਖੁਸ਼ੀਆਂ ਦੀ ਉਮਰ ਕੇਵਲ ਕੁਝ ਪਲਾਂ ਤੱਕ ਮਹਿਦੂਦ ਹੁੰਦੀ ਹੈ। ਜਿਸ ਮਿਰਗ ਤ੍ਰਿਸ਼ਨਾ ਦੇ ਅਸੀਂ ਬੁਰੀ ਤਰ੍ਹਾਂ ਸ਼ਿਕਾਰ ਹੁੰਦੇ ਹਾਂ, ਉਸ ਦੇ ਹੱਥੋਂ ਮਜਬੂਰ ਹੋ ਕੇ ਹੀ ਅਸੀਂ ਮਰਿਆਦਾਵਾਂ ਭੰਗ ਕਰਕੇ ਦਰ-ਦਰ ਉੱਪਰ ਖ਼ੁਆਰ ਹੁੰਦੇ ਹਾਂ। ਦਰਅਸਲ ਜੋ ਕੇਵਲ ਨਜ਼ਰ ਦਾ ਧੋਖਾ ਹੁੰਦਾ ਹੈ, ਉਸ ਦਿਲ ਫ਼ਰੇਬ ਖ਼ਿਆਲ ਦੀ ਖ਼ਾਤਰ ਅਸੀਂ ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਦਾ ਸਾਹਮਣਾ ਕਰਨ ਤੋਂ ਵੀ ਮੁਨਕਰ ਹੋ ਜਾਂਦੇ ਹਾਂ।

ਰਿਸ਼ੀਵਰ ਨੇ ਇਹ ਵੀ ਫ਼ੁਰਮਾਇਆ ਕਿ ਪ੍ਰਤੱਖ ਤੋਂ ਅਸੀਂ ਪ੍ਰਮਾਣ ਮੰਗਦੇ ਹਾਂ ਤੇ ਧੁੰਦਲੇ ਸ਼ੀਸ਼ੇ ਵਿੱਚੋਂ ਅਸੀਂ ਆਪਣਾ ਅਕਸ ਸਾਫ਼ ਦੇਖਣਾ ਚਾਹੁੰਦੇ ਹਾਂ। ਜੋ ਕੁਝ ਕਦੇ ਵੀ ਸਥਾਈ ਨਹੀਂ ਹੁੰਦਾ, ਉਸ ਨਾਲ ਅਸੀਂ ਮੋਹ ਰੱਖਦੇ ਹਾਂ। ਵਕਤ ਦੇ ਹੱਥਾਂ ਵਿੱਚ ਖੇਡ ਰਿਹਾ ਮਨੁੱਖ ਵਕਤ ਨੂੰ ਹੀ ਆਪਣੀ ਗ੍ਰਿਫ਼ਤ ਵਿੱਚ ਲੈਣਾ ਚਾਹੁੰਦਾ ਹੈ। ਚਿੰਤਾਵਾਂ, ਅੰਦੇਸ਼ਿਆਂ, ਉਲਝਣਾਂ, ਵਸਵਸਿਆਂ, ਦੁਚਿੱਤੀ ਅਤੇ ਦੁਬਿਧਾਵਾਂ ਨਾਲ ਜੂਝ ਰਿਹਾ ਮਨੁੱਖ, ਜਿਸ ਨੂੰ ਆਪਣੇ ਅਗਲੇ ਸਾਹਾਂ ਦਾ ਭਰੋਸਾ ਨਹੀਂ, ਉਹ ਮਨੁੱਖ ਦੁਨੀਆਂ ਦੇ ਰੰਗ-ਤਮਾਸ਼ਿਆਂ ਵਿੱਚ ਉਲਝ ਕੇ ਆਪਣੇ ਲਈ ਨਿੱਤ ਨਵੀਂ ਬਿਪਤਾਵਾਂ ਪੈਦਾ ਕਰਦਾ ਥੱਕਦਾ ਨਹੀਂ। ਗ਼ਫ਼ਲਤ ਅਤੇ ਬਦਗੁਮਾਨੀ ਦੇ ਸ਼ਿਕਾਰ ਮਨੁੱਖ ਦੀ ਸਥਿਤੀ ਬੜੀ ਹਾਸੋਹੀਣੀ ਜਿਹੀ ਜਾਪਦੀ ਹੈ, ਉਹ ਉਸ ਗੱਲ ਦਾ ਹਿਰਖ ਕਰਦਾ ਹੈ, ਜਿਸ ਉੱਤੇ ਉਸ ਦਾ ਕੋਈ ਜ਼ੋਰ ਨਹੀਂ ਹੁੰਦਾ ਹੈ। ਉਹ ਉਸ ਸੰਸਾਰ ਵਿੱਚ ਸਦਾ ਰਹਿਣਾ ਚਾਹੁੰਦਾ ਹੈ, ਜਿੱਥੇ ਕਦੇ ਕੋਈ ਸਦਾ ਟਿਕਿਆ ਹੀ ਨਹੀਂ। ਉਹ ਉਨ੍ਹਾਂ ਨਾਲ ਗਿਲਾ ਕਰਦਾ ਹੈ, ਜਿਨ੍ਹਾਂ ਨੂੰ ਉਸ ਨਾਲ ਕੋਈ ਸਰੋਕਾਰ ਹੀ ਨਹੀਂ।

ਰਿਸ਼ੀਵਰ ਨੇ ਫ਼ੁਰਮਾਇਆ ਕਿ ਮਨੁੱਖ ਦੀ ਜ਼ਿੰਦਗੀ ਕੌੜੀਆਂ ਸੱਚਾਈਆਂ ਅਤੇ ਨਿਰਮੂਲ ਭਰਮਾਂ ਦੇ ਆਲੇ-ਦੁਆਲੇ ਭ੍ਰਮਣ ਕਰਦੀ ਰਹਿੰਦੀ ਹੈ। ਮਨੁੱਖ ਕੌੜੀਆਂ ਸੱਚਾਈਆਂ ਦਾ ਸਵਾਦ ਚੱਖਣਾ ਨਹੀਂ ਚਾਹੁੰਦਾ ਹੈ ਅਤੇ ਭਰਮਾਂ ਦੀ ਦਲਦਲ ਵਿੱਚ ਧਸ ਕੇ ਵੀ ਉਸ ਦਾ ਗੁਜ਼ਾਰਾ ਨਹੀਂ। ਕਦੇ-ਕਦੇ ਉਹ ਝੂਠੇ ਭਰਮ ਸਿਰਜ ਕੇ ਆਪਣੀ ਉਮਰ ਗੁਜ਼ਾਰ ਲੈਂਦਾ ਹੈ ਅਤੇ ਕਦੇ-ਕਦੇ ਉਸ ਵੱਲੋਂ ਸਿਰਜੇ ਭਰਮ ਹੀ ਉਸ ਦੇ ਗਲ ਦਾ ਗਲਾਵਾਂ ਬਣ ਜਾਂਦੇ ਹਨ। ਦਰਅਸਲ ਮਨੁੱਖ ਨੂੰ ਵੀ ਕਦੇ ਸਹਿਜ ਸੁਭਾਅ ਅਤੇ ਭੋਲੇ ਭਾਅ ਜੀਵਨ ਗੁਜ਼ਾਰਨ ਦਾ ਵਲ ਆਇਆ ਹੀ ਨਹੀਂ। ਹਮੇਸ਼ਾ ਖ਼ੁਦ ਨੂੰ ਦੂਜਿਆਂ ਤੋਂ ਬੇਹਤਰ ਸਿਧ ਕਰਨ ਦੀ ਕੋਸ਼ਿਸ਼ ਵਿੱਚ ਉਹ ਨਿਤ ਕਿੰਨੇ ਨਿਵਾਣ ਛੂੰਹਦਾ ਹੈ, ਇਹ ਤਾਂ ਕੇਵਲ ਉਸ ਦੇ ਜ਼ਮੀਰ ਨੂੰ ਹੀ ਪਤਾ ਹੁੰਦਾ ਹੈ। ਇੱਕੋ ਹੀ ਸਮੇਂ ਕਦੇ ਉਹ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੁੰਦਾ ਹੈ ਅਤੇ ਠੀਕ ਉਸੇ ਸਮੇਂ ਉਹ ਆਪਣੇ ਪਤਨ ਵੱਲ ਵੀ ਵੱਧ ਰਿਹਾ ਹੁੰਦਾ ਹੈ।

ਇਸ ਸੰਸਾਰ ਵਿੱਚ ਮਨੁੱਖ ਆਪਣੇ ਬਾਰੇ ਇੰਨੇ ਭਰਮ-ਭੁਲੇਖੇ ਸਿਰਜ ਲੈਂਦਾ ਹੈ ਕਿ ਸੱਚ ਕੀ ਹੈ? ਇਸ ਵਲ ਉਹ ਜ਼ਰਾ ਜਿੰਨੀ ਵੀ ਤਵੱਜੋ ਨਹੀਂ ਦਿੰਦਾ ਹੈ। ਉਹ ਜ਼ਹਿਰ ਨੂੰ ਅੰਮ੍ਰਿਤ ਅਤੇ ਸ਼ਹਿਦ ਨੂੰ ਤੁੰਮਾ ਸਮਝ ਕੇ ਆਪਣੇ ਹੱਥੀਂ ਆਪਣੇ ਜੀਵਨ ਵਿੱਚ ਅਨੇਕਾਂ ਅਜ਼ਮਾਇਸ਼ਾਂ ਨੂੰ ਦਾਅਵਤ ਦਿੰਦਾ ਹੈ। ਕਾਸ਼! ਮਨੁੱਖ ਆਪਣੇ ਜ਼ਾਵੀਏ ਨੂੰ ਦਰੁਸਤ ਕਰਨ ਦਾ ਹੁਨਰ ਸਿੱਖ ਲੈਂਦਾ ਤਾਂ ਨਾ ਉਸ ਨੂੰ ਜੰਨਤ ਦੀ ਕੋਈ ਆਰਜ਼ੂ ਰਹਿੰਦੀ ਅਤੇ ਨਾ ਹੀ ਉਸ ਨੂੰ ਦੋਜ਼ਖ਼ ਦਾ ਕੋਈ ਡਰ ਸਤਾਉਂਦਾ। ਅਫ਼ਸੋਸ! ਮਨੁੱਖ ਇਸ ਸੰਸਾਰ ਦੇ ਭਰਮ ਜਾਲ ਵਿੱਚ ਫਸ ਕੇ ਆਪਣੀ ਜ਼ਿੰਦਗੀ ਦਾ ਅਸਲ ਮਕਸਦ ਅਤੇ ਹਰ ਪਲ ਨੂੰ ਜਿਊਣ ਦਾ ਸਲੀਕਾ ਵੀ ਮੁੱਢੋਂ ਹੀ ਭੁੱਲ ਗਿਆ ਹੈ। ਨਤੀਜਤਨ ਮਨੁੱਖ ਆਪਣੇ ਅੰਦਰ ਬੇਹੱਦ ਘੁਟਣ, ਪੈਰਾਂ ਵਿੱਚ ਜ਼ੰਜੀਰਾਂ ਅਤੇ ਜ਼ਿਹਨੀ ਤੌਰ ਉੱਪਰ ਬੇਅਰਾਮੀ ਮਹਿਸੂਸ ਕਰਦਾ ਹੈ।

ਸਫ਼ਲਤਾ ਅਤੇ ਸ਼ੋਹਰਤ ਹਾਸਲ ਕਰਨ ਲਈ ਮਨੁੱਖ ਦੋਹਰੇ ਮਾਪਦੰਡਾਂ ਉੱਪਰ ਆਧਾਰਿਤ ਦੋਹਰੀ ਜ਼ਿੰਦਗੀ ਜਿਊਣ ਲਈ ਤਿਲ-ਤਿਲ ਕਰਕੇ ਮਰਦਾ ਹੈ। ਜਿਹੜੇ ਖ਼ੁਸ਼ੀ ਦੇ ਪਲਾਂ ਦੀ ਉਹ ਸਾਰੀ ਉਮਰ ਉਡੀਕ ਕਰਦਾ ਹੈ, ਉਹ ਖ਼ੁਸ਼ੀ ਦੇ ਪਲ ਉਸ ਨੂੰ ਕਦੇ-ਕਦੇ ਨਸੀਬ ਵੀ ਨਹੀਂ ਹੁੰਦੇ ਅਤੇ ਜਿਹੜੀਆਂ ਅਜ਼ਮਾਇਸ਼ਾਂ ਦਾ ਖ਼ੌਫ਼ ਉਸ ਨੂੰ ਸਦਾ ਬੇਆਰਾਮ ਕਰੀ ਰੱਖਦਾ ਹੈ, ਕਈ ਵਾਰ ਹੋ ਸਕਦਾ ਹੈ ਕਿ ਉਨ੍ਹਾਂ ਅਜ਼ਮਾਇਸ਼ਾਂ ਦਾ ਉਸ ਨੂੰ ਕਦੇ ਸਾਹਮਣਾ ਵੀ ਨਾ ਕਰਨਾ ਪਵੇ। ਬਸ ਇਸੇ ਤਰ੍ਹਾਂ ਹੀ ਸੱਚ ਅਤੇ ਭਰਮ ਦੇ ਦੋ ਪੁੜਾਂ ਵਿੱਚ ਉਸ ਦੀ ਬੇਸ਼ਕੀਮਤੀ ਜ਼ਿੰਦਗੀ ਪਿਸ ਕੇ ਰਹਿ ਜਾਂਦੀ ਹੈ ਅਤੇ ਅੰਤ ਵਿੱਚ ਇਨਸਾਨ ਇਸ ਫ਼ਾਨੀ ਸੰਸਾਰ ਤੋਂ ਖ਼ਾਲੀ ਹੱਥੀਂ ਕੂਚ ਕਰ ਜਾਂਦਾ ਹੈ।

ਦਾਸਤਾਂ-ਏ-ਸਫਰ

ਨਿੰਮਾ ਡੱਲੇਵਾਲ
ਫੋਨ: 513-432-9754



# ਰਿਸ਼ਤੇ, ਰਸਤੇ ਹੁੰਦੇ ਨੇ

ਮੇਰੇ ਨਿੱਜੀ ਰੁਝੇਵਿਆਂ ਦੀ ਥਕਾਵਟ ਕਾਰਨ ਸੁੱਤੀ ਮੇਰੀ ਕਲਮ ਚਿਰਾਂ ਮਗਰੋਂ ਉਠ ਕੋਰੇ ਵਰਕਿਆਂ ਉੱਤੇ ਕੁਝ ਉਲੀਕਣ ਦੇ ਯਤਨ ਕਰ ਰਹੀ ਹੈ। ਚਾਹੇ ਜ਼ੁਬਾਨ ਤੇ ਚਾਹੇ ਕਲਮ ਹੋਵੇ, ਚੁੱਪ ਹੋਣ ਤਾਂ ਬਹੁਤ ਕੁਝ ਸੁਣ ਲੈਂਦੀਆਂ ਨੇ, ਪਰ ਜਦੋਂ ਇਨ੍ਹਾਂ ਦੀ ਚੁੱਪ ਟੁੱਟਦੀ ਹੈ ਤਾਂ ਇਹ ਆਪਣਾ ਦਰਦ ਅਤੇ ਅੰਦਰਲਾ ਜ਼ਹਿਰ ਜ਼ਰੂਰ ਉਗਲਦੀਆਂ ਹਨ। ਪਿਛਲਾ ਕੁਝ ਸਮਾਂ ਕੁਝ ਵੱਖਰੇ ਮਾਹੌਲ ਅੰਦਰ ਗੁਜ਼ਰਿਆ ਤੇ ਕਲਮ ਇੱਕ ਕੋਨੇ ਵਿੱਚ ਪਈ ਰਹੀ। ਹੁਣ ਜਦੋਂ ਕੁਝ ਦਰਦਾਂ, ਤਕਲੀਫਾਂ ਨੇ ਆਣ ਧਾਵਾ ਬੋਲਿਆ ਤਾਂ ਹੱਥ ਵਿੱਚ ਫੜ੍ਹਨ ਵਾਲੀ ਕਲਮ ਨੇ ਹੀ ਮੇਰਾ ਹੱਥ ਫੜਿਆ ਤੇ ਕਿਹਾ ਕਿ ਮੈਨੂੰ ਦੱਸ ਕਿਹੜੇ ਦੁੱਖ ਨੇ, ਮੈਂ ਲਿਖਦੀ ਹਾਂ ਅਤੇ ਵੰਡਾਵਾਂਗੀ ਵੀ ਤੇ ਲੋਕਾਂ ਵਿੱਚ ਵੰਡਾਂਗੀ ਵੀ। ਸੱਚ ਜਾਣਿਓ ਇੱਕ ਲੇਖਕ ਅਤੇ ਕਲਮ ਦਾ ਰਿਸ਼ਤਾ ਪਤੀ-ਪਤਨੀ ਦੇ ਰਿਸ਼ਤੇ ਤੋਂ ਘੱਟ ਨਹੀਂ ਹੁੰਦਾ, ਕਿਉਂਕਿ ਕਲਮ ਵੀ ਲੇਖਕ ਦੀ ਪਤੀ-ਪਤਨੀ ਵਾਂਗ ਇੱਕ ਹਮਸਫਰ ਬਣ ਜਾਂਦੀ ਹੈ ਤੇ ਹਰ ਦੁੱਖ-ਸੁੱਖ ਵੰਡਾਉਂਦੀ ਹੈ। ਇਨਸਾਨ ਤਾਂ ਆਪਣੀਆਂ ਭਾਵਨਾਵਾਂ ਬੋਲ ਕੇ ਵੀ ਬਿਆਨ ਕਰ ਸਕਦਾ ਹੈ, ਪਰ ਕਲਮ ਨੂੰ ਲਿਖ ਕੇ ਹੀ ਦੱਸਣਾ ਆਉਂਦਾ ਹੈ। ਅੱਜ ਦੇ ਰਿਸ਼ਤੇ, ਹੰਢਾਉਣ ਮਗਰੋਂ ਮਨ ਕਰਿਆ ਕੁਝ ਲਿਖਾਂ, ਤੇ ਕਲਮ ਬੋਲੀ ਤੂੰ ਬੋਲ ਮੈਂ ਲਿਖਦੀ ਹਾਂ।

ਮੇਰੀ ਸੋਚ ਅਨੁਸਾਰ ਰਿਸ਼ਤੇ, ਰਸਤੇ ਹੁੰਦੇ ਨੇ, ਜੋ ਹਰ ਰਿਸ਼ਤੇ ਵੱਲ ਜਾਂਦੇ ਨੇ ਤੇ ਜਿਹੜੇ ਰੱਬ ਨੇ ਖੁਦ ਬਣਾਏ ਨੇ; ਤੇ ਅਸੀਂ ਉਨ੍ਹਾਂ ਰਸਤਿਆਂ ਉੱਤੇ ਖੁਦਗਰਜ਼ੀ, ਰੰਜਸ਼ ਤੇ ਨਫ਼ਰਤ ਵਰਗੇ ਕਈ ਹੋਰ ਵੀ ਕਿਸਮ ਦੇ ਕੰਡੇ ਖਿਲਾਰ ਦਿੱਤੇ, ਜੋ ਰਿਸ਼ਤਿਆਂ ਅੰਦਰ ਦੂਰੀਆਂ ਬਣੀਆਂ ਰਹਿਣ ਲਈ ਆਪਣੀ ਖਾਸ ਭੂਮਿਕਾ ਨਿਭਾਉਂਦੇ ਨੇ। ਕੰਡਿਆਂ ਉਪਰ ਤੁਰ ਕੇ ਕੌਣ ਕਿਹਨੂੰ ਗਲਵੱਕੜੀ ਪਾਉਂਦਾ? ਪਰ ਜੇ ਰਿਸ਼ਤੇ ਵਾਲੇ ਰਸਤੇ ਸਾਫ ਰੱਖੀਏ ਤਾਂ ਨੰਗੇ ਪੈਰੀਂ ਚੱਲ ਕੇ ਵੀ ਦੂਰ ਦੀਆਂ ਮੰਜ਼ਿਲਾਂ ਹਾਸਿਲ ਕਰ ਸਕਦੇ ਹਾਂ।

ਦੋ ਢਾਈ ਦਹਾਕੇ ਪਿੱਛੇ ਝਾਤ ਮਾਰੀਏ ਤਾਂ ਰਿਸ਼ਤਿਆਂ ਦੀ ਬਨਾਵਟੀ ਤਸਵੀਰ ਅਤੇ ਸਵਾਦ ਬਹੁਤ ਵੱਖਰਾ ਨਜ਼ਰ ਆਉਂਦਾ ਹੈ, ਜਿਨ੍ਹਾਂ ਵਿੱਚ ਅੱਜ ਦੇ ਮੁਕਾਬਲੇ ਮਿਠਾਸ ਤੇ ਖੁਸ਼ਬੋ ਬਹੁਤ ਰੱਜਵੀਂ ਸੀ। ਜਿਵੇਂ ਜਿਵੇਂ ਲੋਕਾਂ ਕੋਲ ਪੈਸਾ ਆਉਂਦਾ ਗਿਆ ਤੇ ਰਿਸ਼ਤਿਆਂ ਵਿੱਚੋਂ ਮਿਠਾਸ ਜਾਂਦੀ ਗਈ। ਖੁਸ਼ਬੋ ਤਾਂ ਸਿਰਫ ਕਾਗਜ਼ੀ ਫੁੱਲਾਂ ਵਾਲੀ ਰਹਿ ਗਈ। ਲੋਕਾਂ ਦੇ ਸੁਭਾਅ ਅਤੇ ਸੋਚਾਂ ਵਿੱਚ ਇੰਨਾ ਅੰਤਰ ਆ ਗਿਆ ਕਿ ਪਹਿਲਾਂ ਹਰ ਇੱਕ ਦੇ ਦੁੱਖ ਦਾ ਦੁੱਖ ਹੁੰਦਾ ਸੀ ਤੇ ਹਰੇਕ ਦੀ ਖੁਸ਼ੀ ਦੀ ਖੁਸ਼ੀ ਹੁੰਦੀ ਸੀ; ਪਰ ਹੁਣ ਅਸੀਂ ਐਸੇ ਹੋ ਗਏ ਹਾਂ ਕਿ ਸਾਨੂੰ ਕਿਸੇ ਨੂੰ ਦੁਖੀ ਦੇਖ ਖੁਸ਼ੀ ਹੁੰਦੀ ਹੈ ਤੇ ਸੁਖੀ ਵੇਖ ਕੇ ਅਸੀਂ ਦੁਖੀ ਹੁੰਦੇ ਹਾਂ। ਪਹਿਲਾਂ ਰਿਸ਼ਤਿਆਂ ਵਾਲੀ ਜਿਹੜੀ ਗਠੜੀ ਹਰੇਕ ਦੇ ਮੋਢਿਆਂ ਉੱਤੇ ਹੁੰਦੀ ਸੀ, ਅੱਜ ਉਸ ਦੀ ਥਾਂ ਪੈਰਾਂ ਵਿੱਚ ਆ ਗਈ। ਅੱਜ ਐਸਾ ਕੋਈ ਵੀ ਇਨਸਾਨ ਨਹੀਂ, ਜਿਸ ਨੂੰ ਕਿਸੇ ਨਾ ਕਿਸੇ ਰਿਸ਼ਤੇ ਦੇ ਨਾਗ ਨੇ ਨਾ ਡੰਗਿਆ ਹੋਵੇ। ਜਿਹੜਾ ਪੈਸਾ ਰਿਸ਼ਤਿਆਂ ਵਿੱਚ ਮਦਦ ਅਖਵਾਉਂਦਾ ਸੀ ਤੇ ਉਹੀ ਦਿੱਤਿਆਂ ਪੈਸਾ ਮੰਗਣ ਉੱਤੇ ਦੁਸ਼ਮਣੀ ਪੈਦਾ ਕਰਦਾ ਹੈ। ਹਰੇਕ ਰੱਜਿਆ-ਪੁੱਜਿਆ ਰਿਸ਼ਤੇਦਾਰ ਆਪਣੇ ਦੱਬੇ ਹੋਏ ਰਿਸ਼ਤੇਦਾਰ ਨੂੰ ਮਦਦ ਕਰ ਕੇ ਉਪਰ ਚੁੱਕਣ ਦੀ ਕੋਸ਼ਿਸ਼ ਕਰਦਾ ਹੁੰਦਾ ਸੀ ਤੇ ਹੁਣ ਸਾਰੇ ਉਠਿਆਂ ਹੋਇਆਂ ਨੂੰ ਲੱਤੋਂ ਫੜ੍ਹ ਕੇ ਸੁੱਟਣ 'ਤੇ ਲੱਗੇ ਹੋਏ ਨੇ। ਸਾਡੇ ਵਡੇਰੇ ਪੈਸੇ ਪੱਖੋਂ ਗਰੀਬ ਹੋਣਗੇ, ਪਰ ਦਿਲਾਂ ਦੇ ਬਹੁਤ ਅਮੀਰ ਸਨ ਤੇ ਅਸੀਂ ਪੈਸੇ ਵਾਲੀ ਅਮੀਰੀ ਤਾਂ ਸ਼ਾਇਦ ਖੱਟ ਲਈ, ਪਰ ਸੋਚ ਅਤੇ ਦਿਲੋਂ ਗਰੀਬ ਜ਼ਰੂਰ ਹੋ ਗਏ ਹਾਂ। ਅਸੀਂ ਰਿਸ਼ਤਿਆਂ ਨੂੰ ਵਰਤਣ ਲੱਗ ਪਏ ਹਾਂ ਤੇ ਨਿਭਾਉਣਾ ਭੁੱਲ ਗਏ ਹਾਂ।

ਰਿਸ਼ਤੇ ਵਰਤਣ ਲਈ ਨਹੀਂ,
ਨਿਭਾਉਣ ਲਈ ਹੁੰਦੇ ਨੇ।
ਕੁਝ ਦਿਨਾਂ ਲਈ ਨਹੀਂ,
ਉਮਰਾਂ ਹੰਢਾਉਣ ਲਈ ਹੁੰਦੇ ਨੇ।
ਜਿਵੇਂ ਬੋਲ ਬੋਲਣ ਲਈ ਨਹੀਂ,
ਪੁਗਾਉਣ ਲਈ ਹੁੰਦੇ ਨੇ।
ਆਪਣੇ ਦੁੱਖ ਦੇਣ ਲਈ ਨਹੀਂ,
ਵੰਡਾਉਣ ਲਈ ਹੁੰਦੇ ਨੇ।
ਪਰ ਇਹ ਰਿਸ਼ਤੇ ਦੁਨੀਆਂ ਉੱਤੇ,
ਕਮਾਉਣ ਲਈ ਹੁੰਦੇ ਨੇ।

ਇਸ ਨਵੇਂ ਯੁੱਗ ਦੀ ਤੋਰ ਤੁਰ ਕੇ ਰਿਸ਼ਤਿਆਂ ਦੀ ਸੁੱਚਮ, ਪਵਿੱਤਰਤਾ ਅਤੇ ਅਹਿਮੀਅਤ ਨੂੰ ਅਸੀਂ ਆਪਣੇ ਹੱਥੀਂ ਚੁੱਲ੍ਹੇ ਝੋਕਿਆ ਹੈ ਤੇ ਦੋਸ਼ ਇੱਕ-ਦੂਜੇ ਨੂੰ; ਜਦਕਿ ਜ਼ਿੰਮਵਾਰ ਸਾਰੇ ਹੀ ਨੇ। ਰਿਸ਼ਤਿਆਂ ਦੀਆਂ ਬੁੱਕਲਾਂ ਵਿੱਚ ਸੱਪ ਪਲ਼ ਰਹੇ ਨੇ ਤੇ ਸਮਾਂ ਆਉਣ 'ਤੇ ਡੰਗਦੇ ਵੀ ਨੇ। ਜਿਹੜਾ ਜ਼ਹਿਰ ਸੱਪਾਂ ਵਿੱਚ ਹੁੰਦਾ ਹੈ, ਉਹੀ ਇਨਸਾਨਾਂ ਵਿੱਚ ਹੈ। ਬੇਸ਼ੱਕ ਅਸੀਂ ਕਾਮਯਾਬੀਆਂ ਵਾਲੀਆਂ ਪੌੜੀਆਂ ਦੇ ਕਈ ਪੌਡੇ ਚੜ੍ਹ ਗਏ ਹਾਂ, ਪਰ ਰਿਸ਼ਤੇ ਨਿਭਾਉਣ ਵਾਲੀ ਪੌੜੀ ਚੜ੍ਹਨਾ ਹੀ ਭੁੱਲ ਗਏ। ਪੈਸਿਆਂ ਨਾਲ ਜੇਬਾਂ ਭਰ ਲਈਆਂ, ਪਰ ਰਿਸ਼ਤਿਆਂ ਵਾਲੇ ਖੀਸੇ ਖਾਲੀ ਕਰ ਲਏ। ਆਪਣੇ ਗਵਾ ਕੇ ਖੱਟਿਆ ਬਹੁਤਾ ਕੀਮਤੀ ਨਹੀਂ ਹੁੰਦਾ, ਪਰ ਆਪਣਿਆਂ ਨੂੰ ਪੱਲੇ ਰੱਖਣਾ ਜ਼ਰੂਰ ਵਡਮੁੱਲਾ ਹੁੰਦਾ ਹੈ। ਪਹਿਲਾਂ ਘਰ ਵਿੱਚ ਲੱਗੀ ਅੱਗ 'ਤੇ ਰਿਸ਼ਤੇ ਪਾਣੀ ਪਾਇਆ ਕਰਦੇ ਸਨ, ਤੇ ਹੁਣ ਤਾਂ ਅੱਗ ਹੀ ਆਪ ਲਾਉਂਦੇ ਨੇ ਤੇ ਉਤੋਂ ਤੇਲ ਵੱਖਰਾ ਪਾਉਂਦੇ ਨੇ। ਸੰਸਕਾਰ ਅਤੇ ਸਤਿਕਾਰ ਦਾ ਪਤਨ ਵੀ ਰਿਸ਼ਤਿਆਂ ਦੀ ਗਿਰਾਵਟ ਦਾ ਕਾਰਨ ਹੈ। ਕੋਈ ਇੱਜ਼ਤ ਕਰੇ, ਉਮੀਦ ਰੱਖਦੇ ਹਾਂ; ਜੇ ਇੱਜ਼ਤ ਦੇਣੀ ਪਵੇ ਤਾਂ ਛੋਟਾ ਮਹਿਸੂਸ ਕਰਦੇ ਹਾਂ। ਖਬਰੇ ਅਸੀਂ ਕਿਹੜੀ ਦੁਨੀਆਂ ਜਿੱਤਣੀ ਏ, ਉਮਰਾਂ ਤੱਕ ਨਿਭਾਉਣ ਵਾਲੇ ਰਿਸ਼ਤੇ ਦਿਨਾਂ ਵਿੱਚ ਜੋੜ ਕੇ ਮਹੀਨਿਆਂ ਬਾਅਦ ਹੀ ਤੋੜਨ ਤੱਕ ਪਹੁੰਚ ਜਾਂਦੇ ਨੇ। ਹਰੇਕ ਰਿਸ਼ਤਾ ਟਾਹਣੀ ਨਾਲ ਲੱਗੇ ਫੁੱਲ ਵਰਗਾ ਹੁੰਦਾ ਹੈ, ਤੇ ਟੁੱਟਣ ਨਾਲ ਉਮਰਾਂ ਖਤਮ ਹੋ ਜਾਂਦੀਆਂ ਨੇ- ਭਾਵੇਂ ਰਿਸ਼ਤਾ ਹੋਵੇ, ਭਾਵੇਂ ਫੁੱਲ। ਪੈਸੇ ਦੇ ਵੱਟਿਆਂ ਬਰਾਬਰ ਮੋਹ ਦਿਆਂ ਫੁੱਲਾਂ ਨੂੰ ਤੋਲਣ ਲੱਗ ਪਏ ਹਾਂ, ਪਰ ਕੀਮਤਾਂ ਨਹੀਂ ਜਾਣ ਰਹੇ। ਲੋਹਾ ਭਾਵੇਂ ਨੱਬੇ ਕਿੱਲੋ ਹੋਵੇ, ਪਰ ਸੋਨਾ ਨੌਂ ਗਰਾਮ ਵੀ ਵੱਧ ਕੀਮਤੀ ਹੁੰਦੈ।

ਜੇ ਰਿਸ਼ਤੇ ਨਹੀਂ ਤਾਂ ਰਸਤੇ ਨਹੀਂ, ਰਸਤੇ ਨਹੀਂ ਤਾਂ ਮੰਜ਼ਿਲਾਂ ਨਹੀਂ; ਮੰਜ਼ਿਲਾਂ ਨਹੀਂ ਤਾਂ ਖੁਸ਼ੀਆਂ ਨਹੀਂ ਤੇ ਜੇ ਖੁਸ਼ੀਆਂ ਨਹੀਂ ਤਾਂ ਸਮਝੋ ਜ਼ਿੰਦਗੀ ਵੀ ਜ਼ਿੰਦਗੀ ਨਹੀਂ। ਜੇ ਜ਼ਿੰਦਗੀ ਦੇ ਵਿਹੜੇ ਮਹਿਕਾਂ ਮੰਗਦੇ ਹੋ ਤਾਂ ਰਿਸ਼ਤਿਆਂ ਨੂੰ ਮੋਹ-ਮੁਹੱਬਤ ਵਾਲਾ ਪਾਣੀ ਪਾ ਕੇ ਫੁੱਲਾਂ ਵਾਂਗੂੰ ਪਾਲੋ। ਕਮਾਏ ਹੋਏ ਰਿਸ਼ਤੇ ਪੈਸੇ ਨਾਲੋਂ ਘੱਟ ਨਹੀਂ ਹੁੰਦੇ ਤੇ ਸਾਂਭ ਕੇ ਰੱਖੇ ਹੋਏ ਰਿਸ਼ਤੇ ਬੈਂਕਾਂ ਵਿੱਚ ਪਏ ਪੈਸੇ ਵਾਂਗ ਹੀ ਹੁੰਦੇ ਨੇ; ਤੇ ਲੋੜ ਪੈਣ 'ਤੇ ਕੰਮ ਵੀ ਆਉਂਦੇ ਨੇ। ਹਰ ਕੋਈ ਵੱਡਾ ਬਣਨਾ ਚਾਹੁੰਦਾ ਹੈ, ਪਰ ਆਪਣਿਆਂ ਬਿਨਾ ਕਦੇ ਕੋਈ ਵੱਡਾ ਨਹੀਂ ਬਣ ਸਕਦਾ। ਜ਼ਿੰਦਗੀ ਇੱਕ ਅਜਿਹਾ ਸਫਰ ਹੈ, ਜੋ ਇਕੱਲਿਆਂ ਤੈਅ ਕਰਨਾ ਬੜਾ ਮੁਸ਼ਕਿਲ ਹੈ, ਪਰ ਜੇ ਰਿਸ਼ਤਿਆਂ ਨੂੰ ਨਾਲ ਲੈ ਕੇ ਤੁਰਾਂਗੇ ਤਾਂ ਸਫਰ ਸੁਖਾਵਾਂ ਬਣ ਸਕਦਾ ਹੈ। ਅਗਰ ਕੋਈ ਅਕਲੋਂ ਕੱਚਾ ਰੁੱਸ ਕੇ ਜਾਂਦਾ ਹੈ ਤਾਂ ਆਪਣੀ ਅਕਲ ਵਰਤ ਕੇ ਬਾਹੋਂ ਫੜ ਕੇ ਰੋਕ ਲਵੋ। ਹਰੇਕ ਰਿਸ਼ਤੇ ਦਾ ਆਪਣਾ ਇੱਕ ਵਜੂਦ ਹੁੰਦਾ ਹੈ ਤੇ ਉਸ ਨੂੰ ਉਸ ਦੀ ਬਣਦੀ ਇੱਜ਼ਤ ਦਿਓ ਤੇ ਫਿਰ ਉਸ ਦਾ ਵੀ ਫਰਜ਼ ਬਣ ਜਾਂਦਾ ਹੈ ਤੁਹਾਨੂੰ ਦੁੱਗਣੀ ਕਰ ਕੇ ਮੋੜੇ। ਲਹੂ ਵਿੱਚ ਪਾਣੀ ਪੈ ਗਏ, ਫਿਰ ਵੀ ਡਾਕਟਰ ਆਖਦੇ ਨੇ ਕਿ ਖੂਨ ਗਾੜ੍ਹਾ ਹੈ। ਖੂਨ ਚਿੱਟੇ ਨਾ ਬਣਾਓ ਤੇ ਦਿਲ ਕਾਲੇ ਨਾ ਕਰੋ। ਮਿੱਠਾ ਖਾ ਖਾ ਸ਼ੂਗਰਾਂ ਕਰ ਲਈਆਂ ਤੇ ਮਨ ਵਿੱਚ ਫਿਰ ਵੀ ਜ਼ਹਿਰਾਂ ਭਰੀਆਂ ਨੇ। ਦਿਲ ਵਿਚਲੀ ਖੋਟ ਹੀ ਰਿਸ਼ਤੇ ਖੋਟੇ ਕਰਦੀ ਹੈ ਤੇ ਫਿਰ ਕਈ ਵਾਰੀ ਖੋਟੇ ਹੀ ਕੰਮ ਆ ਜਾਇਆ ਕਰਦੇ ਨੇ; ਯਕੀਨਨ ਕੰਮ ਆਉਣ ਵਾਲੇ ਖੋਟੇ ਨਹੀਂ ਹੁੰਦੇ। ਮਨ ਦੀ ਮੈਲ਼ ਧੋ ਲਵੋ, ਜਿਉਣਾ ਸਿੱਖ ਜਾਵੋਗੇ। ਰਿਸ਼ਤਿਆਂ ਵਿੱਚੋਂ ਸੁੱਚਮ ਅਤੇ ਸੱਚਾਈ ਨਾ ਜਾਣ ਦਿਓ, ਵਿਸ਼ਵਾਸ ਆਪਣੇ ਆਪ ਲੋਹੇ ਵਰਗਾ ਬਣ ਜਾਵੇਗਾ। ਜੇ ਰਿਸ਼ਤੇ ਲੋਹੇ ਵਰਗੇ ਬਣ ਗਏ ਤਾਂ ਟੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਵਹਿਮ ਅਤੇ ਸ਼ੱਕ ਨੂੰ ਭਰੋਸੇ ਦੇ ਨੇੜੇ ਨਾ ਆਉਣ ਦਿਓ, ਖੁਸ਼ੀਆਂ ਦੇ ਖੇਤੇ ਤੇ ਚਾਅਵਾਂ ਦੇ ਵਿਹੜੇ ਹਮੇਸ਼ਾ ਹੀ ਵੱਸਦੇ ਰਹਿਣਗੇ। ਜ਼ਿੰਦਗੀ ਦੇ ਵਿਹੜੇ ਹਰੇਕ ਰੁੱਤ ਦਾ ਫੁੱਲ ਖਿੜੇਗਾ, ਬੱਸ ਦਿਲ ਦਿਆਂ ਖੇਤਾਂ ਵਿੱਚ ਰੂਹ ਨਾਲ ਖੇਤੀ ਕਰਨੀ ਸਿੱਖ ਲਵੋ ਤੇ ਬਾਕੀ ਸਭ ਰੱਬ 'ਤੇ ਛੱਡ ਦਿਓ। **ਰੱਬ ਰਾਖਾ!**

# ਔਰਤਾਂ ਦੇ ਸੁੰਦਰਤਾ ਮੁਕਾਬਲੇ ਬਨਾਮ ਸ਼ਸਕਤੀਕਰਨ

ਜਾਣਕਾਰੀ

**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀ.ਸੀ.ਐਸ. ਅਧਿਕਾਰੀ**
**ਫੋਨ:91-9876502607**



***ਮਿਸ ਵਰਲਡ ਔਰਗੇਨਾਈਜੇਸ਼ਨ ਮਿਸ ਵਰਲਡ ਦੀ ਮਾਲਕੀ ਤੇ ਪ੍ਰਬੰਧਨ ਕਰਦੀ ਹੈ ਅਤੇ ਬੱਚਿਆਂ ਦੀ ਚੈਰੇਟੀ ਲਈ 1951 ਤੋਂ ਲੈ ਕੇ ਹੁਣ ਤੱਕ 1 ਬਿਲੀਅਨ ਪਾਊਂਡ ਤੋਂ ਵੱਧ ਰਾਸ਼ੀ ਇਕੱਠੀ ਕੀਤੀ ਹੈ, ਜਿਸ ਰਾਹੀਂ ਦੁਨੀਆਂ ਦੇ ਅਪਾਹਜ ਅਤੇ ਗਰੀਬ ਬੱਚਿਆਂ ਦੀ ਮਦਦ ਕੀਤੀ ਜਾਂਦੀ ਹੈ।**


***ਪਿਛਲੇ ਕੁਝ ਸਾਲਾਂ ਵਿੱਚ ਇਨ੍ਹਾਂ ਮੁਕਾਬਲਿਆਂ ਨੇ ਸਰੀਰਿਕ ਸੁੰਦਰਤਾ ਤੋਂ ਇਲਾਵਾ ਬੁੱਧੀ, ਸਮਾਜਿਕ ਜਾਗਰੂਕਤਾ ਤੇ ਪ੍ਰਤਿਭਾ 'ਤੇ ਵੀ ਜ਼ੋਰ ਦੇਣਾ ਸ਼ੁਰੂ ਕੀਤਾ ਹੈ।**

**ਭਾਰਤ ਵਿੱਚ ਹੋਏ ਮਿਸ ਵਰਲਡ 2025 ਨੇ ਭਾਰਤੀ ਸੰਸਕ੍ਰਿਤੀ ਅਤੇ ਤੇਲੰਗਾਨਾ ਦੀ ਵਿਰਾਸਤ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਹੈ**

ਮਿਸ ਵਰਲਡ: ਸੰਸਾਰ ਸੁਆਣੀ ਸੁਹੱਪਣ ਮੁਕਾਬਲਾ ਜਾਂ ਅੰਤਰਰਾਸ਼ਟਰੀ ਔਰਤ ਸੁੰਦਰਤਾ ਮੁਕਾਬਲਾ ਹਰੇਕ ਸਾਲ ਕਿਸੇ ਨਾ ਕਿਸੇ ਦੇਸ਼ ਵਿੱਚ ਕਰਵਾਇਆ ਜਾਂਦਾ ਹੈ। ਇਸਨੂੰ ਸਾਲ 1951 ਵਿੱਚ ਏਰਿਕ ਮੋਰਲੇ ਵੱਲੋਂ ਯੂਨਾਈਟਿਡ ਕਿੰਗਡਮ ਵਿੱਚ ਮਿਸ ਵਰਲਡ ਔਰਗੇਨਾਈਜ਼ੇਸ਼ਨ ਦੇ ਨਾਮ ਨਾਲ ਸ਼ੁਰੂ ਕੀਤਾ ਗਿਆ; ਇਸ ਨਾਲ ਬਾਅਦ ਵਿੱਚ ਭਾਗੀਦਾਰ ਸੰਸਥਾਵਾਂ ਜੁੜਦੀਆਂ ਰਹੀਆਂ। ਸਾਲ 2000 ਵਿੱਚ ਏਰਿਕ ਮੋਰਲੇ ਦੀ ਮੌਤ ਤੋਂ ਬਾਅਦ ਉਸਦੀ ਵਿਧਵਾ ਜੂਲੀਆ ਮੋਰਲੇ ਇਸ ਮੁਕਾਬਲੇ ਦੀ ਚੇਅਰਪਰਸਨ ਬਣ ਗਈ। ਮਿਸ ਵਰਲਡ ਦੇ ਨਾਲ-ਨਾਲ ਮਿਸ ਯੂਨੀਵਰਸ, ਮਿਸ ਇੰਟਰਨੈਸ਼ਨਲ ਅਤੇ ਮਿਸ ਅਰਥ ਤੇ ਵਾਤਾਵਰਨ ਔਰਤਾਂ ਦੇ ਚਾਰ ਵੱਡੇ ਸੁੰਦਰਤਾ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆ ਵਿੱਚ ਹਿੱਸਾ ਲੈਣ ਲਈ ਪ੍ਰਤੀਯੋਗੀ ਔਰਤਾਂ ਨੂੰ ਆਪਣੇ-ਆਪਣੇ ਦੇਸ਼ ਵਿੱਚ ਹੋਣ ਵਾਲੇ ਸੁੰਦਰਤਾ ਮੁਕਾਬਲਿਆ ਦੇ ਸੰਘਰਸ਼ ਵਿੱਚੋਂ ਗੁਜਰਨਾ ਪੈਂਦਾ ਹੈ ਤੇ ਕਈ ਵਾਰੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਹੈ। ਸਾਲ 1951 ਵਿੱਚ ਏਰਿਕ ਮੋਰਲੇ ਵੱਲੋਂ ਫੈਸਟੀਵਲ ਆਫ਼ ਬ੍ਰਿਟੇਨ ਦੇ ਜਸ਼ਨਾਂ ਵਜੋਂ ਇੱਕ ਬਿਕਨੀ ਮੁਕਾਬਲਾ ਆਯੋਜਿਤ ਕੀਤਾ ਗਿਆ, ਜਿਸਨੂੰ ਫੈਸਟੀਵਲ ਬਿਕਨੀ ਮੁਕਾਬਲਾ ਕਿਹਾ ਗਿਆ; ਪਰ ਇਸਨੂੰ ਪ੍ਰੈਸ ਵਿੱਚ ਮਿਸ ਵਰਡਲ ਮੁਕਾਬਲੇ ਦਾ ਨਾਂ ਦਿੱਤਾ ਗਿਆ ਤੇ ਇਹ ਸਵਿਮਸੂਟ ਮੁਕਾਬਲਾ ਬਿਕਨੀ ਲਈ ਇੱਕ ਪ੍ਰਚਾਰ ਵਜੋਂ ਬਣਾਇਆ ਗਿਆ। ਇਸ ਮੁਕਾਬਲੇ ਦੀ ਜੇਤੂ ਮਿਸ ਵਰਲਡ ਸਵੀਡਨ ਦੀ ਸੁੰਦਰੀ ਕ੍ਰਿਸਟਨ ਕਿੱਕੀ ਹਾਕਾਨਸਨ ਨੂੰ ਬਿਕਨੀ 'ਚ ਤਾਜ਼ ਪਹਿਨਾਇਆ ਗਿਆ। ਇਹ ਮੁਕਾਬਲਾ ਬਿਕਨੀ ਪਹਿਨਣ ਕਾਰਨ ਵਿਵਾਦਿਤ ਬਣ ਗਿਆ। ਪੋਪ ਵੱਲੋਂ ਬਿਕਨੀ ਦੀ ਨਿੰਦਾ ਕੀਤੀ ਗਈ।

ਮੁਕਾਬਲੇ ਨੂੰ ਮੂਲ ਰੂਪ ਵਿੱਚ ਬ੍ਰਿਟੇਨ ਦੇ ਤਿਉਹਾਰ ਲਈ ਯੋਜਨਾਬੰਦ ਕੀਤਾ ਗਿਆ, ਪਰ ਮੋਰਲੇ ਨੇ ਮਿਸ ਵਰਲਡ ਮੁਕਾਬਲੇ ਨੂੰ ਸਾਲਾਨਾ ਬਣਾਉਣ ਦਾ ਫੈਸਲਾ ਕੀਤਾ ਅਤੇ 'ਮਿਸ ਵਰਲਡ' ਨਾਮ ਨੂੰ ਟਰੇਡਮਾਰਕ ਕਰਵਾਇਆ ਗਿਆ। ਇਸ ਟਰੇਡਮਾਰਕ ਅਧੀਨ ਹੀ ਮਿਸ ਵਰਲਡ ਮੁਕਾਬਲੇ ਅਯੋਜਿਤ ਹੋ ਰਹੇ ਹਨ, ਜਿਸ ਵਿੱਚ ਬਿਕਨੀ ਦੀ ਥਾਂ 'ਤੇ ਵਧੇਰੇ ਸਾਦੇ ਤੈਰਾਕੀ ਪਹਿਰਾਵੇ ਨੂੰ ਅਪਣਾਇਆ ਗਿਆ ਹੈ। 1976 ਤੋਂ ਮਿਸ ਵਰਲਡ ਜੇਤੂ ਨੂੰ ਤਾਜ ਪਹਿਨਾਉਣ ਲਈ ਸ਼ਾਮ ਦੇ ਗਾਊਨ ਦੀ ਥਾਂ, ਨਾਲ ਸਵਿਮ ਸੂਟ ਪਾਏ ਜਾਣ ਲੱਗੇ। ਹਾਕਾਨਸਨ ਬਿਕਨੀ ਵਿੱਚ ਤਾਜ ਪਹਿਨਣ ਵਾਲੀ ਪਹਿਲੀ ਇਕਲੌਤੀ ਮਿਸ ਵਰਲਡ ਬਣੀ। ਮਿਸ ਵਰਲਡ 2013 ਵਿੱਚ ਭਾਗੀਦਾਰਾਂ ਨੇ ਸਥਾਨਕ ਸੱਭਿਆਚਾਰ ਨਾਲ ਸਮਝੌਤਾ ਕਰਦੇ ਹੋਏ ਇੱਕ-ਪੀਸ ਸਵਿਮਸੂਟ ਅਤੇ ਕਮਰ ਦੇ ਹੇਠਾਂ ਇੱਕ ਰਵਾਇਤੀ ਸਾਰੋਂਗ ਪਹਿਨਿਆ। 1959 ਵਿੱਚ ਬੀ.ਬੀ.ਸੀ. ਨੇ ਇਸ ਮੁਕਾਬਲੇ ਦਾ ਪ੍ਰਸਾਰਣ ਸ਼ੁਰੂ ਕੀਤਾ। ਟੈਲੀਵਿਜ਼ਨ ਦੇ ਆਉਣ ਨਾਲ ਇਸ ਮੁਕਾਬਲੇ ਦੀ ਪ੍ਰਸਿੱਧੀ ਵਧੀ। 1960 ਅਤੇ 1970 ਦੇ ਦਹਾਕੇ ਦੌਰਾਨ ਮਿਸ ਵਰਲਡ ਬ੍ਰਿਟਿਸ਼ ਟੈਲੀਵਿਜ਼ਨ 'ਤੇ ਸਾਲ ਦੇ ਸਭ ਤੋਂ ਵੱਧ ਵੇਖੇ ਜਾਣ ਵਾਲੇ ਪ੍ਰੋਗਰਾਮ ਵਿੱਚੋਂ ਇੱਕ ਸੀ। 1980 ਦੇ ਦਹਾਕੇ ਵਿੱਚ 18 ਤੋਂ ਵੱਧ ਮਿਲੀਅਨ ਲੋਕਾਂ ਨੇ ਇਸ ਮੁਕਾਬਲੇ ਨੂੰ ਵੇਖਿਆ। ਇਸ ਦਹਾਕੇ ਦੌਰਾਨ ਇਸ ਮੁਕਾਬਲੇ ਨੂੰ 'ਬਿਊਟੀ ਵਿੱਦ ਏ ਪਰਪਜ਼' ਜਾਂ 'ਸੰਦਰਤਾ ਇੱਕ ਲਕਸ਼' ਨਾਂ ਦੇ ਨਾਹਰੇ ਨਾਲ ਮੁਕਾਬਲੇ ਨੂੰ ਦੁਬਾਰਾ ਸਥਾਪਤ ਕਰਦੇ ਹੋਏ ਇਸ ਮੁਕਾਬਲੇ ਵਿੱਚ ਬੁੱਧੀ ਅਤੇ ਸ਼ਖਸੀਅਤ ਦੇ ਵਾਧੂ ਟੈਸਟ ਵੀ ਸ਼ਾਮਲ ਕੀਤੇ ਗਏ। 'ਮਿਸ ਵਰਲਡ ਔਰਗੇਨਾਈਜੇਸ਼ਨ' ਮਿਸ ਵਰਲਡ ਦੀ ਮਾਲਕੀ ਤੇ ਪ੍ਰਬੰਧਨ ਕਰਦੀ ਹੈ ਅਤੇ ਬੱਚਿਆਂ ਦੀ ਚੈਰੇਟੀ ਲਈ 1951 ਤੋਂ ਲੈ ਕੇ ਹੁਣ ਤੱਕ 1 ਬਿਲੀਅਨ ਪਾਊਂਡ ਤੋਂ ਵੱਧ ਰਾਸ਼ੀ ਇਕੱਠੀ ਕੀਤੀ ਹੈ, ਜਿਸ ਰਾਹੀਂ ਦੁਨੀਆਂ ਦੇ ਅਪਾਹਜ ਅਤੇ ਗਰੀਬ ਬੱਚਿਆਂ ਦੀ ਮਦਦ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਮਿਸ ਵਰਲਡ ਮੁਕਾਬਲਾ 29





**ਏਰਿਕ ਮੋਰਲੇ ਅਤੇ ਜੂਲੀਆ ਮੋਰਲੇ, ਤੇ (ਸੱਜੇ) ਮਿਸ ਵਰਲਡ ਦਾ ਪ੍ਰਤੀਕ**

ਜੁਲਾਈ 1951 ਵਿੱਚ ਸ਼ੁਰੂ ਕੀਤਾ ਗਿਆ। ਮਿਸ ਯੂਨੀਵਰਸ 28 ਜੂਨ 1952 ਨੂੰ; ਮਿਸ ਇੰਟਰਨੈਸ਼ਨਲ 12 ਅਗਸਤ 1960 ਨੂੰ ਅਤੇ ਮਿਸ ਅਰਥ 3 ਅਪਰੈਲ 2001 ਨੂੰ ਸ਼ੁਰੂ ਕੀਤਾ ਗਿਆ। ਮਿਸ ਵਰਲਡ ਦਾ ਆਯੋਜਨ ਮਿਸ ਵਰਲਡ ਲਿਮਟਿਡ (ਲੰਡਨ, ਇੰਗਲੈਂਡ) ਸੰਸਥਾ ਵੱਲੋਂ 'ਬਿਊਟੀ ਵਿੱਦ ਏ ਪਰਪਜ਼' ਵਜੋਂ ਮਾਨਵਵਾਦੀ ਭਾਵਨਾ ਆਧਾਰਤ, ਮਿਸ ਯੂਨੀਵਰਸ ਜੇ.ਜੇ.ਐਨ. ਗਲੋਬਲ ਗਰੁੱਪ (ਨਿਊ ਯਾਰਕ; ਮੈਕਸੀਕੋ ਸਿਟੀ-ਮੈਕਸੀਕੋ) ਵੱਲੋਂ ਮਾਨਵਵਾਦੀ ਅਤੇ ਦੁਨੀਆਂ ਵਿੱਚ ਸਕਾਰਾਤਮਕ ਤਬਦੀਲੀ ਪ੍ਰਭਾਵਿਤ ਕਰਨ ਲਈ ਇੱਕ ਆਵਾਜ਼ ਬਣਨ ਲਈ; ਮਿਸ ਇੰਟਰਨੈਸ਼ਨਲ, ਅੰਤਰਰਾਸ਼ਟਰੀ, ਸੱਭਿਆਚਾਰਕ ਐਸੋਸੀਏਸ਼ਨ (ਟੋਕੀਓ, ਜਪਾਨ) ਰਾਹੀਂ ਇੱਕ ਅਜਿਹੀ ਦੁਨੀਆ ਸਥਾਪਿਤ ਕਰਨਾ, ਜਿੱਥੇ ਔਰਤਾਂ ਸਕਾਰਾਤਮਕ ਅੰਦਰੂਨੀ ਤਾਕਤ ਅਤੇ ਵਿਅਕਤੀਗਤਤਾ ਨਾਲ ਰਹਿ ਸਕਣ; ਮਿਸ ਅਰਥ ਕੈਰੋਜਲ ਪ੍ਰੋਡਕਸ਼ਨ (ਮਨੀਲਾ, ਫਿਲੀਪੀਅਨ) ਵੱਲੋਂ ਵਾਤਾਵਰਣ ਜਾਗਰੂਕਤਾ ਸੰਭਾਲ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨ ਹਿਤ ਆਯੋਜਿਤ ਕੀਤਾ ਜਾਂਦਾ ਹੈ।

ਮਿਸ ਵਰਲਡ 1951 ਮਿਸ ਵਰਲਡ ਕਿਕੀ ਹਾਕਾਨਸਨ, ਸਵੀਡਨ ਦੀ ਪਹਿਲੀ ਜੇਤੂ; ਮਿਸ ਯੂਨੀਵਰਸ 1952 ਦੀ ਪਹਿਲੀ ਜੇਤੂ ਮਿਸ ਯੂਨੀਵਰਸ ਅਰਮੀ ਕੁਸੈਲਾ, ਫਿਨਲੈਂਡ; ਮਿਸ ਅਰਥ 2001 ਕੈਥਰੀਨਾ ਸਵੈਨ ਸਨ, ਡੈਨਮਾਰਕ ਦੀ ਪਹਿਲੀ ਜੇਤੂ; ਮਿਸ ਇੰਟਰਨੈਸ਼ਨਲ 1960 ਸਟੈਲਾ ਮਾਰਕੇਜ (ਕਲੋਬੀਆ) ਪਹਿਲੀ ਜੇਤੂ ਬਣੀ। ਇਹ ਮੁਕਾਬਲੇ ਵੈਨੇਜੁਏਲਾ 24 ਵਾਰ, ਸੰਯੁਕਤ ਰਾਸ਼ਟਰ ਅਮਰੀਕਾ 16 ਵਾਰ, ਫਿਲੀਪੀਅਨਜ਼ 15 ਵਾਰ, ਭਾਰਤ ਤੇ ਪੋਰਟਰੀਕੋ 10-10 ਵਾਰ, ਆਸਟ੍ਰੇਲੀਆ 8 ਵਾਰ, ਚੀਨ 2 ਵਾਰ, ਟਰਕੀ/ਨਾਈਜੇਰੀਆ ਇੱਕ-ਇੱਕ ਵਾਰ ਜਿੱਤ ਚੁੱਕੇ ਹਨ। ਮਹਾਂਦੀਪ ਪੱਧਰ 'ਤੇ ਯੂਰਪ 64 ਵਾਰ, ਉਤਰੀ ਅਮਰੀਕਾ 54 ਵਾਰ, ਸਾਊਥ ਅਮਰੀਕਾ 47 ਵਾਰ, ਏਸ਼ੀਆ 42 ਵਾਰ, ਅਫ਼ਰੀਕਾ 12 ਵਾਰ, ਓਸ਼ੇਨੀਆ 11 ਵਾਰ- ਇਨ੍ਹਾਂ ਮਹਾਂਦੀਪਾਂ ਦੇ ਪ੍ਰਤੀ ਰਾਸ਼ਟਰੀਆ ਔਰਤਾਂ ਨੇ ਇਹ ਮੁਕਾਬਲੇ ਜਿੱਤੇ ਹਨ।



**'ਮਿਸ ਵਰਲਡ-1951' ਸਵੀਡਨ ਦੀ ਸੁੰਦਰੀ ਕ੍ਰਿਸਟਨ ਕਿੱਕੀ ਹਾਕਾਨਸਨ, ਜੋ ਬਿਕਨੀ ਵਿੱਚ ਤਾਜ ਪਹਿਨਣ ਵਾਲੀ ਪਹਿਲੀ ਇਕਲੌਤੀ ਮਿਸ ਵਰਲਡ ਬਣੀ**

ਜ਼ਿਕਰਯੋਗ ਹੈ ਕਿ ਮਿਸ ਵਰਲਡ 2025 ਮੁਕਾਬਲੇ ਦਾ 72ਵਾਂ ਐਡੀਸ਼ਨ ਹੈਦਰਾਬਾਦ (ਤੇਲੰਗਾਨਾ, ਭਾਰਤ) ਵਿੱਚ 4 ਮਈ ਤੋਂ 31 ਮਈ ਤੱਕ ਚੱਲਿਆ, ਜਿਸ ਵਿੱਚ 108 ਦੇਸ਼ਾਂ ਦੀਆਂ ਸੁੰਦਰੀਆਂ ਨੇ ਹਿੱਸਾ ਲਿਆ। ਭਾਰਤ ਵਿੱਚ ਇਹ ਮੁਕਾਬਲਾ ਤੀਜੀ ਵਾਰ ਹੋਇਆ ਹੈ। ਪਹਿਲੀ ਵਾਰ 1996 ਵਿੱਚ ਅਤੇ ਦੂਜੀ ਵਾਰ 9 ਮਾਰਚ 2024 ਮੁੰਬਈ ਵਿੱਚ ਹੋਇਆ ਸੀ। ਭਾਰਤ ਵਿੱਚ ਹੋਇਆ ਹਾਲੀਆ ਮਿਸ ਵਰਲਡ ਮੁਕਾਬਲਾ ਔਰਤਾਂ ਦੀ ਸਰੀਰਿਕ ਸੁੰਦਰਤਾ ਦਾ ਨਹੀਂ, ਸਗੋਂ ਸਮਾਜਿਕ ਮੁੱਦਿਆਂ ਨੂੰ ਉਜਾਗਰ ਕਰਨ ਅਤੇ ਮਦਦ ਲਈ ਇੱਕ ਪਲੇਟਫਾਰਮ ਵਜੋਂ ਜਾਣਿਆ ਗਿਆ। ਪ੍ਰਤੀਯੋਗੀ ਸੁੰਦਰਤਾ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਅਤੇ ਸੱਭਿਆਚਾਰਕ ਗੱਲਾਂ ਨੂੰ ਵੀ ਪੇਸ਼ ਕਰਦੇ ਹਨ। ਪ੍ਰਤੀਯੋਗੀ ਸਿਹਤ, ਸਿੱਖਿਆ, ਵਾਤਾਵਰਣ ਸੁਰੱਖਿਆ ਵਰਗੇ ਮੁੱਦਿਆਂ ਸਬੰਧੀ ਆਪਣੀਆਂ ਪੇਸ਼ਕਾਰੀਆਂ ਅਤੇ ਵਿਚਾਰ ਪੇਸ਼ ਕਰਦੇ ਹਨ। ਮੁਕਾਬਲੇ ਨੇ ਸਮਾਜਿਕ ਮੁੱਦਿਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। 'ਬਿਊਟੀ ਵਿੱਦ ਏ ਪਰਪਜ਼', ਸਮਾਜਿਕ ਤਬਦੀਲੀ ਲਈ ਪ੍ਰੇਰਣਾਦਾਇਕ ਹੈ। ਕੁੱਝ ਆਲੋਚਕਾਂ ਅਨੁਸਾਰ ਸੁੰਦਰਤਾ ਮੁਕਾਬਲੇ ਵਿੱਚ ਅਜੇ ਵੀ ਸਰੀਰਿਕ ਸੁੰਦਰਤਾ 'ਤੇ ਜ਼ਿਆਦਾ ਜ਼ੋਰ ਦਿੱਤਾ ਜਾ ਰਿਹਾ ਹੈ, ਜਿਸ ਨੂੰ ਘਟਾਉਣ ਦੀ ਲੋੜ ਹੈ। ਭਾਰਤ 'ਚ ਹੋਏ ਮਿਸ ਵਰਲਡ 2025 ਨੇ ਇਸ ਧਾਰਨਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਇਸ ਆਯੋਜਨ ਨੇ ਭਾਰਤੀ ਸੰਸਕ੍ਰਿਤੀ ਅਤੇ ਤੇਲੰਗਾਨਾ ਦੀ ਵਿਰਾਸਤ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਹੈ।

ਮਿਸ ਵਰਲਡ 2025 ਮੁਕਾਬਲੇ ਵਿੱਚ ਯੂਨਾਈਟਿਡ ਕਿੰਗਡਮ ਦੀ ਪ੍ਰਤੀਨਿਧੀ ਮਿਲਾ ਮੈਗੀ ਨੇ ਮੁਕਾਬਲਾ ਛੱਡ ਦਿੱਤਾ ਅਤੇ ਗੰਭੀਰ ਦੋਸ਼ ਲਗਾਏ। ਉਸਨੇ ਸੰਗਠਨ 'ਤੇ ਅਣ-ਉਚਿਤ ਵਿਹਾਰ ਅਤੇ ਪਾਰਦਰਸ਼ਤਾ ਦੀ ਘਾਟ ਦੇ ਦੋਸ਼ ਲਾਏ ਹਨ। ਇਸ ਘਟਨਾ ਨੇ ਸ਼ੋਸ਼ਲ ਮੀਡੀਆ ਅਤੇ ਅੰਤਰਰਾਸ਼ਟਰੀ ਮੀਡੀਆ ਵਿੱਚ ਭਾਰੀ ਚਰਚਾ ਛੇੜੀ। ਹਾਲਾਂਕਿ ਮਿਸ ਵਰਲਡ ਸੰਗਠਨ ਵੱਲੋਂ ਇਸ ਬਾਰੇ ਅਜੇ ਕੋਈ ਅਧਿਕਾਰਤ ਬਿਆਨ ਜਾਂ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ। ਸੁੰਦਰਤਾ ਮੁਕਾਬਲਿਆਂ, ਜਿਵੇਂ- ਮਿਸ ਵਰਲਡ, ਮਿਸ ਯੂਨੀਵਰਸ, ਮਿਸ ਇੰਟਰਨੈਸ਼ਨਲ, ਮਿਸ ਅਰਥ ਬਾਰੇ ਆਲੋਚਕਾਂ ਦਾ ਮੰਨਣਾ ਹੈ ਕਿ ਇਹ ਮੁਕਾਬਲੇ ਔਰਤਾਂ ਦੇ ਸਰੀਰਿਕ ਸੁੰਦਰਤਾ ਨੂੰ ਜ਼ਿਆਦਾ ਉਜਾਗਰ ਕਰਦੇ ਹਨ। ਸਰੀਰਿਕ ਦਿੱਖ, ਫੈਸ਼ਨ ਅਤੇ ਸਟੇਜ ਪੇਸ਼ਕਾਰੀ ਤੇ ਉਪਭੋਗਤਾ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ। ਸਵਿਮਸੂਟ ਅਤੇ ਇਵਨਿੰਗ ਗਾਊਨ ਨੂੰ ਅਕਸਰ ਸਰੀਰ ਦੀ ਨੁਮਾਇਸ਼ ਵਜੋਂ ਵੇਖਿਆ ਜਾਂਦਾ ਹੈ। ਇਹ ਮੁਕਾਬਲੇ ਔਰਤਾਂ ਨੂੰ ਸਿਰਫ਼ ਦੇਖਣ ਵਾਲੀ ਜਾਂ ਵਰਤੀ ਜਾਣ ਵਾਲੀ ਚੀਜ਼ ਹੀ ਮੰਨਦੇ ਹਨ; ਪਰ ਇਸਦੇ ਉਲਟ ਵੀ ਕੁੱਝ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਅਨੁਸਾਰ ਇਹ ਮੁਕਾਬਲੇ ਔਰਤਾਂ ਲਈ ਸ਼ਸਕਤੀਕਰਨ ਅਤੇ ਸੁਧਾਰ ਦੇ ਮੌਕੇ ਪੈਦਾ ਕਰਦੇ ਹਨ, ਤੇ ਇੱਕ ਪਲੇਟਫਾਰਮ ਉਪਲਬਧ ਕਰਵਾਉਂਦੇ ਹਨ, ਜਿੱਥੇ ਔਰਤਾਂ ਨੂੰ ਸਵੈ-ਵਿਸ਼ਵਾਸ, ਸਟੇਜ ਪ੍ਰਦਰਸ਼ਨ ਅਤੇ ਜਨਤਕ ਬੋਲਣ ਦੇ ਮੌਕੇ ਪ੍ਰਦਾਨ ਕਰਦੇ ਹਨ।

ਵੇਖਿਆ ਗਿਆ ਹੈ ਕਿ ਹਾਲ ਦੇ ਸਾਲਾਂ ਵਿੱਚ ਇਨ੍ਹਾਂ ਮੁਕਾਬਲਿਆਂ ਨੇ ਸਰੀਰਿਕ ਸੁੰਦਰਤਾ ਤੋਂ ਇਲਾਵਾ ਬੁੱਧੀ, ਸਮਾਜਿਕ ਜਾਗਰੂਕਤਾ ਅਤੇ ਪ੍ਰਤਿਭਾ 'ਤੇ ਵੀ ਜ਼ੋਰ ਦੇਣਾ ਸ਼ੁਰੂ ਕੀਤਾ ਹੈ। ਮੁਕਾਬਲਿਆਂ ਦਾ ਮੁੱਦਾ ਜਟਿਲ ਹੈ। ਮਹੱਤਵਪੂਰਨ ਇਹ ਹੈ ਕਿ ਇਨ੍ਹਾਂ ਮੁਕਾਬਲਿਆਂ ਨੂੰ ਸਮੇਂ ਦੇ ਨਾਲ ਵਿਕਸਿਤ ਹੋਣਾ ਚਾਹੀਦਾ ਹੈ, ਤਾਂ ਜੋ ਇਹ ਲਿੰਗ ਸਮਾਨਤਾ ਅਤੇ ਸਮਾਜਿਕ ਸੁਧਾਰ ਦੇ ਮੁੱਲਾਂ ਦਾ ਪ੍ਰਤੀਬਿੰਬ ਬਣ ਸਕਣ।

ਵਿਚਾਰ ਆਪੋ-ਆਪਣਾ

# ਸਿੱਖ ਧਰਮ ਅਤੇ ਰਾਜਨੀਤੀ 'ਚ ਸਰਗਰਮ ਬਹੁਰੂਪੀਏ

**ਅਮਰੀਕ ਸਿੰਘ ਮੁਕਤਸਰ**

ਬਾਦਲ ਦਲ ਦਾ ਵਿਰੋਧ ਕਰਨ ਵਾਲੇ ਧੜਿਆਂ ਦਾ ਹੁਣ ਤੱਕ ਇਹ ਮੁੱਖ ਦੋਸ਼ ਰਿਹਾ ਹੈ ਕਿ ਬਾਦਲ ਪਰਿਵਾਰ ਨੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਵਿੱਚ ਬਦਲ ਦਿੱਤਾ ਹੈ। ਇਹ ਵੀ ਦੋਸ਼ ਹੈ ਕਿ ਬਾਦਲਾਂ ਨੇ ਰਾਜਨੀਤੀ ਵਿੱਚ ਪੰਥਕ ਸਰੋਕਾਰਾਂ ਨੂੰ ਤਿਲਾਂਜਲੀ ਦੇ ਕੇ ਸਿੱਖ ਸੰਸਥਾਵਾਂ ਨੂੰ ਹਮੇਸ਼ਾ ਆਪਣੀ ਸਵਾਰਥੀ ਰਾਜਨੀਤੀ ਲਈ ਇਸਤੇਮਾਲ ਕੀਤਾ। ਅਕਾਲੀ ਦਲ ਦੇ ਜਮਹੂਰੀ ਪ੍ਰਬੰਧ ਨੂੰ ਖਤਮ ਕਰਕੇ ਇੱਕ ਕਾਰਪੋਰੇਟ ਕੰਪਨੀ ਦੀ ਤਰ੍ਹਾਂ ਚਲਾਉਣਾ ਅਤੇ ਸਿੱਖ ਸਿਆਸਤ ਨੂੰ ਉਸਦੇ ਮੁੱਖ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨਾਲੋਂ ਤੋੜਨਾ ਵੀ ਇਨ੍ਹਾਂ ਦੋਸ਼ਾਂ ਦਾ ਹਿੱਸਾ ਰਹੇ ਹਨ। ਬਾਦਲ ਦਲ ਵੱਲੋਂ ਆਪਣਾ ਜਨਰਲ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਕਰਨ ਖਿਲਾਫ ਚੋਣ ਕਮਿਸ਼ਨਰ ਕੋਲ ਸ਼ਿਕਾਇਤਾਂ ਕਰਨ ਵਾਲੇ ਆਗੂ ਅਤੇ ਜਥੇਬੰਦੀਆਂ ਇੱਕ ਬਹੁਤ ਵੱਡੇ ਸਿਧਾਂਤਕ ਕੁਰਾਹੇ ਦੀਆਂ ਸ਼ਿਕਾਰ ਹਨ। ਇਨ੍ਹਾਂ ਲੋਕਾਂ ਦੇ ਬਿਆਨਾਂ ਨੇ ਸਾਬਤ ਕਰ ਦਿੱਤਾ ਕਿ ਸਿੱਖ ਰਾਜਨੀਤੀ ਵਿੱਚ ਕੇਵਲ ਬਾਦਲਾਂ ਦਾ ਬੇੜਾ ਗਰਕ ਨਹੀਂ ਹੋਇਆ, ਸਗੋਂ ਸਭ ਪਾਸੇ ਆਵਾਂ ਊਤ ਗਿਆ ਹੈ। ਮੈਨੂੰ ਨਹੀਂ ਪਤਾ ਕਿ ਅਜਿਹੇ ਬਿਆਨ ਦੇਣ ਵਾਲੇ ਦਿਮਾਗੀ ਦੀਵਾਲੀਏਪਣ ਦਾ ਸ਼ਿਕਾਰ ਹਨ ਜਾਂ ਇਹ ਅਜਿਹੇ ਲੋਕ ਹਨ, ਜਿਨ੍ਹਾਂ ਦੀ ਵਰਤੋਂ ਸਰਕਾਰ ਹਮੇਸ਼ਾ ਸਿੱਖਾਂ ਵਿੱਚ ਸਿਧਾਂਤਕ ਕੁਰਾਹੇ ਖੜ੍ਹੇ ਕਰਨ ਲਈ ਵਰਤਦੀ ਆ ਰਹੀ ਹੈ।

ਸਿੱਖ ਰਾਜਨੀਤੀ ਵਿੱਚ ਸਰਕਾਰ ਵੱਲੋਂ ਆਪਣੇ ਏਜੰਟ, ਮਿਲਵਰਤਨੀਏ ਅਤੇ ਜਾਣਕਾਰੀ ਪ੍ਰਾਪਤ ਕਰਨ ਦੇ ਸਰੋਤ ਪੈਦਾ ਕਰਨ ਦਾ ਸਿਲਸਿਲਾ ਦੇਸ਼ ਦੀ ਆਜ਼ਾਦੀ ਦੇ ਸਮੇਂ ਤੋਂ ਚਲਦਾ ਆ ਰਿਹਾ ਹੈ। ਸਿੱਖ ਭੇਸ ਵਿੱਚ ਕੁਝ ਬੋਗਸ ਜਥੇਬੰਦੀਆਂ ਨੂੰ ਸਥਾਪਤ ਕਰਕੇ ਸਿੱਖਾਂ ਖਿਲਾਫ ਭੁਗਤਾਉਣ ਦਾ ਸਿਲਸਿਲਾ ਵੀ ਬਹੁਤ ਪੁਰਾਣਾ ਹੈ। ਅਕਾਲੀ ਦਲ ਦੇ ਅੰਦਰ ਵੀ ਸਰਕਾਰ ਪੱਖੀ ਆਗੂਆਂ ਦਾ ਇੱਕ ਵਰਗ ਹਮੇਸ਼ਾ ਸਰਗਰਮ ਰੱਖਿਆ ਜਾਂਦਾ ਰਿਹਾ ਹੈ ਤਾਂ ਕਿ ਨਾਜ਼ੁਕ ਮੌਕਿਆਂ 'ਤੇ ਸਰਕਾਰ ਸਿੱਖ ਰਾਜਨੀਤੀ ਨੂੰ ਆਪਣੀ ਇੱਛਾ ਮੁਤਾਬਿਕ ਮੋੜਾ ਦੇ ਸਕੇ। ਸਿੱਖ ਰਾਜਨੀਤੀ ਨੂੰ ਕੁਰਾਹੇ ਪਾਉਣ ਲਈ ਸਰਕਾਰ ਕੁਝ ਅਖੌਤੀ ਸਿੱਖ ਅਤੇ ਖੱਬੇ ਪੱਖੀ ਵਿਦਵਾਨਾਂ ਦੀਆਂ ਸੇਵਾਵਾਂ ਵੀ ਹਾਸਲ ਕਰਦੀ ਰਹੀ ਹੈ ਤੇ ਕਰ ਰਹੀ ਹੈ।

ਪਰ ਅੱਸੀਵਿਆਂ ਦੇ ਦੌਰ ਤੋਂ ਸਿੱਖਾਂ ਵਿੱਚ ਸਰਕਾਰੀ ਘੁਸਪੈਠ ਦਾ ਸਿਲਸਿਲਾ ਬਹੁਤ ਜ਼ਿਆਦਾ ਤੇਜ ਹੋ ਗਿਆ ਸੀ। ਸਰਕਾਰ ਵੱਲੋਂ ਖਾਲਿਸਤਾਨੀ ਸਫਾਂ ਵਿੱਚ ਘੁਸਪੈਠ ਕਰਵਾਉਣੀ ਸਭ ਤੋਂ ਆਸਾਨ ਸੀ, ਸਾਡੇ ਭਾਊ ਤਾਂ ਤੱਤੀ ਗੱਲ ਕਰਨ ਵਾਲੇ ਕਿਸੇ ਵੀ ਮਾਅਰਕੇਬਾਜ਼ ਨੂੰ ਯੋਧਾ ਸਮਝ ਕੇ ਬਿਨਾ ਕਿਸੇ ਜਾਂਚ ਦੇ ਸ਼ਾਮਲ ਕਰ ਲੈਂਦੇ ਸਨ/ਹਨ। ਬੀਤੇ ਦੀ ਲਹਿਰ ਨਾਲ ਜੁੜੇ ਰਹੇ ਅਨੇਕਾਂ ਲੋਕ ਵੀ ਮਨੁੱਖੀ ਸੁਭਾਅ ਦੀਆਂ ਵੱਖ-ਵੱਖ ਕਮਜ਼ੋਰੀਆਂ ਦਾ ਸ਼ਿਕਾਰ ਹੋ ਕੇ ਸਰਕਾਰੀ ਪੱਖ ਵਿੱਚ ਭੁਗਤਦੇ ਵੇਖੇ ਜਾ ਰਹੇ ਹਨ। ਕਿਸੇ ਵੇਲੇ ਇਸ ਕਿਸਮ ਦੇ ਲੋਕਾਂ ਵਿੱਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਅਤੇ ਮਹੰਤ ਸੇਵਾ ਦਾਸ ਵਰਗੇ ਪ੍ਰਮੁੱਖ ਚਿਹਰੇ ਹੁੰਦੇ ਸਨ; ਪਰ ਅੱਜ ਕੱਲ੍ਹ ਅਜਿਹੇ ਲੋਕਾਂ ਦੀ ਗਿਣਤੀ ਸੈਂਕੜਿਆਂ ਵਿੱਚ ਜਾ ਪੁੱਜੀ ਹੈ। ਪਿਛਲੇ ਚਾਰ ਦਹਾਕਿਆਂ ਦੌਰਾਨ ਇਨ੍ਹਾਂ ਵੱਖ-ਵੱਖ ਕਿਸਮ ਦੇ ਟੋਡੀਆਂ ਨੇ ਸਰਕਾਰ ਦੇ ਇਸ਼ਾਰਿਆਂ ਉਪਰ ਨਾਚ ਕਰਦੇ ਹੋਏ ਬਾਦਲ ਪਰਿਵਾਰ ਦੇ ਸਿਆਸੀ ਪ੍ਰਭਾਵ ਨੂੰ ਵਧਾਉਣ ਲਈ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਸਨ; ਪਰ ਬੀਤੇ ਕੁਝ ਸਾਲਾਂ ਤੋਂ ਸਰਕਾਰ ਇਹ ਮਹਿਸੂਸ ਕਰ ਰਹੀ ਹੈ ਕਿ ਹੁਣ ਸਿੱਖਾਂ ਨੂੰ ਬਾਦਲ ਪਰਿਵਾਰ ਦੀ ਅਗਵਾਈ ਵਿੱਚ ਕੰਟਰੋਲ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਸਿੱਖਾਂ ਵਿੱਚ ਆਪਣੀ ਪਸੰਦ ਦੀ ਲੀਡਰਸ਼ਿਪ ਪੈਦਾ ਕਰਨ ਦੇ ਮਨਸੂਬਿਆਂ ਵਿੱਚ ਜੁਟੀ ਹੋਈ ਹੈ। ਬਾਦਲ ਪਰਿਵਾਰ ਨੂੰ ਸਰਕਾਰ ਦੇ ਇਹ ਬਦਲੇ ਤੇਵਰ ਪਸੰਦ ਨਹੀਂ ਅਤੇ ਉਹ ਆਸਾਨੀ ਨਾਲ ਸਿੱਖ ਸੰਸਥਾਵਾਂ ਉਪਰ ਆਪਣੀ ਬਣੀ ਪਕੜ ਛੱਡਣ ਲਈ ਤਿਆਰ ਨਹੀਂ ਹਨ। ਸੁਖਬੀਰ ਦੀ ਇਸ ਜ਼ਿੱਦ ਨੇ ਅਕਾਲੀ ਸੰਕਟ ਨੂੰ ਬਹੁਤ ਲੰਬਾ ਕਰ ਦਿੱਤਾ ਹੈ।

ਸੁਖਬੀਰ ਦੇ ਅਜੇ ਤੱਕ ਟਿਕੇ ਰਹਿਣ ਦਾ ਦੂਜਾ ਅਹਿਮ ਕਾਰਨ ਇਹ ਹੈ ਕਿ ਉਸਦੀ ਵਿਰੋਧੀ ਧਿਰ ਦੇ ਕੋਲ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਤੋਂ ਇਲਾਵਾ ਆਪਣਾ ਕੋਈ ਨਿਜੀ ਸਿਆਸੀ ਕਿਰਦਾਰ ਨਹੀਂ ਹੈ। ਸਿੱਖ ਸਿਆਸਤ ਦਾ ਇਹ ਸੰਕਟ ਲੰਬਾ ਹੋ ਜਾਣਾ ਐਨਾ ਨੁਕਸਾਨਦਾਇਕ ਨਹੀਂ, ਜਿੰਨਾ ਨੁਕਸਾਨ ਇਸਦੇ ਕਿਸੇ ਗਲਤ ਬਦਲ ਉਪਰ ਪੁੱਜਣ ਨਾਲ ਹੋ ਸਕਦਾ ਹੈ। ਸਿੱਖਾਂ ਨੂੰ ਭਵਿੱਖ ਦੀ ਲੀਡਰਸ਼ਿਪ ਦਾ ਫੈਸਲਾ ਕਰਨ ਵੇਲੇ ਬਹੁਤ ਜ਼ਿਆਦਾ ਸਿਆਸੀ ਸਮਝਦਾਰੀ, ਬਿਬੇਕ ਅਤੇ ਸਹਿਜ ਨੂੰ ਇਸਤੇਮਾਲ ਕਰਨ ਦੀ ਲੋੜ ਹੈ। ਮੌਜੂਦਾ ਸਮੇਂ ਨਾ ਤਾਂ ਬਾਦਲਾਂ ਨੂੰ ਗਾਲ੍ਹਾਂ ਕੱਢਣ ਵਾਲੇ ਸਾਰੇ ਪੰਥਕ ਹਨ ਅਤੇ ਨਾ ਹੀ ਖਾਲਿਸਤਾਨ ਤੇ ਆਜ਼ਾਦੀ ਦੀਆਂ ਗੱਲਾਂ ਕਰਨ ਵਾਲੇ ਸਾਰੇ ਹੀ ਧਰਮੀ ਯੋਧੇ ਹਨ। ਇਸ ਵਕਤ ਸਾਡੇ ਧਰਮ ਅਤੇ ਰਾਜਨੀਤੀ ਵਿੱਚ ਸਰਗਰਮ ਲੋਕਾਂ ਵਿੱਚ ਬਹੁਰੂਪੀਆਂ ਦੀ ਬਹੁਤਾਤ ਹੋ ਚੁਕੀ ਹੈ। ਕੇਵਲ ਜਜ਼ਬਾਤੀ ਪਹੁੰਚ ਅਖਤਿਆਰ ਕਰਕੇ ਇਸ ਚੱਕਰਵਿਊ ਵਿੱਚੋਂ ਨਹੀਂ ਨਿਕਲਿਆ ਜਾ ਸਕਦਾ।


# ਹੋ-ਹੱਲਾ ਹੋ ਜਾਂਦੈ...



## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (12)

ਬਖ਼ਸ਼ਿੰਦਰ
ਵੱਟਸਐਪ:+1-778-793-8979



*'ਬਦਨਾਮ ਹੋਂਗੇ ਤੋ ਕਯਾ ਨਾਮ ਨਾ ਹੋਗਾ' ਵਿੱਚ ਇਹੋ ਗੱਲ ਛੁਪੀ ਹੈ ਕਿ ਜਦੋਂ ਹੋ-ਹੱਲਾ ਹੁੰਦਾ ਹੈ ਤਾਂ ਮਸ਼ਹੂਰੀ ਵੀ ਨਾਲ ਨਾਲ ਹੀ ਹੁੰਦੀ ਹੈ। ਅਜਿਹਾ ਹੀ ਕੁਝ ਨਾਵਲ ਦੀ ਪਾਤਰ ਨਾਲ ਵੀ ਵਾਪਰਿਆ, ਜੋ ਇਸ ਕਾਂਡ ਵਿੱਚ ਦਰਜ ਹੈ। ਕਿਉਂ ਕਿ ਇਕ ਪਿਛੋਂ ਇਕ ਘਟਨਾਵਾਂ ਦੀ ਲੜੀ ਦੀ ਨਿਰੰਤਰਤਾ ਹਥਲੇ ਨਾਵਲ ਦਾ ਧਰਾਤਲ ਹਨ ਅਤੇ ਇਸ ਉਤਰਾਅ-ਚੜ੍ਹਾਅ ਨੂੰ ਸਮਝ ਕੇ ਹੀ ਜ਼ਿੰਦਗੀ ਦਾ ਯਥਾਰਥ ਸਮਝਿਆ ਜਾ ਸਕਦਾ ਹੈ ਤੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ 'ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...*



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸੰਨੀ ਹੌਂਡਾ ਭਾਰਤ ਆ ਕੇ, ਮੁੰਬਈ ਰਹਿਣ ਲੱਗ ਪਈ ਤਾਂ ਫ਼ਿਲਮੀ ਹਲਕਿਆਂ ਵਿਚ ਹਲਚਲ ਹੋਈ, ਜੋ ਹੋਣੀ ਬਣਦੀ ਵੀ ਸੀ। ਉਸ ਨੇ ਆਉਂਦਿਆਂ ਹੀ ਧਮਾਕਾ ਕਰਨ ਦੇ ਅੰਦਾਜ਼ ਵਿਚ, 'ਬਿੱਗ ਬੌਸ' ਨਾਂ ਦੇ ਹਕੀਕੀ ਸ਼ੋਅ ਦੇ 'ਪੰਜਵੇਂ ਸੀਜ਼ਨ' ਵਿਚ ਸ਼ਿਰਕਤ ਕਰਨ ਦਾ ਮੌਕਾ ਹਥਿਆ ਲਿਆ। ਉਹ, ਇਸ ਸ਼ੋਅ ਦੇ 49ਵੇਂ ਦਿਨ ਇਸ ਵਿਚ ਦਾਖ਼ਲ ਹੋਈ। ਇਸ ਸ਼ੋਅ ਵਿਚ ਉਸ ਨੇ ਆਪਣੀ ਸਾਥਣ ਪੂਜਾ ਬੇਦੀ ਨੂੰ ਇੰਨਾ ਹੀ ਦੱਸਿਆ ਕਿ ਉਹ ਪਿਛਲੇ ਦਸ ਸਾਲਾਂ ਤੋਂ ਅਮਰੀਕਾ ਵਿਚ ਮਾਡਲਿੰਗ ਕਰਨ ਦੇ ਨਾ.ਲ ਹੀ ਟੀਵੀ ਸਟਾਰ ਵੀ ਰਹੀ ਹੈ। ਉਸ ਨੇ ਜਾਣ-ਬੁੱਝ ਕੇ ਇਹ ਗੱਲ ਨਾ ਦੱਸੀ ਕਿ ਉਸ ਨੇ 'ਪੋਰਨ ਫ਼ਿਲਮਾਂ' ਵਿਚ 'ਅਦਾਕਾਰੀ' ਵੀ ਕੀਤੀ ਹੋਈ ਹੈ।

ਉਸ ਵੱਲੋਂ ਇਸ ਸ਼ੋਅ ਵਿਚ ਆਉਣ ਨਾ.ਲ 'ਸੋਸ਼ਲ ਮੀਡੀਆ' ਵਿਚ ਵੀ ਕਾਫੀ 'ਹਲਚਲ' ਹੋਈ ਸੀ। ਲੋਕਾਂ ਨੇ ਉਸ ਬਾਰੇ 'ਸਰਚ' ਕਰਦਿਆਂ 'ਗੂਗਲ ਬਾਬੇ' ਨੂੰ ਸਾਹ ਹੀ ਨਹੀਂ ਚੜ੍ਹਾ ਦਿੱਤਾ ਸੀ, ਸਗੋਂ ਇੰਟਰਨੈੱਟ ਦੀਆਂ ਵੀ ਚੀਕਾਂ ਕਢਾਉਣੀਆਂ ਲਈਆਂ ਹੋਈਆਂ ਸਨ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਨੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਲਿਖਤੀ ਸ਼ਿਕਾਇਤਾਂ ਵੀ ਕੀਤੀਆਂ ਸਨ ਕਿ 'ਕਲਰਜ਼' ਟੀਵੀ ਚੈਨਲ, ਇਸ ਸ਼ੋਅ ਵਿਚ 'ਗੰਦੀਆਂ ਫ਼ਿਲਮਾਂ' ਦੀ 'ਗੰਦੀ ਅਦਾਕਾਰਾ' ਸ਼ਾਮਲ ਕਰ ਕੇ 'ਗੰਦ ਪਾ ਰਿਹਾ' ਹੈ। ਇਹ ਸ਼ਿਕਾਇਤਾਂ ਕਰਨ ਵਾ.ਲਿਆਂ ਵਿਚ ਕਈ ਸਮਾਜਕ ਜਥੇਬੰਦੀਆਂ ਦੇ ਅਹੁਦੇਦਾਰ ਅਤੇ ਕਈ ਸਿਆਸੀ ਆਗੂ ਵੀ ਸ਼ਾਮਲ ਸਨ। ਇਨ੍ਹਾਂ ਸ਼ਿਕਾਇਤਾਂ ਦਾ ਇਹ ਅਸਰ ਪਿਆ ਕਿ ਉਸ ਸ਼ੋਅ ਦੇ 91ਵੇਂ ਦਿਨ, ਸੰਨੀ ਨੂੰ ਸ਼ੋਅ ਵਿਚੋਂ ਕੱਢ ਦਿੱਤਾ ਗਿਆ।

ਇਸ ਸ਼ੋਅ ਵਿਚ 42 ਦਿਨ ਬਿਤਾਉਣ ਨਾ.ਲ ਸੰਨੀ ਹੌਂਡਾ ਨੂੰ ਪ੍ਰਚਾਰ ਤੇ ਭੰਡੀ ਪ੍ਰਚਾਰ ਦੋਵੇਂ ਹੀ ਮਿਲੇ, ਪਰ ਉਨ੍ਹਾਂ ਦੋਹਾਂ ਦਾ ਹੀ ਉਸ ਨੂੰ ਕਾਫ਼ੀ ਫ਼ਾਇਦਾ ਹੋਇਆ। ਇਸ ਸ਼ੋਅ ਵਿਚ ਹੀ ਉਸ ਦੀ ਮੁਲਾਕਾਤ ਮਸ਼ਹੂਰ ਫ਼ਿਲਮ ਨਿਰਦੇਸ਼ਕ ਮਹੇਸ਼ ਭੱਟ ਨਾ.ਲ ਹੋ ਗਈ। ਉਸ ਨੇ ਸੰਨੀ ਹੌਂਡਾ ਨੂੰ ਆਪਣੀ ਫ਼ਿਲਮ 'ਜਿਸਮ 2' ਵਿਚ ਮੁੱਖ ਕਿਰਦਾਰ ਨਿਭਾਉਣ ਦੀ ਪੇਸ਼ਕਸ਼ ਕੀਤੀ, ਜੋ ਉਸ ਨੇ ਕਬੂਲ ਕਰ ਲਈ। ਇਸ ਤਰ੍ਹਾਂ, ਸੰਨੀ ਨੇ 2012 ਵਿਚ ਪੂਜਾ ਭੱਟ ਦੇ ਪ੍ਰੋਡੱਕਸ਼ਨ ਹਾਊਸ 'ਫਿਸ਼ ਆਈ ਨੈੱਟਵਰਕ' ਅਧੀਨ ਬਣੀ ਫ਼ਿਲਮ 'ਜਿਸਮ 2' ਰਾਹੀਂ ਭਾਰਤੀ ਫ਼ਿਲਮ ਸੰਸਾਰ ਵਿਚ ਸ਼ਮੂਲੀਅਤ ਕਰ ਲਈ। 'ਜਿਸਮ 2' ਵਿਚ ਸੰਨੀ ਦੀ ਅਦਾਕਾਰੀ ਤਾਂ ਕਿਸੇ ਨੂੰ ਪਸੰਦ ਨਾ ਆਈ, ਪਰ 'ਜਿਸਮ' ਬਹੁਤ ਪਸੰਦ ਆਇਆ। ਸ਼ਾਇਦ ਇਸੇ ਹੀ ਵਜ੍ਹਾ ਨਾ.ਲ ਉਹ ਫ਼ਿਲਮ ਚੰਗੀ ਕਮਾਈ ਕਰ ਗਈ।

ਉਸ ਨੂੰ ਮਿਲੀ ਦੂਜੀ ਹਿੰਦੀ ਫ਼ਿਲਮ 'ਰਾਗਿਨੀ ਐੱਮਐੱਮਐੱਸ 2' ਸੀ। ਸੰਨੀ ਨੇ ਹਿੰਦੀ ਸਿਨੇਮਾ ਵਿਚ ਆਪਣੇ ਪੈਰ ਜਮਾਉਣ ਲਈ, ਮਿਲਣ ਵਾ.ਲੀ ਹਰ ਫ਼ਿਲਮ ਵਿਚ ਆਪਣੀ ਭੂਮਿਕਾ ਦੀ ਅਹਿਮੀਅਤ ਵੱਲ ਕੋਈ ਧਿਆਨ ਨਹੀਂ ਦਿੱਤਾ। ਉਸ ਦਾ ਇਕੋ-ਇਕ ਮਕਸਦ, ਵੱਧ ਤੋਂ ਵੱਧ ਫ਼ਿਲਮਾਂ ਵਿਚ ਹਾਜ਼ਰੀ ਲੁਆਉਣਾ ਸੀ। ਉਸ ਨੇ 2013 ਵਿਚ ਬਣੀ ਹਿੰਦੀ ਫ਼ਿਲਮ 'ਸ਼ੂਟਆਊਟ ਐਟ ਵਡਾਲਾ' ਵਿਚ ਇਕ 'ਆਈਟਮ ਸੌਂਗ' ਉੱਤੇ ਨਾਚ ਵੀ ਕੀਤਾ। ਪਹਿਲਾਂ-ਪਹਿਲਾਂ ਉਸ ਨੇ ਆਪਣਾ ਮਿਹਨਤਾਨਾ ਤੇ ਸਾਈਨਿੰਗ ਅਮਾਊਂਟ ਡਾਲਰਾਂ ਵਿਚ ਮੰਗਣੇ ਸ਼ੁਰੂ ਕੀਤੇ ਤਾਂ ਉਸ ਦੇ ਇਕ ਇੰਡੀਅਨ ਮੈਨੇਜਰ ਨੇ ਉਸ ਨੂੰ ਦੱਸਿਆ ਕਿ ਜੇ ਉਹ, ਆਪਣਾ ਮਿਹਨਤਾਨਾ ਅਮਰੀਕੀ ਡਾਲਰਾਂ ਵਿਚ ਲੈਣ ਦੀ ਜ਼ਿੱਦ ਕਰੂਗੀ ਤਾਂ ਫ਼ਿਲਮ ਦਾ ਅੱਧਾ ਬੱਜਟ ਤਾਂ ਉਸ ਦੇ ਹੀ ਲੇਖੇ ਲੱਗ ਜਾਇਆ ਕਰੂਗਾ ਤੇ ਉਸ ਨੂੰ ਕੰਮ ਮਿਲਣ ਉੱਤੇ ਵੀ ਮਾੜਾ ਅਸਰ ਪਊਗਾ। ਇਸ ਤੋਂ ਬਾਅਦ ਸੰਨੀ ਨੇ ਮਿਹਨਤਾਨਾ ਤੈਅ ਕਰਨ ਦਾ ਕੰਮ, ਉਸ ਮੈਨੇਜਰ ਦੇ ਜ਼ਿੰਮੇ ਛੱਡ ਦਿੱਤਾ।

ਤੇਰਾਂ ਦਸੰਬਰ 2013 ਨੂੰ ਰਿਲੀਜ਼ ਹੋਈ ਸੰਨੀ ਹੌਂਡਾ ਦੀ ਫ਼ਿਲਮ 'ਜੈਕਪਾਟ', ਸੱਚੀਂ ਦਾ ਜੈਕਪਾਟ ਨਾ ਬਣ ਸਕੀ ਤੇ ਸਮੀਖਿਅਕਾਂ ਨੇ ਛਣਕਾ ਹੀ ਸੁੱਟੀ। 2014 ਵਿਚ ਉਸ ਦੀ ਰਿਲੀਜ਼ ਹੋਈ ਫ਼ਿਲਮ 'ਰਾਗਿਨੀ ਐੱਮਐੱਮਐੱਸ 2' ਛਾਅ ਗਈ। ਇਸ ਫ਼ਿਲਮ ਵਿਚ ਉਸ ਵੱਲੋਂ ਕੀਤੀ ਹੋਈ ਅਦਾਕਾਰੀ ਦੀ ਸ਼ਲਾਘਾ ਵੀ ਹੋਈ। ਇਸ ਪਿੱਛੋਂ ਉਸ ਨੇ ਤਾਮਿਲ ਫ਼ਿਲਮਾਂ 'ਚ ਵੀ ਹੱਥ ਅਜ਼ਮਾਉਣਾ ਸ਼ੁਰੂ ਕਰ ਦਿੱਤਾ।

ਹੌਲੀ-ਹੌ.ਲੀ ਹਿੰਦੀ ਫ਼ਿਲਮ ਪ੍ਰੋਡਿਊਸਰਾਂ ਨੇ ਸੰਨੀ ਹੌਂਡਾ ਨੂੰ 'ਸੰਨੀ ਟਾਈਪ' ਰੋਲ ਤੇ ਫ਼ਿਲਮਾਂ ਵੀ ਦੇਣੀਆਂ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਵਿਚੋਂ ਇਕ ਫ਼ਿਲਮ 'ਹੇਟ ਸਟੋਰੀ 2' ਦਾ ਆਈਟਮ ਸੌਂਗ 'ਪਿੰਕ ਲਿਪਸ' ਸੀ। ਇਸ ਵਿਚ ਕਾਮਯਾਬ ਰਹਿਣ ਮਗਰੋਂ ਉਸ ਨੂੰ, ਫ਼ਿਲਮ 'ਬਲਵਿੰਦਰ ਸਿੰਘ ਫੇਮੱਸ ਹੋ ਗਇਆ' ਵਿਚ ਮੀਕਾ ਸਿੰਘ ਨਾ.ਲ ਗੀਤ 'ਸ਼ੇਕ ਦੈਟ ਬੂਟੀ' ਮਿਲ ਗਿਆ। ਫਿਰ ਤੈਲਗੂ ਫ਼ਿਲਮ ਇੰਡਸਟਰੀ ਨੇ ਵੀ ਸੰਨੀ ਹੌਂਡਾ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਤੇ ਉਸ ਨੂੰ ਫ਼ਿਲਮ 'ਕਰੰਟ ਥੀਗਾ' ਲਈ ਸਾਈਨ ਕਰ ਲਿਆ ਗਿਆ। ਇਸ ਤਰ੍ਹਾਂ ਰ.ਲੀਆਂ-ਮਿ.ਲੀਆਂ ਫ਼ਿਲਮਾਂ ਤੇ ਆਈਟਮ ਸੌਂਗ ਕਰਦਿਆਂ, ਸੰਨੀ ਨੇ ਭਾਰਤੀ ਫ਼ਿਲਮ ਸਨਅਤ ਵਿਚ ਆਪਣਾ ਨਾਂ ਬਣਾ ਲਿਆ ਤੇ ਉਸ ਨੂੰ ਬੌਬੀ ਖ਼ਾਨ ਦੀ ਮਿਊਜ਼ੀਕਲ ਥ੍ਰਿਲਰ ਫ਼ਿਲਮ 'ਏਕ ਪਹੇਲੀ ਲੀਲਾ' ਵਿਚ ਡਬਲ ਰੋਲ ਕਰਨ ਲਈ ਸਾਈਨ ਕਰ ਲਿਆ ਗਿਆ। ਫਿਰ ਉਸ ਨੂੰ 'ਕੁਛ ਕੁਛ ਲੋਚਾ ਹੈ' ਲਈ ਸਾਈਨ ਕਰ ਲਿਆ ਗਿਆ। ਇਸ ਫ਼ਿਲਮ ਵਿਚ ਉਸ ਨੇ ਇਕ ਫ਼ਿਲਮ ਸਟਾਰ ਦਾ ਕਿਰਦਾਰ ਨਿਭਾਇਆ ਸੀ, ਪਰ ਇਹ ਫ਼ਿਲਮ ਕਮਾਈ ਦੇ ਪੱਖੋਂ ਮਾੜੀ ਰਹੀ।

ਉਸ ਨੂੰ ਕਿਸੇ ਕੰਨੜ ਫ਼ਿਲਮ ਵਿਚ ਦੂਜਾ ਗੀਤ 'ਕਾਮਾਕਸ਼ੀ', ਫ਼ਿਲਮ 'ਲਵ ਯੂ ਆਲੀਆ' ਵਿਚ ਮਿਲਿਆ। ਉਸ ਨੂੰ ਅਕਸ਼ੈ ਕੁਮਾਰ ਦੀ ਫ਼ਿਲਮ 'ਸਿੰਘ ਇਜ਼ ਬਲਿੰਗ' ਵਿਚ ਵੀ ਇਕ ਛੋਟਾ ਜਿਹਾ ਰੋਲ ਦਿੱਤਾ ਗਿਆ ਸੀ। 2016 ਵਿਚ ਸੰਨੀ ਹੌਂਡਾ, ਮਿਲਾਪ ਜ਼ਾਵੇਰੀ ਦੀ ਅਡੱਲਟ ਕਾਮੇਡੀ ਫ਼ਿਲਮ 'ਮਸਤੀਜ਼ਾਦੇ' ਵਿਚ ਨਜ਼ਰ ਆਈ। ਇਸ ਫ਼ਿਲਮ ਵਿਚ ਉਸ ਨੇ ਫਿਰ ਦੋ ਜੌੜੀਆਂ ਭੈਣਾਂ 'ਲੈਲਾ' ਅਤੇ 'ਲਿੱਲੀ ਲੇਲੇ' ਦੇ ਕਿਰਦਾਰ ਨਿਭਾਏ। ਇਸ ਤੋਂ ਮਗਰੋਂ ਉਸ ਨੇ ਜਾਸਮੀਨ ਡੀ'ਸੂਜ਼ਾ ਦੀ ਫ਼ਿਲਮ 'ਵੱਨ ਨਾਈਟ ਸਟੈਂਡ' ਵਿਚ ਕੰਮ ਕੀਤਾ, ਜੋ 6 ਮਈ 2016 ਨੂੰ ਰਿਲੀਜ਼ ਹੋਈ ਸੀ। ਇਹ ਫ਼ਿਲਮ ਆਪਣਾ ਨਾਂ ਸਾਰਥਕ ਕਰਦਿਆਂ, 'ਇਕ ਰਾਤ ਦੀ ਮਹਿਮਾਨ' ਬਣ ਕੇ ਹੀ ਰਹਿ ਗਈ। ਉਸੇ ਹੀ ਸਾਲ ਰਿਲੀਜ਼ ਹੋਈ ਉਸ ਦੀ ਦੂਜੀ ਫ਼ਿਲਮ 'ਬੇਈਮਾਨ ਲਵ' ਸੀ, ਜਿਸ ਵਿਚ ਉਸ ਦੇ ਕੰਮ ਦੀ ਪ੍ਰਸ਼ੰਸਾ ਹੋਈ, ਪਰ ਉਹ ਫ਼ਿ.ਲਮ ਸਿਨੇਮਾ ਘਰਾਂ ਵਿਚ ਲੱਗੀ ਨਾ ਰਹਿ ਸਕੀ।

ਉਸ ਨੇ 'ਫੁੱਦੂ' ਨਾਂ ਦੀ ਫ਼ਿਲਮ ਵਿਚ, ਸ਼ਰਮਨ ਜੋਸ਼ੀ ਨਾ.ਲ 'ਤੂ ਜ਼ਰੂਰਤ ਨਹੀਂ ਤੂ ਜ਼ਰੂਰੀ ਹੈ' ਬੋਲਾਂ ਵਾ.ਲੇ ਗੀਤ ਵਿਚ ਅਦਾਕਾਰੀ ਤੇ ਨਾਚ ਕੀਤਾ। ਇਸ ਤੋਂ ਬਾਅਦ ਫ਼ਿਲਮ 'ਡੌਂਗਰੀ ਕਾ ਰਾਜਾ' ਦੇ ਆਈਟਮ ਗੀਤ 'ਚੋਲੀ ਬਲੌਕਬੱਸਟਰ' ਲਈ ਡਾਂਸ ਕੀਤਾ। ਦਸੰਬਰ 2016 ਵਿਚ ਰਿਲੀਜ਼ ਹੋਈ ਸ਼ਾਹਰੁਖ਼ ਖ਼ਾਨ ਦੀ ਫ਼ਿਲਮ 'ਰਈਸ' ਵਿਚ ਸੰਨੀ ਨੇ 'ਲੈਲਾ ਮੈਂ ਲੈਲਾ' ਗੀਤ ਨਾ.ਲ ਅਦਾਕਾਰੀ ਤੇ ਨਾਚ ਕੀਤਾ ਸੀ। ਉਹ ਫ਼ਿਲਮ ਸੰਨੀ ਨੇ ਤਾਂ ਕੀ ਬਚਾਉਣੀ ਸੀ, ਸ਼ਾਹਰੁਖ਼ ਖ਼ਾਨ ਤੇ ਮਾਹਿਰਾ ਖ਼ਾਨ ਵੀ ਨਾ ਬਚਾ ਸਕੇ। 2017 ਵਿਚ ਸੰਨੀ, ਸੋਨਾਕਸ਼ੀ ਸਿਨਹਾ ਦੀ ਫ਼ਿਲਮ 'ਨੂਰ' ਵਿਚ ਇਕ ਛੋਟਾ ਜਿਹਾ ਰੋਲ ਨਿਭਾਉਂਦੀ ਦਿਸੀ। ਫਿਰ ਉਹ, ਮਿਲਨ ਲੂਥਰੀਆ ਦੀ ਫ਼ਿਲਮ 'ਬਾਦਸ਼ਾਹੋ' ਵਿਚ ਇਮਰਾਨ ਹਾਸ਼ਮੀ ਨਾ.ਲ 'ਪੀਆ ਮੋਰੇ' ਗਾਉਂਦੀ-ਨਿਭਾਉਂਦੀ ਦਿਸੀ ਸੀ। ਇਸ ਤੋਂ ਇਲਾਵਾ ਉਹ, ਸੰਜੇ ਦੱਤ ਨੂੰ ਵਾਪਸ ਲਿਆਉਂਦੀ ਫ਼ਿਲਮ 'ਭੂਮੀ', ਜੋ 22 ਸਤੰਬਰ 2017 ਨੂੰ ਰਿਲੀਜ਼ ਹੋਈ ਸੀ, ਦੇ ਗੀਤ 'ਟ੍ਰਿੱਪੀ ਟ੍ਰਿੱਪੀ' ਵਿਚ ਵੀ ਦਿਸੀ ਸੀ। ਇਸ ਦੇ ਨਾ.ਲ ਹੀ ਸੰਨੀ ਨੇ ਮਰਾਠੀ ਤੇ ਬੰਗਾਲੀ ਫ਼ਿਲਮਾਂ ਵਿਚ ਪੈਰ ਟਿਕਾਉਣ ਦੇ ਹੀਲੇ ਵੀ ਕੀਤੇ। ਇਸ ਸਿਲਸਿਲੇ ਵਿਚ, ਵਿਸ਼ਾਲ ਦੇਵਰੁੱਖ ਕਾਰ ਦੀ ਫ਼ਿਲਮ 'ਬੁਆਏਜ਼' ਦੇ ਗੀਤ 'ਕੁਤ-ਕੁਤ ਜਾਇਚਾ ਹਨੀਮੂਨ ਲਾ' ਦਾ ਅਤੇ ਸਵੱਪਨ ਸਾਹਾ ਦੀ ਫ਼ਿਲਮ 'ਸ਼੍ਰੇਸਥਾ ਬੌਂਗਾਲੀ' ਦੇ ਗੀਤ 'ਛਾਪ ਨਿਸ਼ਾਨੀ' ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਇਸ ਤੋਂ ਮਗਰੋਂ ਉਹ, ਰਾਜਾ ਸ਼ੇਖਰ ਦੀ ਤੈਲਗੂ ਫ਼ਿਲਮ 'ਪੀਐੱਸਵੀ ਗਰੂਦਾ ਵੇਗਾ' ਦੇ ਗੀਤ 'ਦੇਓ ਦੇਓ' ਵਿਚ ਦਿਸੀ ਸੀ। ਪਹਿਲੀ ਦਸੰਬਰ 2017 ਨੂੰ ਰਿਲੀਜ਼ ਹੋਈ ਤੇ ਰਾਜੀਵ ਵਾਲੀਆ ਦੇ ਨਿਰਦੇਸ਼ਨ ਹੇਠ ਬਣੀ ਫ਼ਿਲਮ 'ਤੇਰਾ ਇੰਤਜ਼ਾਰ' ਵਿਚ ਸੰਨੀ, ਅਰਬਾਜ਼ ਖ਼ਾਨ ਨਾ.ਲ ਦਿਸੀ ਸੀ। 2017 ਵਿਚ ਇੰਟਰਨੈੱਟ ਵਰਤਣ ਵਾ.ਲਿਆਂ ਨੇ ਇਸ ਅਦਾਕਾਰਾ ਵਿਚ ਬਹੁਤੀ ਹੀ ਦਿਲਚਸਪੀ ਦਿਖਾਈ ਸੀ।

'ਨੈੱਟਵਰਕ 7 ਮੀਡੀਆ ਗਰੁੱਪ' ਦੀ ਜਿਊਰੀ ਨੇ, 'ਨੌਂਵੇਂ ਸਾਲਾਨਾ ਲੀਡਰਸ਼ਿੱਪ ਕਨਕਲੇਵ ਤੇ ਇੰਡੀਅਨ ਅਫੇਅਰਜ਼ ਬਿਜ਼ਨੈੱਸ ਲੀਡਰਸ਼ਿੱਪ ਐਵਾਰਡਜ਼ 2018' ਵਿਚ ਸੰਨੀ 'ਸਾਲ 2018 ਲਈ ਇੰਡੀਅਨ ਅਫੇਅਰਜ਼ ਐਕਟਰੈੱਸ' ਚੁਣੀ ਗਈ ਸੀ। ਉਸ ਬਾਰੇ ਬਣਾਈ ਹੋਈ ਇਕ ਵੈੱਬ ਸੀਰੀਜ਼ ਵੀ 2018 ਵਿਚ ਹੀ ਰਿਲੀਜ਼ ਕੀਤੀ ਗਈ ਸੀ। ਇਹ ਵੈੱਬ ਸੀਰੀਜ਼ ਬੰਗਾਲੀ, ਤਾਮਿਲ, ਤੈਲਗੂ ਤੇ ਮਰਾਠੀ ਵਿਚ ਵੀ ਜਾਰੀ ਕੀਤੀ ਜਾਣ ਦੀਆਂ ਖ਼ਬਰਾਂ ਆਈਆਂ ਹਨ।

ਸਾਲ 2018 ਚੜ੍ਹਨ ਸਾਰ ਹੀ ਸੰਨੀ ਨੇ, 2012 ਵਿਚ ਬਣੀ ਹੋਈ ਪੰਜਾਬੀ ਫ਼ਿਲਮ 'ਜੱਟ ਐਂਡ ਜੂਲੀਅਟ' ਦੇ ਹਿੰਦੀ ਰੀਮੇਕ ਵਿਚ ਮਨੀਸ਼ ਪਾਲ ਨਾ.ਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜੰਗ ਦੇ ਸਬੰਧ ਵਿਚ ਬਣਾਈ ਜਾਣ ਵਾ.ਲੀ ਇਕ ਵੱਡੀ ਤਾਮਿਲ ਫ਼ਿਲਮ 'ਵੀਰਮਾਦੇਵੀ' ਵਿਚ ਮੁੱਖ ਕਿਰਦਾਰ ਨਿਭਾਉਣ ਲਈ ਵੀ ਸੰਨੀ ਨੂੰ ਸਾਈਨ ਕੀਤਾ ਗਿਆ ਸੀ। ਇਹ ਫ਼ਿਲਮ ਤੈਲਗੂ, ਹਿੰਦੀ ਤੇ ਮਲਿਆਲਮ ਵਿਚ ਰਿਲੀਜ਼ ਕਰਨ ਦੀਆਂ ਯੋਜਨਾਵਾਂ ਬਣਾਉਣ ਦੀਆਂ ਖ਼ਬਰਾਂ ਵੀ ਆਈਆਂ ਸਨ।

ਇਨ੍ਹਾਂ ਸਾਰੀਆਂ ਫ਼ਿਲਮਾਂ ਦੇ ਸਬੰਧ ਵਿਚ ਦਾਨਿਸ਼ ਨੇ ਆਪਣੀ ਸਕਰਿਪਟ ਵਿਚ ਇਹ ਸੁਝਾਅ ਲਿਖ ਦਿੱਤਾ ਕਿ 'ਨਿਰਦੇਸ਼ਕ ਇਨ੍ਹਾਂ ਫ਼ਿਲਮਾਂ ਵਿਚੋਂ ਲੋੜ ਅਨੁਸਾਰ ਟੋਟੇ ਵਰਤ ਲਵੇ।' ਸਕਰਿਪਟ ਦੇ ਇਸ ਪੜਾਅ 'ਤੇ ਦਾਨਿਸ਼ ਦੇ ਮਨ ਵਿਚ ਇਹ ਖ਼ਿਆਲ ਆਇਆ ਕਿ ਅਮਰੀਕਾ ਤੇ ਕੈਨੇਡਾ ਦੀ ਸਿਟੀਜ਼ਨਸ਼ਿੱਪ ਮਿਲੀ ਹੋਣ ਦੇ ਬਾਵਜੂਦ ਤੇ ਇੰਨੀ ਮੋਟੀ ਕਮਾਈ ਵਾ.ਲੇ ਵਸੇ-ਰਸੇ ਕਾਰੋਬਾਰ ਛੱਡ ਕੇ, ਸੰਨੀ ਹੌਂਡਾ ਨੇ 14 ਅਪ੍ਰੈਲ 2012 ਨੂੰ ਇਹ ਐਲਾਨ ਕੀ ਸੋਚ-ਸਮਝ ਕੇ ਕੀਤਾ ਹੋਏਗਾ ਕਿ ਹੁਣ ਉਹ ਭਾਰਤ ਵਿਚ ਹੀ ਰਿਹਾ ਕਰੇਗੀ!

ਉਸ ਨੇ ਇਹ ਐਲਾਨ 'ਨਿਊ ਇੰਡੀਅਨ ਐਕਸਪ੍ਰੈੱਸ' ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿਚ ਕੀਤਾ ਸੀ ਕਿ ਹੁਣ ਉਸ ਕੋਲ 'ਓਵਰਸੀਜ਼ ਸਿਟੀਜ਼ਨਸ਼ਿੱਪ ਆਫ ਇੰਡੀਆ' (ਓ. ਸੀ. ਆਈ.) ਵੀ ਹੈ। ਉਸ ਨੇ ਇਹ ਸਿਟੀਜ਼ਨਸ਼ਿੱਪ ਲੈਣ ਖਾਤਰ, 'ਜਿਸਮ 2' ਦੀ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਦਰਖ਼ਾਸਤ ਦੇ ਦਿੱਤੀ ਹੋਈ ਸੀ। ਉਸ ਨੂੰ ਸਿਹਤ ਸੰਭਾਲ ਵਿਚ ਹਮੇਸ਼ਾ ਤੋਂ ਬਹੁਤ ਦਿਲਚਸਪੀ ਰਹੀ ਹੈ। ਇਸ ਕਰ ਕੇ ਹੀ, ਸਿਹਤ ਸੰਭਾਲ ਸਬੰਧੀ ਬਹੁਤ ਸਾਰੇ ਰਸਾਲਿਆਂ ਨੇ ਉਸ ਦੇ ਇੰਟਰਵਿਊ ਅਤੇ ਉਸ ਬਾਰੇ ਫੀਚਰ ਵੀ ਛਾਪੇ ਸਨ। ਇਸੇ ਵਜ੍ਹਾ ਨਾ.ਲ ਹੀ ਉਸ ਦਾ ਜਿਸਮ, ਖੇਡਾਂ ਨਾ.ਲ ਸਬੰਧਤ ਲਿਬਾਸਾਂ ਦੀ ਇਸ਼ਤਿਹਾਰਬਾਜ਼ੀ ਕਰਨ ਖ਼ਾਤਰ ਵੀ ਵਰਤਿਆ ਜਾਂਦਾ ਰਹਿੰਦਾ ਹੈ।

ਉਸ ਵੱਲੋਂ ਦਿੱਤੇ ਤਕਰੀਬਨ ਹਰ ਇੰਟਰਵਿਊ ਵਿਚ ਉਹ ਦੱਸਦੀ ਰਹਿੰਦੀ ਹੈ ਕਿ ਭਾਵੇਂ ਉਸ ਨੇ ਕੈਨੇਡਾ ਤੇ ਅਮਰੀਕਾ ਵਿਚ, ਉਹ ਜਿਨਸੀ ਖੁੱਲ੍ਹਾਂ ਹੰਢਾਈਆਂ ਹਨ, ਜਿਨ੍ਹਾਂ ਬਾਰੇ ਭਾਰਤ ਵਿਚ ਹੁੰਦਿਆਂ ਸੋਚਿਆ ਵੀ ਨਹੀਂ ਜਾ ਸਕਦਾ, ਪਰ ਫਿਰ ਵੀ ਉਸ ਦੀ ਜਿਨਸੀ ਤਰਜੀਹ ਮਰਦ ਹੀ ਹਨ। ਕਿਸੇ ਜ਼ਮਾਨੇ ਵਿਚ ਸੰਨੀ ਨੇ ਕਈ ਸਾਲ, ਭਾਰਤੀ ਮੂਲ ਦੇ ਕੈਨੇਡੀਅਨ 'ਸਟੈਂਡ ਅੱਪ ਕਾਮੇਡੀਅਨ' ਰੱਸਲ ਪੀਟਰਜ਼ ਨਾ.ਲ ਆਸ਼ਕਾਨਾ ਸਬੰਧ ਬਣਾਈ ਰੱਖੇ ਸਨ। ਉਸ ਤੋਂ ਮਗਰੋਂ, ਸੰਨੀ ਨੇ 'ਪਲੇਬੁਆਏ ਐਂਟਰਪ੍ਰਾਈਜ਼ਿਜ਼' ਵਿਚ ਮਾਰਕੀਟਿੰਗ ਵਾਈਸ ਪ੍ਰੈਜ਼ੀਡੈਂਟ ਮੈੱਟ ਐਰਿਕਸਨ ਨਾ.ਲ ਵੀ ਮੁਆਸ਼ਕਾ ਕੀਤਾ। ਇਹ ਦੋਵੇਂ ਗੱਲਾਂ ਸੰਨ 2007-08 ਦੀਆਂ ਹਨ। ਫਿਰ 2011 ਵਿਚ ਉਸ ਨੇ ਅਮਰੀਕੀ ਐਕਟਰ-ਪ੍ਰੋਡਿਊਸਰ ਅਤੇ ਕਾਰੋਬਾਰੀ ਡੈਨੀਅਲ ਉਰਫ਼ ਡੈਨੀ ਨੂੰ 'ਆਪਣੇ ਕਾਰੋਬਾਰੀ ਭਾਈਵਾਲ' ਤੋਂ 'ਤਰੱਕੀ ਦੇ ਕੇ' ਆਪਣੀ 'ਜ਼ਿੰਦਗੀ ਅਤੇ ਸੇਜ ਦਾ ਭਾਈਵਾਲ' ਵੀ ਬਣਾ ਲਿਆ।

ਇੰਨਾ ਕੁੱਝ ਨੋਟ ਕਰ ਕੇ ਤੇ 'ਸੇਵ' ਕਰ ਕੇ ਦਾਨਿਸ਼ ਨੇ ਸੰਨੀ ਦੀਆਂ ਲਿਖੀਆਂ ਕਹਾਣੀਆਂ ਦੀ ਕਿਤਾਬ 'ਸਵੀਟ ਡਰੀਮਜ਼' ਦਾ 'ਕਿੰਡਲ' ਐਡੀਸ਼ਨ ਮੰਗਵਾਉਣ ਲਈ 'ਆਨਲਾਈਨ ਆਰਡਰ' ਦੇ ਦਿੱਤਾ, ਕਿਉਂ ਕਿ ਉਹ ਚਾਹੁੰਦਾ ਸੀ ਕਿ ਸੰਨੀ ਹੌਂਡਾ ਦੀ ਜ਼ਿੰਦਗੀ ਬਾਰੇ ਵੈੱਬ ਸੀਰੀਜ਼ ਲਿਖਣ ਖ਼ਾਤਰ, ਉਸ ਦੀ ਸ਼ਖ਼ਸੀਅਤ ਦਾ ਕੋਈ ਵੀ ਪਹਿਲੂ ਉਸ ਤੋਂ ਗੁੱਝਾ ਨਾ ਰਹਿ ਸਕੇ ਤੇ ਕੱਲ੍ਹ ਨੂੰ ਕੋਈ ਇਹ ਨਾ ਕਹੇ ਕਿ ਇਸ ਵੈੱਬ ਸੀਰੀਜ਼ ਦੇ ਲੇਖਕ ਨੇ ਸਕਰਿਪਟ ਲਿਖਣ ਤੋਂ ਪਹਿ.ਲਾਂ ਸੰਨੀ ਬਾਰੇ ਬਣਦਾ ਖੋਜ-ਕਾਰਜ ਨਹੀਂ ਕੀਤਾ।

'ਕਿੰਡਲ' ਰਾਹੀਂ ਸੰਨੀ ਦੀ ਇਹ ਕਿਤਾਬ ਪੜ੍ਹਨੀ ਸ਼ੁਰੂ ਕਰਨ ਤੋਂ ਪਹਿਲਾਂ ਦਾਨਿਸ਼ ਨੇ, 2008 ਵਿਚ 'ਆਈ ਵੀਕਲੀ' ਵਿਚ ਛਪਿਆ ਉਹ ਲੇਖ ਪੜ੍ਹਨਾ ਸ਼ੁਰੂ ਕਰ ਦਿੱਤਾ, ਜਿਸ ਵਿਚ ਇਹ ਲਿਖਿਆ ਹੋਇਆ ਸੀ ਕਿ ਸੰਨੀ ਹੌਂਡਾ ਨੇ ਆਪਣੇ ਪਰਿਵਾਰ ਦਾ, ਸਿੱਖੀ ਬਾਰੇ ਅਕੀਦਾ ਬਰਕਰਾਰ ਰੱਖਣ ਸਬੰਧੀ ਹਰ ਹੀਲਾ ਕੀਤਾ, ਪਰ ਇਹ ਵੱਖਰੀ ਗੱਲ ਹੈ ਕਿ ਉਹ, ਇਸ ਸਬੰਧ ਵਿਚ ਅਮਲੀ ਰੂਪ ਵਿਚ ਬਹੁਤਾ ਕੁੱਝ ਕਰਨ ਦੀ ਥਾਂ, ਜ਼ਬਾਨੀ-ਕਲਾਮੀ ਜਾਂ ਸਿਧਾਂਤਕ ਗੱਲਾਂ ਕਰਨ ਤਕ ਹੀ ਸੀਮਤ ਰਹੀ। ਇਸੇ ਹੀ ਲੇਖ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਉਸ ਨੇ ਆਪਣੇ ਤੇ ਆਪਣੇ ਪਰਿਵਾਰ ਦੇ ਧਰਮ ਨੂੰ ਆਪਣੇ 'ਕੰਮ' ਦੇ ਰਾਹ ਵਿਚ ਅੜਿੱਕਾ ਪਾਉਣ ਦੀ ਖੁੱਲ੍ਹ ਨਹੀਂ ਦਿੱਤੀ ਸੀ। ਇਸ ਲੇਖ ਵਿਚ ਸੰਨੀ ਹੌਂਡਾ ਵੱਲੋਂ ਕਹੀ ਹੋਈ ਇਕ ਗੱਲ, ਹੂ-ਬ-ਹੂ ਦਰਜ ਕੀਤੀ ਹੋਈ ਸੀ, ਜੋ ਇਸ ਤਰ੍ਹਾਂ ਸੀ: "ਇਸ ਇੰਡਸਟਰੀ ਵਿਚ ਕੰਮ ਕਰਨ ਵਾ.ਲੀਆਂ ਕੁੜੀਆਂ ਤਾਂ ਕੱਲ੍ਹ-ਕਲੋਤਰ ਨੂੰ ਇਹ ਵੀ ਕਹਿ ਸਕਦੀਆਂ ਹਨ ਕਿ ਉਨ੍ਹਾਂ ਨੂੰ ਰੱਬ ਦੇ ਦਰਸ਼ਨ ਹੋ ਗਏ ਹਨ, ਜਦੋਂ ਕਿ ਅਸਲੀਅਤ ਇਹ ਹੈ ਕਿ ਅਜਿਹਾ ਕੋਈ ਪਲ ਨਹੀਂ ਹੁੰਦਾ ਜਦੋਂ 'ਵਾਹਿਗੁਰੂ ਜੀ' ਤੁਹਾਡੇ 'ਅੰਗ-ਸੰਗ' ਨਹੀਂ ਹੁੰਦੇ।"

2010 ਵਿਚ ਸੰਨੀ ਵੱਲੋਂ ਦਿੱਤੇ ਹੋਏ ਇਕ ਇੰਟਰਵਿਊ ਵਿਚ, ਉਸ ਨੇ ਇਹ ਗੱਲ ਕਹੀ ਹੋਈ ਹੈ, "ਸਿੱਖ ਧਰਮ, ਸੰਗਤ ਆਧਾਰਤ ਧਰਮ ਹੈ। ਤੁਸੀਂ ਕਿਸੇ ਗੁਰੂ-ਘਰ ਵਿਚ ਦਾਖ਼ਲ ਹੋਵੋ, ਤੁਹਾਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ, ਪਰ ਸਿੱਖ ਧਰਮ ਤਾਂ ਕੀ, ਕੋਈ ਵੀ ਧਰਮ ਇਸ ਗੱਲ ਦੀ ਇਜਾਜ਼ਤ ਨਹੀਂ ਦੇਵੇਗਾ ਕਿ ਉਸ ਦਾ ਕੋਈ ਸ਼ਰਧਾਲੂ 'ਅਡੱਲਟ ਮੈਟੀਰੀਅਲ' ਛਾਪੇ ਜਾਂ ਉਸ ਦਾ ਕਾਰੋਬਾਰ ਕਰੇ। ਮੈਂ ਬਚਪਨ ਤੋਂ ਹਰ ਐਤਵਾਰ ਨੂੰ ਗੁਰਦੁਆਰੇ ਜਾਂਦਿਆਂ ਵੱਡੀ ਹੋਈ ਹਾਂ। ਜਦੋਂ ਮੇਰੇ ਮਾਪਿਆਂ ਨੂੰ ਮੇਰੇ 'ਕੰਮ-ਕਾਰ' ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਮੈਂ 'ਆਜ਼ਾਦ ਖ਼ਿਆਲਾਂ ਵਾ.ਲੀ' ਹਾਂ। ਜੇ ਫਿਰ ਵੀ ਉਹ ਮੈਨੂੰ, ਮੇਰਾ 'ਧੰਦਾ' ਛੱਡਣ ਲਈ ਜਾਂ 'ਸਿੱਧੇ ਰਾਹ' ਪੈਣ ਲਈ ਮਜਬੂਰ ਕਰਦੇ ਤਾਂ ਉਹ, ਆਪਣੀ 'ਧੀ ਤੋਂ ਹੱਥ ਧੋ ਬੈਠਦੇ।' ਮੈਂ ਜੋ ਵੀ ਠੀਕ ਸਮਝਦੀ ਹਾਂ, ਉਹੀ ਕੁੱਝ ਕਰਦੀ ਹਾਂ। ਮੈਂ ਇਹ 'ਲਾਈਨ', ਕੁੱਝ ਵੀ ਸੋਚ-ਵਿਚਾਰ ਕੇ ਅਖ਼ਤਿਆਰ ਨਹੀਂ ਕੀਤੀ। ਮੈਂ ਸਹਿਜ-ਸੁਭਾਅ ਹੀ ਇਸ 'ਕੰਮ' ਵਿਚ ਪੈ ਗਈ ਤੇ ਮੇਰਾ ਕੰਮ ਤੇ ਕਾਰੋਬਾਰ ਫੈਲਦਾ ਤੇ ਫੈਲਦਾ ਹੀ ਗਿਆ।"

ਇਸ ਤੋਂ ਅੱਗੇ ਦਾਨਿਸ਼ ਨੇ ਉਹ ਖ਼ਬਰਾਂ ਵੀ ਪੜ੍ਹੀਆਂ, ਜਿਨ੍ਹਾਂ ਵਿਚ ਇਹ ਤਾਂ ਲਿਖਿਆ ਹੋਇਆ ਸੀ ਕਿ ਸੰਨੀ ਅਤੇ ਉਸ ਦੇ ਪਤੀ ਨੇ ਕੁੱਝ ਬੱਚੇ ਗੋਦ ਲਏ ਹਨ, ਪਰ ਇਨ੍ਹਾਂ ਖ਼ਬਰਾਂ ਵਿਚ, ਬੱਚੇ ਗੋਦ ਲੈਣ ਦੀ ਜਾਂ ਆਪ ਬੱਚੇ ਪੈਦਾ ਨਾ ਕਰਨ ਦੀ ਕੋਈ ਵਜ੍ਹਾ ਨਹੀਂ ਲਿਖੀ ਹੋਈ ਸੀ। ਇਹ ਗੱਲ ਦਾਨਿਸ਼ ਨੂੰ ਹੋਰ ਵੀ ਹੈਰਾਨ ਕਰ ਰਹੀ ਸੀ ਕਿ ਇੰਨੇ ਇੰਟਰਵਿਊ ਦੇ ਚੁੱਕੀ ਸੰਨੀ ਤੋਂ ਕਿਸੇ ਨੇ ਇਸ ਸਬੰਧੀ ਕੋਈ ਸੁਆਲ ਕਿਉਂ ਨਹੀਂ ਪੁੱਛਿਆ ਸੀ। ਉਸ ਬਾਰੇ ਬਣੀਆਂ ਹੋਈਆਂ ਦਸਤਾਵੇਜ਼ੀ ਫ਼ਿਲਮਾਂ ਵੀ ਇਸ ਸਬੰਧ ਵਿਚ ਚੁੱਪ ਸਨ, ਪਰ ਕਿਉਂ, ਇਸ ਦਾ ਕਿਸੇ ਨੂੰ ਕੋਈ ਇਲਮ ਨਹੀਂ।

ਇਨ੍ਹਾਂ ਖ਼ਬਰਾਂ ਅਨੁਸਾਰ, ਸਾਲ 2017 ਦੇ ਜੁਲਾਈ ਮਹੀਨੇ, ਸੰਨੀ ਤੇ ਉਸ ਦੇ ਪਤੀ ਨੇ ਮਹਾਰਾਸ਼ਟਰ ਵਿਚ ਲਾਤੂਰ ਤੋਂ ਇਕ ਬੱਚੀ ਗੋਦ ਲਈ ਸੀ। ਉਸ ਸਮੇਂ, 21 ਮਹੀਨਿਆਂ ਦੀ ਉਮਰ ਦੀ ਇਸ ਬੱਚੀ ਦਾ ਨਾਂ ਉਨ੍ਹਾਂ ਨੇ 'ਨਿਸ਼ਾ ਕੌਰ' ਰੱਖਿਆ। ਫਿਰ 4 ਮਾਰਚ 2018 ਨੂੰ ਸੰਨੀ ਤੇ ਉਸ ਦੇ ਪਤੀ ਨੇ ਇਹ ਐਲਾਨ ਕੀਤਾ ਕਿ ਉਨ੍ਹਾਂ ਨੇ 'ਸਰੋਗੇਸੀ' ਵਿਧੀ ਰਾਹੀਂ ਯਾਨੀ 'ਕੁੱਖ ਕਿਰਾਏ 'ਤੇ ਲੈ ਕੇ' ਦੋ ਜੌੜੇ ਮੁੰਡਿਆਂ 'ਅਸ਼ਰ ਸਿੰਘ' ਅਤੇ 'ਨੋਆਹ ਸਿੰਘ' ਨੂੰ ਜਨਮ ਦਿੱਤਾ ਹੈ।

ਇੰਨੀ ਖ਼ਬਰ ਪੜ੍ਹ ਕੇ ਦਾਨਿਸ਼ ਸੋਚਣ ਲੱਗ ਪਿਆ ਕਿ 'ਸਰੋਗੇਸੀ' ਵਿਧੀ ਜਾਂ 'ਕੁੱਖ ਕਿਰਾਏ 'ਤੇ ਲੈਣ' ਦਾ ਢੰਗ ਤਾਂ ਉਹੀ ਲੋਕ ਅਪਣਾਉਂਦੇ ਹਨ, ਜੋ ਆਪ ਬੱਚੇ ਪੈਦਾ ਕਰਨ ਦੇ ਸਮਰੱਥ ਨਹੀਂ ਹੁੰਦੇ।

***⇒ ਬਾਕੀ ਅਗਲੇ ਅੰਕ ਵਿੱਚ***

PAO
www.paochicago.org

# Punjabi American Organization

PAO is a non-profit 501(c)(3)

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 21ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela

## ਤੀਆਂ ਦਾ ਮੇਲਾ

Ladies Only

General admission is free, require registration through QR code.

Reserved seats are for sponsors and VIPs. Can be purchased individualy for $100 EA

**July 20th, 2025**

**Sunday** - *12:00PM to 4:00PM*

Ashiana Banquet Hall

1620 75th Street, Downers Grove, IL 60516

Singer



Rupinder Handa
(Kali Activa Fame)

Special Attraction
Bebe Punjaban

Please Join us and enjoy

Giddha, Dholki, Singing, Dancing, Mehndi, Shopping and Food

## Chief Guest



Dr. Darshan Singh Dhaliwal
& Debra Dhaliwal


## Guest of honor




JP Khaira

## Gold Sponsors

Raj Dhaliwal
Bhupinder Singh Dhaliwal



SUGA
BUILDERS & CONSTRUCTION
COMMERCIAL & RESIDENTIAL
LICENSED • BONDED • INSURED
JASBIR SUGA
708.715.1734
630.995.3333
info@sugabuilders.com
WWW.SUGABUILDERS.COM



## Grand Sponsors:

Jodi Bhamra &
Mac Bhamra

For General inquiries & Sponsors

Jasmeet K. Suga *(President)*
630-673-6300
Sukhi Singh
847-917-3664
Minni Multani
630-935-5239
Naiha Walia
847-687-9074
Rajinder K. Mago
630-890-1362
Naina Singh
847-828-9412
Amrita Dandona
Sheetal Kalra
630-442-3334
Rosie Rehal
630-699-8555
Shaloo Chhabra
813-317-6815
Prabh Khaira
630-267-2107
Kamal Hunjan
630-673-5156
Gurpreet Singh
630-677-6144
Pammi Sangha
630-965-2930
Jeewan Dhami
847-409-4675
Joti Khaira
630-346-7472
Pinki Walia
847-999-8720

Managing Directors:
Gulzar Singh Multani
Paul Dandona
Sukhwinder S. Hunjan
Jagmeet (Jesse) Singh
Jasbir Suga
Dr. Harjinder S. Khaira
Savi Singh Attal
Devinder Singh

PROFESSIONAL HEALTHCARE LAB, INC



# ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

"Volunteers and new members needed. High school volunteers will get community service hours"

Design by Kuljeet Dyalpuri